ਪੁਨਾ ਓਹੁ ਸਤਸੰਗ ਕਰਨਾ ਭਲਾ ਹੈ ਜੋ ਜਿਸ ਮੈ ਕੇਵਲ ਜੀਵਣੇ ਦਾ ਬੀਚਾਰ ਹੋਵੈ) ਭਾਵ ਜਿਸ ਸੰਗਤ ਕਰਨੇ ਸੇ ਜਨਮ ਮਰਨ ਛੂਟ ਜਾਵੈ ॥ ੨ ॥ ੨੩ ॥

ਓਹ, ਮਿਲਬੈਠਨਾ ਚੰਗਾ, ਵਾਸਤੇ, ਯਾਦਗੀਰੀ ਉਸ ਵਾਹਿਗੁਰੂ ਕੇ

**ਮੂ: ॥ ਆਂ ਹਜ਼ਮੇ ਖੁਸ਼ ਕਿ ਬਹਿਰੇ ਯਾਦਿ ਓਸਤ ॥**

ਓਹ, ਮਿਲਬੈਠਨਾ ਚੰਗਾ, ਸਚੇ ਸਾਥ,

**ਆਂ ਹਜ਼ੂਮੇ ਖੁਸ਼ ਕਿ ਹਕ ਬੁਨੀਯਾਦਿ ਓਸਤ ॥**

ਜਿਸਤ ਉਸਸ ਤੇ ਸਾਥ ਬੁਨੀਜੜ ਭਾਵ ਬ੍ਰਿਤੀ

**ਟੀ:**—ਓਹੁ ਮਿਲਬੈਠਣਾ ਚੰਗਾ ਹੈ ਜੋ ਵਾਸਤੇ ਉਸ ਵਾਹਿਗੁਰੂ ਕੀ ਯਾਦਗੀਰੀ ਕੇ ਹੋਵੈ ਭਾਵ ਜਿਥੇ ਹਰੀ ਕੇ ਪਰਉਪਕਾਰ ਸੁਨੈ ਸੁਨਾਵੈ ਅਰੁ ਭੂਲੈ ਨਹੀਂ ॥ ੧ ॥ ਪੁਨਾ ਓਹੁ ਸਤਸੰਗ ਕਰਨਾ ਅਛਾ ਹੈ ਜੋ ਜਿਥੇ ਬੈਠਨੇ ਕਰ ਉਸ ਸਚੇ ਸਾਥ ਜੜ ਲਗ ਜਾਵੈ । ਭਾਵ ਵਾਹਿਗੁਰੂ ਸਾਥ ਬ੍ਰਿਤੀ ਜੁੜ ਜਾਵੈ ਜਿਸ ਕਰ ਦੋਨੋ ਲੋਕਾਂ ਮੈਂ ਸੁਖ ਪ੍ਰਾਪਤਿ ਹੋਵੈ ਹੈ ॥ ੨ ॥ ੨੪ ॥ ਪ੍ਰਸਨ ॥ ਸਤਸੰਗ ਕਰਨੇ ਕਾ ਲਾਭ ਜੈਸੇ ਆਪ ਨੇ ਕਹਿਯਾ ਹੈ ਐਸੇ ਕੁਸੰਗ ਕਾ ਭੀ ਵਰਨਨ ਕਰੀਏ ਜੋ ਕੁਸੰਗ ਕਿਸ ਨੂ ਕਹਿੰਦੇ ਹੈਂ ਅਰੁ ਤਿਸਮੈ ਕਿਆ ਫਲ ਮਿਲਤਾ ਹੈ ਉਤ੍ਰ ॥

ਓਹ ਮਿਲਬੈਠਨਾ ਬਦਨਾਮ ਬੁਰਾ ਕੇ ਜੋ ਜਿਸਮੈ ਸੈਤਾਨੀ ਕੰਮ ਬਵੰਦ ਨਾਮ ਹੋਵੇ

**ਮੂ: ਆਂ ਹਜ਼ੂਮੇ ਬਦ ਕਿ ਸ਼ੈਤਾਨੀ ਬਵੰਦ ॥**

**ਆਕਿਬਤ ਅਜ਼ ਵੈ ਪਸ਼ੇਮਾਨੀ ਬਵੰਦ ॥**

ਓੜਕ ਨੂੰ, ਉਨਾ ਕਰਮਾਂ ਸੇ ਪਸ਼ੇਮਾਨੀ ਨਾਮ ਸਰਮਿੰਦਗੀ ਬਵੰਦ ਨਾਮ ਹੋਤੀ ਹੈ ॥

**ਟੀਕਾ**—ਓਹ ਮਿਲ ਬੈਠਨਾ ਬੁਰਾ ਹੈ ਜੋ ਜਿਸ ਮੈ ਸੈਤਾਨੀ ਕੰਮ ਹੋਵੈਂ ਭਾਵ ਕਾਮ ਆਦੀ ਕੀ ਉਤਪਤੀ ਵਾਸਤੇ ਮਾਂਸ ਸ਼ਰਾਬ ਖਾਨਾ ਪੀਨਾ ਤੇ ਚੋਰੀ ਯਾਰੀ ਦੀਆਂ ਸਲਾਵਾਂ ਹੋਵੈ ਤੇ ਪਰੇਰੈਂ ਇਨਾਂ ਵਲ ਐਸੇ ਕਰਮਾਂ ਵਾਲਜਾਂ ਪਾਸ ਬੈਠਨਾ ਬੁਰਾ ਹੈ ॥ ੧ ॥ ਕਿਉਂਜੋ ਓੜਕ ਨੂ ਉਨਾਂ ਕਰਮਾਂ ਕੇ ਕਰਨੇ ਸੇ ਸਰਮਿੰਦਗੀ ਹੋਤੀ ਹੈ । ਭਾਵ ਖਾਨੇ ਪੀਨੇ ਭੋਗਨੇ ਤੇ ਪਸਚਾਤ ਪਹਿਲੇ ਤੋ ਪ੍ਰਤਖ ਰੋਗ ਹੋਜਾਤੇ ਹੈਂ ਪੁਨਾ ਲੋਕੋਂ ਮੈਂ ਸਰਮਿੰਦਗੀ ਹੋਤੀ ਹੈ ਤੇ ਹਾਕਮ ਸਜਾਂ ਦੇਤੇ ਹੈਂ ਅਰੁ ਮਰਨੇ ਤੇ ਪਸਚਾਤ ਜਬ ਧਰਮ ਪੁਰੀ ਮੈਂ ਜਾਤਾ ਹੈ ਤਬ ਜਮਰਾਜ ਪੂਛਤਾ ਹੈ ਜੋ ਤੈ ਏਹੁ ਖੋਟੇ ਕੰਮ ਕੀਤੇ ਹਨ ਹੈ ਭਾਈ ਹਰੀ ਨਾਮ ਕੋ ਛੋਡਕੇ ਏਕੁਕਰਮ ਤੈ ਕਿਉਂ ਕੀਤੇ ਹੈਂ ਤਬ ਸੁਨਕੈ ਲਜਆਵਾਨ ਹੋਤਾ ਹੈ ਅਰੁ ਉਨ ਕੀਏ ਕਰਮਾਂ ਕਾ ਫਲ ਦੁਖ ਭੋਗਤਾ ਹੈ ॥ ੨ ॥ ੨੫ ॥ ਪ੍ਰਸ਼ਨ ॥ ਆਪਨੇ ਤੋ ਇਨ ਕਰਮੋਂ ਕੋ ਬੁਰਾ ਕਹਾ ਹੈ ਪਰੰਤੂ ਪ੍ਰਤਖ ਤੋ ਇਨ ਮੈਂ ਆਨੰਦ ਤਾ ਦੇਖੀਤਾ ਹੈ ਅਰੁ ਇਨਕੇ ਸਾਧਨ ਪ੍ਰਗਟ ਕਰਦੇ ਦੇਖੀਤੇ ਹੈ ਜੇਕਰ ਬੁਰੇ

Digitized by Panjab Digital Library | www.panjabdigilib.org

ਹੈਂ ਤਾਂ ਇਨਾਂ ਤੇ ਬਚਨਾਂ ਕੈਸੇ ਹੋਵੇ ਹੈ ॥ ਉਤ੍ਰ॥

**ਮੂ: ਈਂ ਜਹਾਨੋ ਵਾ ਜਹਾਂ ਅਫਸਾਨ ਏਸਤ।**
**ਈਂ ਵਾਆਂ ਅਜ਼ ਖੋਸ਼ਏ ਅਸ ਦਾਨ ਏਸਤ।**

**ਟੀਕਾ**—ਏ ਮਾਤ ਲੋਕ ਅਰੁ ਓਹੁ ਸੁਰਗ ਲੋਕ ਦੋਨੋ ਕਹਣੇ ਮਾਤ੍ਰ ਹੀ ਹੈ ਭਾਵ ਵਾਸਤਵ ਤੇ ਮਿਥਯਾ ਹੈ ਅਰ ਇਨ ਮੈ ਸੁਖ ਭੀ ਕਹਿਣੇ ਮਾਤ੍ਰ ਹੀ ਹੈ ਵਾਸਤਵ ਤੇ ਅਨਿਸਥਰ ਹੈ ॥ ੧ ॥ ਪ੍ਰਸ਼ਨ ॥ ਏ ਦੋਨੋ ਲੋਕ ਪ੍ਰਤਖ ਦੇਖੀਤੇ ਹੈਂ ਅਰੁ ਆਪਨੇ ਇਨ ਕੋ ਕਿਸ ਰੀਤੀ ਸੇ ਕਹਿਣੇ ਮਾਤ੍ਰ ਕਹਾ ਹੈ ॥ ਉਤ੍ਰ ॥ ਏ ਲੋਕ ਅਰੁ ਓਹੁ ਲੋਕ ਮਾਯਾ ਰੂਪੀ ਸਿਟੇ ਦੇ ਇਕ ਦਾਣੇ ਸੇ ਬਣੇ ਹੈ। ਭਾਵ ਮਾਯਾ ਦੀ ਇਕ ਅੰਸ ਸੇ ਦੋਨੋ ਲੋਕ ਬਣੇ ਹੈਂ ਸੋ ਜਬ ਬਿਚਾਰ ਕਰੀਏ ਤਾਂ ਏਹ ਮਾਯਾ ਜੜ ਰੂਪ ਹੈ ਅਰ ਨਾਸ ਹੋਨੇ ਵਾਲੀ ਹੈ ਜਬ ਮਾਯਾ ਹੀ ਅਸਤ ਰੂਪ ਹੈ ਤਾਂ ਤਿਸਦਾ ਕਾਰਜ ਸੰਸਾਰ ਕਹਾਂ ਸਤ ਹੋ ਸਕਤਾ ਹੈ ਜਬ ਸੰਸਾਰ ਝੂਠਾ ਹੂਆ ਤਾਂ ਤਿਸਦੇ ਭੋਗ ਕਹਾਂ ਸੁਖਰੂਪ ਹੋਵੈਂਗੇ ਸਿਧਾਂਤ ਅਨਿਸਥਰ ਭੋਗਾਂ ਮੇ ਜੋ ਸੁਖ ਮਾਨਤਾ ਹੈ ਅੰਤ ਕੋ ਉਨ ਕੇ ਵਿਛੋੜੇ ਸੇਂ ਦੁਖ ਹੋਤਾ ਹੈ ਇਸਤੇ ਏ ਕਰਮ ਬੁਰੇ ਹੈਂ ਪੁਨਾ ਇਸ ਪ੍ਰਕਾਰ ਬਿਚਾਰ ਕਰਨੇ ਸੇ ਜੋ ਇਨਾਂ ਪਦਾਰਥਾਂ ਕੇ ਸੁਖ ਖਿਣ ਭੰਗਰ ਹੈ ਤਾਂ ਬਚਨਾ ਹੋਤਾ ਹੈ ਅਰੁ ਜੋ ਸਤ ਰੂਪ ਵਸਤੂ ਹੋਵੇ ਓਹੁ ਸੁਖ ਰੂਪ ਹੋਤੀ ਹੈ ਉਸ ਸੇ ਪਰੇਮ ਕਰੀਏ ਜਿਸਕਰ ਸਦਾ ਆਨੰਦ ਬਨਾ ਰਹੇ ॥ ੨ ॥ ੨੬ ॥ ਪ੍ਰਸਨ ਓਹੁ ਸਤਰੂਪ ਵਸਤੂ ਕੇੜੀ ਹੈ ਓਹ ਕਹੀਏ ਜਿਸ ਕੋ ਜਾਨ ਕੇ ਪਰੇਮ ਕਰੈਂ ॥ਉਤ੍ਰ॥

**ਮੂ: ॥ ਈਂ ਜਹਾਨੋ ਵਾ ਜਹਾਂ ਕੁਰਬਾਨ ਹਕ ॥**
**ਔਲੀਆ ੳ ਅੰਬੀਆ ਹੈਰਾਨ ਹਕ ॥**

**ਟੀਕਾ**—ਓਹ ਸਤਰੂਪ ਵਸਤੂ ਸਚਾ ਵਾਹਿਗੁਰੂ ਹੈ ॥ ਏਸ ਲੋਕ ਦੇ ਜੀਵ ਅਰੁ ਉਸ ਲੋਕ ਦੇ ਜੀਵ ਸਚੇ ਵਾਹਿਗੁਰੂ ਤੋਂ ਕੁਰਬਾਨ ਹੋ ਰਹੇ ਹੈਂ ਅਰੁ ਦੋਨੋ ਲੋਕਾਂ ਦੇ ਪਦਾਰਥ ਸਚੇ ਤੋਂ ਵਾਰਨੇ ੨ ਕਰਤੇ ਹੈਂ ॥ ੧ ॥ ਪੁਨਾ ਇਤ੍ਰ ਜੀਵਾਂ ਕੀ ਕਿਆ ਬਾਤ ਹੈ ਜੋ ਦੋਨੋ ਲੋਕਾਂ ਕੇ ਸੰਤ ਅਰੁ ਔਤਾਰ ਸਚੇ ਦੀ ਕੁਦਰਤਿ ਦੇਖ ੨ ਕੇ ਅਸਚਰਜ ਹੋ ਰਹੇ ਹੈਂ। ਭਾਵ ਜਬ ਉਨ ਸੇ ਆਦ ਅੰਤ ਕੁਛ ਨਾ ਜਾਣਿਆ ਗਿਆ ਤਬ ਓੜਕ ਏਹ ਬਿਚਾਰ ਕੈ ਕਹਾ ਜੋ ਸਚੇ ਦਾ ਭੇਦ ਕੁਛ ਨਹੀਂ ਜਾਨਾ ਜਾਤਾ ਤਾਂਤੇ ਸਚੇ ਦਾ ਨਾਮ ਜਪਨਾ ਹੀ ਠੀਕ ਹੈ ॥ ੨ ॥ ੨੭

Digitized by Panjab Digital Library | www.panjabdigilib.org

ਮੂ: ਹਰਕਿ ਦਰ ਯਾਦੇ ਖ਼ੁਦਾ ਦਾਇਮ ਬਵੱਦ ॥
ਬਾ ਖ਼ੁਦਾ ਕਾਇਮ ਬਵੱਦ ਕਾਇਮ ਬਵੱਦ ॥

**ਟੀਕਾ**-ਹੇ ਭਾਈ ਐਸੇ ਨਿਸਚੈ ਕਰਕੇ ਜੋ ਕੋਈ ਵਾਹਿਗੁਰੂ ਕੀ ਭਗਤੀ ਵਿਖੇ ਹਮੇਸ਼ਾਂ ਇਸਥਿਤ ਹੂਆ ਹੈ ॥ ੧ ॥ ਓਹੁ ਸਾਥ ਵਾਹਿਗੁਰੂ ਦੇ ਕਾਇਮ ਹੂਅ ਹੈ॥੨॥ਭਾਵਅਭੇਦਹੂਆ ਹੈ ॥੨॥੨੮॥ ਆਪਨੇ ਜੋ ਕਹਾ ਕੇਭਗਤੀ ਵਾਲਾ ਹਰੀ ਸਾਥ ਅਭੇਦ ਹੋਤਾ ਹੈ ਅਰੁ ਹੂਆ ਹੈ ਏ ਤੋ ਨਿਸਚਤ ਹੂਆ ਪ੍ਰੰਤੂ ਇਸ ਸੰਸਾਰ ਕੀ ਉਤਪਤੀ ਕਿਸ ਸੇ ਮਾਨੇ ਮਾਯਾ ਤੋ ਜੜ ਰੂਪ ਆਪਨੇ ਕਹੀ ਹੈ ਉਤ੍ਰ ॥

ਮੂ: ॥ ਈਂ ਦੁ ਆਲਮ ਜ਼ਰਏ ਅਜ਼ਨੂਰ ਓਸਤ ॥
ਮਿਹਰ ਮਹਿ ਮਸਅਲ਼ ਕਸੇ ਮਜ਼ਦੂਰ ਓਸਤ ॥

**ਟੀਕਾ**-ਹੇ ਭਾਈ ਏਹ ਦੋਨੋ ਲੋਕ ਉਸ ਵਾਹਿਗੁਰੂ ਕੇ ਰੰਚਕ [illegible] ਚੇਤਨ ਸਰੂਪ ਸੇ ਪ੍ਰਗਟ ਹੁਏ ਹੈਂ ( ਭਾਵ ਮਾਯਾ ਆਪਣੇ ਆਪ [illegible] ਜੜ ਹੈ ਚੇਤਨ ਕੀ ਸਤਯਾ ਪਾ ਕਰ ਸੰਸਾਰ ਕੋ ਰਚਤੀ ਹੈ ਇਸ ਤੇ ਚੇਤਨ [illegible] ਸ੍ਰੂਪ ਸੇ ਜਗਤ ਕਹਾ ਹੈ ॥ ੩॥ਪ੍ਰਸਨ ਜਬ ਚੇਤਨ ਸ੍ਰੂਪ ਸੇ ਸੰਸਾਰ ਪ੍ਰਗਟ [illegible] ਹੂਆ ਤੌਬ ਚੇਤਨ ਸ੍ਰੂਪ ਕਾ ਹੀ ਜਗਤ ਮੈ ਪ੍ਰਕਾਸ ਹੋਨਾ [illegible] ਪਾਇ ਅਰੁ ਸਭ ਲੋਕ ਅਰੁ ਗ੍ਰੰਥ ਏਹ ਕਹਿਤੇ ਹੈ ਜੋ ਚੰਦ ਸੂਰਜ [illegible] ਜਗ ਮੈ ਪ੍ਰਕਾਸ ਕਰਤੇ ਹੈਂ ਇਸਤੇ ਏਹੀ ਈਸ਼੍ਰ ਹੈ ॥ਉਤ੍ਰ ॥ ਭਾਈ ਸੂਰਜ ਅਰੁ ਚੰਦ੍ਰਮਾਂ ਭੇ ਜੋ ਪ੍ਰਕਾਸ ਕਰਤੇ ਦੇਖੀਦੇ ਹੈ ਏਹ ਦੋਨੋਂ ਪ੍ਰਕਾਸਤਾ ਰੂਪੀ ਮਸਾਲਾਂ ਦੇ ਪਕੜਨੇ ਵਾਲੇ ਨੌਕਰ ਮਜ਼ੂਰ ਉਸ ਰਖਕ ਵਾਹਿਗੁਰੂ ਕੇ ਹੈ । ਭਾਵ ਵਾਹਿਗੁਰੂ ਕੇ ਪ੍ਰਕਾਸ ਸੇ ਪ੍ਰਕਾਸਤੇ ਹੈਂ ਆਪਣੇ ਆਪ ਜੜ ਹੈ ਇਸ ਤੇ ਏਹ ਈਸ਼੍ਰ ਨਹੀਂ ਪ੍ਰਮਾਨ ਸਭ ਮੈ ਜੋਤਿ ਜੋਤਿ ਹੈ ਸੋਇ ॥ ਤਿਸਦੇ ਚਾਨਣੇ ਸਭ ਮੈ ਚਾਨਣ ਹੋਇ ॥ ਧਨਾਸਰੀ ਮ: ੧ ॥ ਅਰੁਕਹਿਣੇ ਵਾਲਯੋ ਨੇ ਜੋ ਕਹਾ ਹੈ ਸੋ ਬਾਹਜ ਮੁਖ ਦ੍ਰਿਸਟੀ ਸੋਂ ਕਹਾ ਹੈ ॥ ੨ ॥ ੨੯ ॥ ਪਿਛੇ ਜੋ ਪ੍ਰਸਨ ਕੀਆ ਸੀ ਕੇ ਮਾਯਾ ਦੀ ਉਪਲਭਦੀ ਭੀ ਚਾਹੀਏ ਸਰੂਰ ੨ ਤਿਸਕਾ ॥ ਉਤ੍ਰ ॥

ਮੂ: ਹਾਸ਼ਲੇ ਦੁਨੀਆਂ ਹਮੀ ਦਰਦੇ ਸਰ ਅਸਤ ॥
ਹਰਕਿ ਗ਼ਾਫ਼ਲ ਸ਼ੁਦ ਜ਼ਿ ਹਕ ਗਾਵੇ ਖਰ ਅਸਤ ॥

Digitized by Panjab Digital Library | www.panjabdigilib.org

**ਟੀਕਾ**–ਵਾਹਿਗੁਰੂ ਨੂੰ ਭੁਲਾ ਕੇ ਜੋ ਪ੍ਰਾਪਤੀ ਮਾਯਾ ਦੀ ਕਰਨੀ ਹੈ ਏਹ ਨਿਸਰੇ ਪੀੜਾ (ਸਿਰਦੀ ਹੈ) ਭਾਵ ਮਾਯਾ ਮੈ ਖਰਤ ਹੋਨੇ ਸੇ ਦੋਨੋ ਲੋਕਾਂ ਮੈ ਦੁਖ ਪ੍ਰਾਪਤਿ ਹੋਤੇ ਹੈਂ ਯਦਪ ਦੇਖਨੈ ਮਾਤ੍ਰ ਵਿਹਾਰ ਮੈ ਸੁਖ ਦਿਖਾਵਤੀ ਹੈ ਪ੍ਰੰਤੂ ਨਾਮ ਕੋ ਤਯਾਗ ਕੈ ਮਾਯਕ ਸੁਖੋਂ ਮੈ ਖਚਤ ਹੋਨੇ ਤੇ ਆਤਮਕ ਸੁਖ ਕਭੀ ਨਹੀਂ ਹੋਤਾ॥੧॥ ਤਾਂਤੇ ਜੋ ਕੋਈ ਮਾਯਕ ਸੁਖੋ ਮੈ ਲਗਕਰ ਪ੍ਰਮਾਦੀ ਹੂਆ ਹੈ ਅਰੁ ਵਾਹਿਗੁਰੂ ਕੇ ਨਾਮ ਤੇ ਓਹੁ ਬੈਲ ਹੈ ਪੁਨਾ ਗਧਾ ਕਹੀਦਾ ਹੈ। ਭਾਵ ਜੈਸੇ ਪਸੂ ਕੋ ਖਾਨੇ ਪੀਨੇ ਕੀ ਅਰੁ ਵਿਸੇ ਕੀ ਗਯਾਤ ਹੋਤੀ ਹੈ ਅਰੁ ਪ੍ਰਮੇਸ੍ਰ ਕੇ ਜਾਨਨੇ ਕੀ ਗਯਾਤ ਨਹੀਂ ਹੋਤੀ ਤੈਸੇ ਮਾਯਕ ਸੁਖ ਭੋਗਨੇ ਵਾਲਯੋਂ ਕੋ ਹਰੀ ਕੀ ਗਯਾਤ ਨਹੀਂ ਹੋਤੀ ਇਸਤੇ ਪਸੂ ਸਮਾਨ ਕਹੇ ਹੈਂ ਪ੍ਰਮਾਨ–ਆਵਨ ਆਇ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ॥ ਗਉੜੀ ਬਾਵਨ ਅਖਰੀ ਮ: ੫ ਸਲੋਕ ॥੨॥੩੦॥ ਪਨਾ ਚੌਥੜਾ ਵਾਸਤੇ॥

**ਮੂਲ॥ ਗਾਫਲਤ ਅਜ਼ ਵੈ ਯਕ ਜ਼ਮਾਂ ਸਦ ਮਰਗਦਾਂ॥**
**ਜ਼ਿੰਦਗੀ ਯਾਦਸਤ ਨਿਜ਼ਦੇ ਆਕਲਾਂ**

**ਟੀਕਾ**–ਪ੍ਰਮਾਦੀ ਹੋਣਾ ਉਸ ਵਾਹਿਗੁਰੂ ਸੇ ਇਕ ਸੁਆਸ ਮਾਤ੍ਰ ਭੀ ਸੌ ਮੌਤਾਂ ਜਾਣ) ਭਾਵ ਗਾਫਲ ਪੁਰਸ਼ ਪਨਾ ੨ ਸੈਕੜੇ ਵੇਰੀ ਜਨਮਤਾ ਮਰਤਾ ਹੈ ਤਾਂਤੇ ਭੁਲਣੀ ਕਰੀਏ॥੧॥ ਸੋ ਜੀਵਣ ਹੂੰਪ ਭੁਗਤੀ ਪਾਸ ਅਕਲਮੰਦਾਂ ਹੈ॥ ਭਾਵ ਅਭਯਾਸੀ ਸੰਤਾਂ ਪਾਸੋਂ ਪ੍ਰਾਪਤਿ ਹੋਤੀ ਹੈ॥੨॥੩੧॥ ਸਿਧਾਂਤ॥

**ਮੂਲ॥ ਹਰ ਦਮ ਕਿ ਬੁਗੁਜ਼ਰਦ ਦਰ ਯਾਦਿ ਓ**
**ਬਾਖੁਦਾ ਕਾਇਮ ਬਵੱਦ ਬੁਨੀ ਯਾਦਿ ਓ॥**

**ਟੀਕਾ**–ਜੋ ਜਿਸਕਾ ਹਰ ਇਕ ਸੁਆਸ ਗੁਜਰਦਾ ਹੈ ਉਸਕੀ ਯਾਦ ਬੀਚ ਅੰਦ॥੧॥ ਹੇ ਭਾਈ ਸਾਥ ਵਾਹਿਗੁਰੂ ਕੇ ਕਾਇਮ ਹੋਤੀ ਹੈ ਜੜ ਉਸਕੀ) ਭਾਵ ਉਸ ਜਗਯਾਸੂ ਕਾ ਪ੍ਰਮੇਸ੍ਰ ਮੈ ਅਤੇ ਦ੍ਰਿੜਤਾ ਹੋਤੀ ਹੈ॥੨॥੩੨॥ ਪਿਛੇ ਜੋ ਭਗ[illegible] ਤਿਨ ਪ੍ਰਕਾਰ ਕੀ ਕਹੀ ਹੈ ਉਸ ਮੈ ਸੇ ਏਕ ਤਨ ਦੀ ਭਗਤੀ ਕਾ ਕਰਨਾ ਅ[illegible] ਕਥਨ ਕਰਤੇ ਹੈਂ:

**ਮੂਲ॥ ਹਰ ਸਰੇ ਕੂ ਸਜਦਏ ਸੁਬਹਾਂਨ ਕਰਦ॥**
**ਹਕ ਮਰੋਰਾ ਸਾਹਿਬੇ ਈਮਾਂਨ ਕਰਦ॥**

Digitized by Panjab Digital Library | www.panjabdigilib.org

**ਟੀਕਾ**–ਜੋ ਕੋਈ ਸਿਰਕਰਕੇ ਨਿਮਸਕਾਰ ਸੋ ਭੁਨੀਕ ਅਸਚਰਜ ਵਾਹਿਗੁਰੂ ਨੂੰ ਕਰਦਾ ਹੈ। ਭਾਵ ਗੁਰਾਂ ਨੂੰ ਸੰਤਾ ਨੂੰ ਨਿਮਸਕਾਰ ਕਰਦਾ ਹੈ ॥ ੧ ॥ ਸਚਾ ਵਾਹਿਗੁਰੂ ਨਿਸਚੇ ਕਰਕੇ ਉਸਕੇ ਤਾਂਈਂ ਮਾਲਕ ਧਰਮ ਦਾ ਕਰਦਾ ਹੈ) ਭਾਵ ਧਰਮ ਉਸਦਾਂ ਸਫਲਾ ਕਰਦਾ ਹੈ ਤਿਸਕਰ ਦੋਨੋ ਲੋਕਾਂ ਦੇ ਸੁਖ ਦੇਂਦਾ ਹੇ ਸੁਰਖੁਰੂ ਹੋਨੇ ਤੇ ॥ ਪ੍ਰਸਨ ਆਪਨੇ ਨਿਮਸਕਾਰ ਕਰਨੇ ਦਾ ਬੜਾ ਫਲ ਕਹਾ ਹੈ ਸੋ ਜੇਕਰ ਨਮਸਕਾਰ ਨਾਂ ਕਰੈ ਤਾਂ ਕਿਆਂ ਦੋਸ ਹੈ ਉਤ੍ਰ ਜੋ ਕੋਈ ਸਿਰ ਕਰਕੇ ਨਿਮਸਕਾਰ ਵਾਹਿਗੁਰੁ ਕੋ ਨਹੀਂ ਕਰਦਾ ॥ ੧ ॥ ਸਚਾ ਪ੍ਰਮੇਸ੍ਰ ਨਿਸਚੇ ਸੇ ਉਸ ਨੂੰ ਮਾਲਕ ਧਰਮ ਦਾ ਨਹੀਂ ਕਰਦਾ) ਭਾਵ ਝੂਠਾ ਤੇ ਹੰਕਾਰੀ ਹੋਨੇ ਤੇ ਚੌਰਾਸੀ ਮੈ ਫੇਰਦਾ ਹੈ ॥ ੨ ॥ ੩੩ ॥ ਪ੍ਰਸਨ ਆਪਨੇ ਸਿਰ ਨਾ ਨਿਵਾਨੇ ਕਾ ਜੋ ਬੜਾਂ ਦੋਸ ਦਿਖਾਯਾ ਹੈ ਇਸ ਮੈ ਕਿਆ ਹੇਤੁ ਹੈ ਸੋ ਕਹੀਏ ॥ ਉਤ੍ਰ ॥

**ਮੂਲ ॥ ਸਰ ਬਰਾਏ ਸਜ਼ਦਹ ਪੈਦਾ ਕਰਦਹ ਅੰਦ ॥**
**ਦਰਦ ਹਰ ਸਰ ਰਾ ਮਦਾਵਾ ਕਰਦਹ ਅੰਦ ॥**

**ਟੀਕਾ**—ਹੇ ਭਾਈ ਸਿਰ ਵਾਸਤੇ ਨਿਮਸਕਾਰਾਂ ਦੇ ਪ੍ਰਗਟ ਕੀਤਾ ਹੈ ॥ ਭਾਵ ਸਭ ਅੰਗ ਭਿਨ ੨ ਕਾਰਜ ਕੋ ਉਤਪਤਿ ਕੀਏਹੈਂ ਤਿਨੋਂ ਮੈਂ ਸਿਰ ਨਮਸਕਾਰ ਕਰਨੇ ਸੇ ਸਫਲਾ ਹੋਤਾ ਹੈ ॥ ੧ ॥ ਪੁਨਾ ਤਮਾਮ ਸਿਰਦੀ ਪੀੜਾਂ ਦਾ ਏਹ ਨਮਸਕਾਰ ਕਰਨੀ ਦਾਰੂ ਪੈਦਾ ਕੀਤਾ ਹੈ) ਭਾਵ ਕੈਸੇ ਭੀ ਕੋਈ ਕਠੋਰ ਚਿਤ ਹੋ ਉਸ ਆਗੇ ਨਿਮਸਕਾਰ ਕਰੀਏ ਤਾਂ ਓਹੁ ਪ੍ਰਸੰਨ ਹੋਕਰ ਨਰਮ ਦਿਲਹੋਜਾਤਾ ਹੈ ਇਸਤਰਾਂ ਸਭ ਬਲਾਂਵਾ ਦਫਾ ਹੋਕਰ ਸੁਖਾਂ ਦੀ ਪ੍ਰਾਪਤੀ ਹੋਤੀ ਹੈ ॥ ਅਰੁ ਨਾਂ ਕਰਨੇ ਸੇ ਦੁਖਾਂ ਕੀ ਪ੍ਰਾਪਤੀ ਹੋਤੀ ਹੈ ॥ ੨ ॥ ੩੪ ॥

**ਮੂਲ ॥ ਪਸ ਤੁਰਾ ਬਾਇਦਕੁਨੀ ਹਰਦਮ ਸਜੂਦ ॥**
**ਗ਼ਾਫਲ ਅਜ਼ਵੈ ਯਕ ਜ਼ਮਾਂ ਆਰਫ ਨਬੂਦ ॥**

**ਟੀਕਾ**—ਐਸਾ ਲਾਭਦਾਇਕ ਜਾਨਕਰ ਫੇਰ ਤੇਰੇ ਤਾਂਈ ਭੀ ਚਾਹੀਦਾ ਹੈ ਹਰ ਵਕਤ ਨਮਸਕਾਰ ਕਰਨੀ ਵਾਹਿਗੁਰੂ ਦੇ ਸੰਤਾਂ ਨੂੰ ਆਤੇ ਜਾਤੇ ਇਸਰੀਤੀ ਅਨਸਾਰ ॥ ੧ ॥ ਪ੍ਰਸਨ ॥ ਆਪਨੇ ਜੋ ਨਮਕਾਰ ਕਰਨੀ ਕਹੀ ਹੈ ਸੋ ਠੀਕ ਹੈ ਪ੍ਰੰਤੂ ਜਗਜਾਸੂ ਕੋ ਤਾਂ ਜਰੂਰ ੨ ਚਾਹੀਏ ਅਰੁ ਜਬ ਜਗਜਾਸਾ ਕਾਲਸੇ ਉਪ੍ਰਵਸਤਾ ਵਾਲਾ ਹੋ ਜਾਇ ਤਬ ਫੇਰ ਕਿਆ ਜਰੂਰਤ ਹੈ ਕਿਉਂ ਜੋ ਸਭ

Digitized by Panjab Digital Library | www.panjabdigilib.org

ਲੋਕ ਉਸਕੋ ਨਮਸਕਾਰਾਂ ਕਰਨੇ ਲਗ ਜਾਤੇ ਹੈਂ ।ਉਤ੍ਰ॥ ਹੇ ਭਾਈ ਉਸ ਪ੍ਰਮੇਸ੍ਰ ਕੀ ਤਰਫ ਅਰੁ ਗੁਰਾਂ ਕੀ ਤੇ ਸੰਤਾਂ ਕੀ ਤਰਫ ਨਮਸਕਾਰ ਕਰਨੇ ਸੇ ਗਯਾਨਵਾਨ ਭੀ ਇਕ ਸੁਆਸ ਮਾਤ੍ਰ (ਗਾਫਲ) ਪ੍ਰਮਾਦੀ ਨਹੀਂ ਹੋਤੇ ਤਾਂਤੇ ਜੇਕਰ ਆਪਨੇ ਆਪਕੋ ਤੂੰ ਗਯਾਨਵਾਨ ਕਹਾਂਵਦਾ ਹੈ ਤਾਂ ਤੂੰ ਭੀ ਪ੍ਰਮਾਦੀ ਨਾ ਹੋਹੁ ॥ ੨ ॥ ੩੫ ॥

ਮੂੰ: ॥ ਹਰਕਿ ਗ਼ਾਫਲ ਸ਼ੁਦ ਚਰਾਂ ਆਕਲ ਬਵਦ ॥
ਹਰਕਿ ਗ਼ਾਫਲ ਗਸ਼ਤ ਓ ਜ਼ਾਹਲ ਬਵੱਦ (ਟੀ:

ਟੀਕਾ—ਹੇ ਭਾਈ ਐਸੇ ਜਾਨ ਬੂਝਕੈ ॥ ਜੋ ਕੋਈ ਗਾਫਲ ਹੂਆ ਹੈ ਗੁਰਾਂ ਸੰਤਾਂ ਸੇ ਓਹੁ ਕਿਆ ਅਕਲ ਵਾਲਾ ਹੈ) ਭਾਵ ਓਹੁ ਗਯਾਨਵਾਨ ਵਿਦਵਾਨ ਨਹੀਂ ਹੈ ॥ ੧ ॥ ਪੁਨਾ ਜੋ ਕੋਈ ਗਾਫਲ ਹੂਆ ਹੈ ਓਹੁ ਹਮਾਰੀ ਸਮਝ ਮੇਂ ਮੂਰਖ ਹੈ ਅਗਯਾਨੀ ਹੈ ॥ ੨ ॥ ੩੬ ॥ ਪ੍ਰਸਨ ਆਪਨੇ ਜੋ ਗਯਾਨਵਾਨ ਕਹੇ ਹੈਂ ਉਨਕਾ ਕੋਈ ਚਿੰਨ ਵਾ ਕਰਤਬ ਕਹੀਏ ਜਿਸ ਕਰ ਹਮ ਭੀ ਜਾਨ ਲੇਵੈਂ ॥ ਉਤ੍ਰ ॥

ਮੂੰ: ॥ ਮਰਦੇ ਆਰਫ ਫਾਰਗ ਅਜ਼ ਚੂਨ ਚਰਾਸਤ ॥
ਹਾਸ਼ਲੇ ਉਮਰਸ਼ ਹਮੀਂ ਯਾਦੇ ਖ਼ੁਦਾਸਤ ਟੀ: ॥

ਟੀਕਾ—ਗਯਾਨਵਾਨ ਪੁਰਸ ਨਿਆਰੇ ਰਹਿਤੇ ਹੈਂ ਸੰਕਲਪਾਂ ਵਿਕਲਪਾਂ ਸੇਂ । ਭਾਵ ਨਿਮਰ ਚਿਤ ਰਹਿਤੇ ਹੈਂ ਅਰੁ ਈਰਖਾ ਬਖੀਲੀ ਕਿਸੇ ਸੇ ਨਹੀਂ ਕਰਤੇ ॥ ੧ ॥ ਪੁਨਾ ਨਫਾ ਇਸ ਜੀਵਣੇ ਦਾ ਉਨਾਂ ਨੇ ਭੀ ਏਹੀ ਜਾਣਿਆ ਹੈ ਜੋ ਯਾਦਗੀਰੀ ਵਾਹਿਗੁਰੂ ਦੀ ਕਰਨੀ ਕਰਾਨੀ ਤੇ ਨਮ੍ਰ ਹੋਣਾ ॥ ੨ ॥ ੩੭ ॥

ਮੂੰ: ॥ ਸਾਹਿਬੇ ਈਂ ਮਾਂ ਹੁਮਾਂ ਬਾਸ਼ਦ ਹੁਮਾਂ ॥
ਕੌਨ ਬਾਸ਼ਦ ਗਾਫਲ ਅਜ਼ ਵੈ ਯਕ ਜ਼ਮਾਂ ॥

ਟੀਕਾ—ਸਿਧਾਂਤ ਮਾਲਕ ਧਰਮ ਦਾ ਓਹੁ ਹੈ ੨ ॥ ਭਾਵ ਓਹੁ ਸਨਮੁਖ ਧਰਮ ਵਾਲਾ ਕਹੀਦਾ ਹੈ ॥ ੧ ॥ ਜੋ ਨਹੀਂ ਹੋਤਾ ਪ੍ਰਮਾਦੀ ਉਸਕੀ ਭਗਤੀ ਸੇ ਇਕ ਸੁਆਸ ਮਾਤ੍ਰ ਭੀ ॥ ੨ ॥ ੩੮ ॥ ਪ੍ਰਮਾਦੀ ਜੀਵਾਂ ਦੇ

Digitized by Panjab Digital Library | www.panjabdigilib.org

ਅਵਸਥਾ ਬੀਚਾਰਕੈ ਭਾਈ ਜੀ ਦੁਖ ਕਾ ਬਚਨ ਸੰਗਤ ਕੋ ਸੁਨਾਤੇ ਹੈਂ ਮਤਾਂ ਭੂਲੇ ਹੋਏ ਸੁਨਕੈ ਸਮਝ ਜਾਵੈ।

**ਮੁਃ ॥ ਕੁਫਰ ਬਾਸ਼ਦ ਅਜ਼ ਖੁਦਾ ਗਾਫਲ ਸ਼ੁਦਨ ॥**
**ਬਰ ਲਿਬਾਸੇ ਦੁਨਜ਼ਵੀ ਮਾਇਲ ਸ਼ੁਦਨ ॥**

ਟੀ:—ਹੇ ਭਾਈਓ ਬਡਾ ਲੋਹੜਾ ਹੈ ਜੋ ਜੀਵਾਂ ਕਾ ਵਾਹਿਗੁਰੂ ਸੇ ਪ੍ਰਮਾਦੀ ਹੋਣਾ ਹੈ। ਭਾਵ ਆਪ ਭੁਲਨਾ ਤੇ ਹੋਰਾਂ ਕੋ ਹਰੀ ਤੇ ਭੁਲਾ ਦੇਣਾ ॥੧॥ ਪੁਨਾ ਹਰੀ ਨੂੰ ਭੁਲਾ ਕਰ ਜੋ ਮਾਯਾ ਦੇ (ਭੇਸ) ਚਮਤਕਾਰ ਖਾਨ ਪਾਨ ਪੈਰਾਨ ਆਦੀ ਸੁਖਾਂ ਕੇ ਉਪਰ ਜੇੜਾ ਮੋਹਤ ਹੋਣਾ ਹੈ ਇਹ ਭੀ ਬਡਾ ਲੋਹੜਾ ਹੈ। ਭਾਵ ਮਾਯਕ ਸੁਖੋ ਮੈ ਜੋ ਜੀਵ ਖਚਤ ਹੋਤੇ ਹੈਂ ਸੋ ਦੁਖੀ ਹੋਤੇ ਹੈਂ ਇਸਤੇ ॥੨॥ ੩੯॥ ਪ੍ਰਸ਼ਨ॥ ਆਪਨੇ ਮਾਯਕ ਪਦਾਰਥਾਂ ਮੇਂ ਦੁਖ ਹੋਨਾ ਕਹਾ ਹੈ ਅਰੁ ਪ੍ਰਤਖ ਸਭੀ ਸੁਖ ਦੇਖੀਦੇ ਹੈਂ ਕਿਉਂ ਜੋ ਮਾਯਾ ਬਿਨਾ ਕੋਈ ਸੁਖ ਨਹੀਂ ਦੇਖੀਤਾ ਇਸ ਤੇ ਆਪ ਸੋ ਦੁਖ ਹੋਨੇ ਕਾ ਕਾਰਨ ਨਿਰਨੇ ਸੇ ਕਹੀਏ॥ ਉਤ੍ਰ॥

**ਮੁਃ ॥ ਈਂ ਲਿਬਾਸੇ ਦੁਨਜ਼ਵੀ ਫਾਨੀ ਬਵਦ ॥**
**ਬਰ ਖੁਦਾਵੰਦੀਸ ਅਰਜ਼ਾਨੀ ਬਵਦ ॥**

ਟੀ:—ਹੇ ਭਾਈ ਏਹ ਜੋ ਚਮਤਕਾਰ ਖਾਨ ਪਾਨ ਭੋਗ ਆਦੀ ਮਾਯਾ ਦੇ ਦੇਖੀਦੇ ਹੈ ਸੋ ਵਾਸਤਵ ਅੰਤ ਨੋ ਨਾਸ਼ ਰੂਪ ਹੈ।ਭਾਵ ਪਹਿਲੇ ਤੋ ਏਹ ਮਾਯਾ ਹੀ ਨਾਸ ਹੋਨੇ ਵਾਲੀ ਹੈ ਜਬ ਏਹੀ ਸਦਾ ਰਹਿਨੇ ਵਾਲੀ ਨਹੀਂ ਤਾਂ ਫੇਰ ਇਸ ਦੇ ਭੋਗ ਕਹਾਂ ਇਸਥਿਤ ਅਰੁ ਸੁਖ ਰੂਪ ਹੋਵੈਂਗੇ। ਯਦਪ ਕਿੰਚਤ ਮਾਤ੍ਰ ਸੁਖ ਦੇਖੀਤੇ ਹੈਂ ਪਰੰਤੂ ਅੰਤ ਕੋ ਨਾਸ ਹੋਜਾਨੇ ਵਾਲੇ ਹੈਂ ਪੁਨਾ ਜੇ ਬੀਚਾਰ ਕਰ ਦੇਖੀਏ ਤਾਂ ਹਰ ਵਖਤ ਦੁਖ ਰੂਪ ਹੈ ਮਾਯਾ ਕੈਸੇ ਜੋ ਪਹਿਲੇ(ਜਤਨ)ਦੁਖਾਂ ਸੇ ਕਮਾਈਦੀ ਹੈ ਪੁਨਾ ਰਖਨੇ ਮੇ ਜਤਨ ਕਰੀਦਾ ਹੈ ਪੁਨਾ ਚੋਰਾਂ ਆਦਿਕਾਂ ਕੇ ਲੈਜਾਨੇ ਸੇ ਦੁਖ ਹੋਤਾ ਹੈ ਐਸੀ ਦੁਖ ਰੂਪ ਮਾਯਾ ਮੇਂ ਖਚਤ ਹੋਨੇ ਵਾਲਿਯੋਂ ਕੋ ਪ੍ਰਲੋਕ ਮੇ ਬਡਾ ਦੁਖ ਹੋਤਾ ਹੋਤਾ ਹੈ ॥੧॥ ਪ੍ਰਸ਼ਨ॥ ਆਪ ਨੇ ਮਾਯਾ ਨਾਸ ਹੋਨੇ ਵਾਲੀ ਕਹੀ ਹੈ ਅਰੁ ਹੋਰ ਲੋਕ ਮਾਯਾ ਕੋ ਅਨਾਦੀ ਕਹਿਤੇ ਹੈਂ ਤਾਂਤੇ ਜੋ ਵਸਤੂ ਨਾਸ ਹੋਤੀ ਹੈ ਉਸ ਕੀ ਉਤਪਤੀ ਭੀ ਹੋਤੀ ਹੈ ਸੋ ਇਸ ਮਾਯਾ ਕੀ ਉਤਪਤੀ ਕਹਾਂ ਸੇ ਹੋਤੀ ਹੈ ਸੋ ਕਹੀਏ ਜੀ ॥ ਉਤ੍ਰ॥ ਉਸ ਵਾਹਿਗੁਰੂ ਕੀ ਸਾਹਿਬੀ ਊਪਰ ਏ ਮਾਯਾ ਅਰੁ ਮਾਯਾ ਦਾ ਲਿਬਾਸ ਬਨਿਆ ਹੋਇਆ ਹੈ। ਭਾਵ ਮਾਯਾ

Digitized by Panjab Digital Library | www.panjabdigilib.org

ਕੀ ਉਤਪਤੀ ਵਾਹਿਗੁਰੂ ਕੀ ਇਛਿਆ ਸੇ ਹੈ ਤਾਂਤੇ ਜੋ ਇਛਿਆ ਉਤਪਤਿ ਹੋਤੀ ਹੈ ਓਹੁ ਨਿਵਿਰਤ ਭੀ ਹੋਜਾਤੀ ਹੈ ਇਸ ਪ੍ਰਕਾਰ ਉਤਪਤੀ ਅਰੁ ਨਾਸਤਾ ਹੋਤੀ ਹੈ ਵਾਸਤਵ ਤੇ ਏਹ ਮਾਯਾ ਚੇਤਨ ਕੀ ਸਤਾ ਪਾਕਰ ਇਸਥਿਤ ਦੇਖੀਤੀ ਹੈ ਅਰੁ ਚੇਸਟਾ ਕਰਤੀ ਹੈ ਪਰ ਆਪਨੇ ਆਪ ਜੜ ਰੂਪ ਹੈ ਚੇਤਨ ਸਤਾ ਬਿਨਾ ਇਸ ਸੇ ਕੁਛ ਨਹੀਂ ਹੋਸਕਤਾ ਅਰੁ ਨਾਂ ਇਸਥਿਤ ਰਹਿ ਸਕਤੀ ਹੈ। ਉਤਪਤੀ ਤੇ ਚੇਸਟਾ ਮੈ ਪ੍ਰਮਾਨ ਅਕਾਲ ਉਸਤਤਿ ਸਰਬਕਾਲ ਸਬ ਜਗ ਕੇ ਤਾਤਾ। ਤਾਂਤੇ ਭਯੋ ਤੇਜ ਬਖਯਾਤਾ। ਸੋਈ ਭਵਾਨੀ ਨਾਮ ਕਹਾਯੋ। ਜਿਨ ਸਗਰੋ ਇਹ ਸ੍ਰਿਸਟਿ ਬਨਾਯੋ ॥ ੨ ॥ ੪੦ ॥

**ਮੂਲ ॥ ਚੀਸਤ ਦੁਨੀਆਂ ਓ ਲਿਬਾਸ ਦੁਨਜਵੀ ॥**

**ਅਜ਼ ਖੁਦਾ ਗਾਫਲ ਸੁਦੱਨ ਏ ਮੌਲਵੀ ॥**

**ਟੀ**—ਪ੍ਰਸ਼ਨ ਮਾਯਾ ਕਿਆ ਚੀਜ ਹੈ ਅਰ ਮਾਯਾ ਦੇ ਚਮਤਕਾਰ ਭੋਗ ਕਿਆ ਹੈ ॥ ੧ ॥ ਉਤ੍ਰ ਵਾਹਿਗੁਰੂ ਸੇ ਜੇਹੜਾ ਗਾਫਲ ਹੋਣਾ ਹੈ ਏਹੀ ਮਾਯਾ ਅਰੁ ਏਹੀ ਭੋਗ ਹੈ ਐ ਬੁਧੀਮਾਨ ਭਾਵ ਪ੍ਰਮੇਸਰ ਕੋ ਤ੍ਯਾਗ ਕੇ ਜੋ ਖਾਨ ਪਾਨ ਆਦੀ ਭੋਗੋਂ ਮੈ ਖਚਤ ਹੋਜਾਣਾ ਏਹੀ ਮਾਯਾ ਹੈ ਇਸ ਕਰ ਜੀਵ ਦੁਖ ਭੋਗਤੇ ਹੈਂ ॥ ੨ ॥ ੪੧ ॥

**ਮੂਲ ॥ ਚੀਸਤ ਅਹਿਸਾਂ ਸੁਹਬਤੇ ਮਰਦਾਨ ਹਕ ॥**

**ਆਂਕਿ ਮਖਾਨੰਦ ਅਜ਼ ਇਸ਼ਕਸ਼ ਸ਼ਬਕ ॥**

**ਟੀ:**—ਪ੍ਰਸਨ ਸਚੇ ਕੇ ਸੰਤਾਂ ਕੀ ਸੰਗਤਿ ਕਾ ਪਰਉਪਕਾਰ ਕਿਆ ਹੋ ਰਹਾ ਹੈ ਜਿਸ ਕਰ ਸੰਗਤਿ ਕਰਨੀ ਆਪ ਕੈਤੇ ਹੋ ॥ ੧ ॥ ਉਤ੍ਰ (ਓਹ ਜੋ) ਸੰਤ ਪੜਾਂਵਦੇ ਹੈਂ ਉਸ ਸਚੇ ਕੇ ਪ੍ਰੇਮ ਦਾ ਪਾਠ) ਭਾਵ ਜੋ ਸੰਤਾਂ ਕੀ ਸੰਗਤਿ ਕਰੈ ਉਸ ਕੌ ਹਰੀ ਦੇ ਪਰੇਮ ਕੀ ਪ੍ਰਾਪਤੀ ਕਾ ਉਪਦੇਸ ਕਰਤੇ ਹੈਂ ਏਹ ਸੰਗਤ ਕਰਨੇ ਕਾ ਪ੍ਰਉਪਕਾਰ ਹੈ ਇਸਕਰ ਦੋਨੋਂ ਲੋਕਾਂ ਮੈ ਸੁਖ ਹੋਤਾ ਹੈ ॥ ੨ ॥ ੪੨ ॥ ਪ੍ਰਿਛਲੇ ਪ੍ਰਸੰਗ ਕਾ ਸਿਧਾਂਤ ॥

**ਮੂ: ਯਾਦਿ ਓ ਸਰਮਾਇਹੇ ਈਮਾਂ ਬਵੱਦ ॥**

**ਹਰ ਗਦਾ ਅਜ਼ ਯਾਦਿ ਓ ਸੁਲਤਾਂ ਬਵੱਦ ॥**

**ਟੀ:**—ਯਾਦਗੀਰੀ ਉਸਵਾਹਿਗੁਰੂ ਕੀ ਪੂੰਜੀ ਧਰਮ ਦੀ ਹੈ॥ ਜਿਸਕਰ ਧਰਮ

Digitized by Panjab Digital Library | www.panjabdigilib.org

ਕੀਆ ਹੂਆ ਸਫਲਾ ਹੋਤਾ ਹੈ ॥ ੧ ॥ ਪੁਨਾ ਤਮਾਮ ਮੰਗਤੇ ਗ੍ਰੀਬ ਯਾਦਗੀਰੀ ਉਸਕੀ ਸੇ ਬਾਦਸ਼ਾਹ ਛਤ੍ਰਵਰਤੀ ਹੁਏ ਹੈਂ ॥ ਹੋਰ ਤਮਾਮ ਫਕੀਰ ਉਸਕੀ ਯਾਦਗੀਰੀ ਕਰਨੇ ਸੇ ਛਤ੍ਰਵਰਤੀ ਪਾਤਿਸਾਹ ਹੈਂ ॥ ੨ ॥ ੪੩ ॥

**ਮੂ: ਰੋਜ਼ ਸ਼ਬ ਦਰ ਬੰਦਗੀ ਬਾਸ਼ਦ ਸ਼ਾਦ ॥**
**ਬੰਦਗੀ ਓ ਬੰਦਗੀ ਓ ਯਾਦ ਯਾਦ ॥**

ਟੀਕਾ—ਕਿਉ ਜੋ ਦਿਨ ਰਾਤ ਅੰਦਰ ਭਗਤੀ ਦੇ ਆਨੰਦ ਰੈਤਾ ਹੈ ॥੧॥ ਇਸੀ ਤੇ ਭਗਤੀ ਉਸਕੀ ਕਰਤੇ ਹੈਂ ੨ ਯਾਦਗੀਰੀ ਸੇ ੨ ਤਾਂਤੇ ਆਪ ਭੀ ਯਾਦਗੀਰੀ ਸੇ ਭਗਤੀ ਕਰੋ ਜਿਸਕਰ ਪਾਤਸਾਹ ਹੋ ਜਾਵੇਂ ॥ ੨ ॥ ੪੪ ॥

**ਮੂ: ਚੀਸਤ ਸੁਲਤਾਨੀ ਓ ਦਰਵੇਸ਼ੀ ਕ੍ਰਿਦਾਂ ॥**
**ਯਾਦ ਆਂ ਜਾਂ ਆਫਰੀਨੇ ਇਨਸ ਜਾਂ ॥**

ਟੀਕਾ—ਪਾਤਸਾਹੀ ਕਿਆ ਵਸਤੂ ਹੈ ਅਰੁ ਦਰਵੇਸ਼ੀ ਫਕੀਰੀ ਕਿਆ ਜਾਣੀਏ ॥ ੧ ॥ ਉਤੁ (ਇਨਸ) ਮਨੁਖਾਂ ਅਰੁ (ਜਾਂ) ਦੇਵਤਜਾਂ ਦੀਆਂ ਜਾਂਨਾਂ ਜਿਸਨੇ ਬਣਾਈਆਂ ਹੈ ਉਸਕੀ ਯਾਦਗੀਰੀ ਕਰਨੀ ਜੋ ਹੈ ਏਹੀ ਬਾਦਸਾਹੀ ਹੈ ਅਰੁ ਏਹੀ ਸਚੀ ਫਕੀਰੀ ਹੈ। ਭਾਵ ਇਸਤੇ ਸੁਖ ਹੋਤਾ ਹੈ ਅਰੁ ਸੋਭਾ ਹੋਤੀ ਹੈ ਅਰੁ ਦੇਖਾਵੇ ਮਾਤ੍ਰ ਫਕੀਰ ਹੋਰ ਦੇਖੀਦੇ ਹੈਂ ਸੋ ਫਕੀਰ ਨਹੀਂ ਕੀਰ ਹੈ ਪ੍ਰਮਾਨ ਦਰਵੇਸੀ ਕੋ ਜਾਣਸੀ ਵਿਰਲਾ ਕੋ ਦਰਵੇਸ ॥ ਘਰ ਘਰ ਹੰਢੈ ਮੰਗਦੇ ਧ੍ਰਿਗ-ਜੀਵਣ ਧ੍ਰਿਗਵੇਸ ॥ ਫਰੀਦਾ ॥ ਹੋਰ ਅਭਿਆਗਤ ਏਹ ਨ ਆਖੀਐ ਜੋ ਪਰ ਘਰ ਭੋਜਨ ਕਰੇਨ ॥ ਉਦਰੈ ਕਾਰਨ ਆਪਣੇ ਬਹਲੇ ਭੇਖ ਕਰੇਨ ਵਾਰਾਂ ਕਬੀਰ ਸਲੋਕ ਮ: ੩ ॥ ਹਰ ਇਕ ਮਹਾਤਮਾ ਨੇ ਫਕੀਰ ਪਦ ਕਾ ਅਰਥ ਕੀਤਾ ਹੈ ॥ ਫਫਾ ਕਹਿੰਦਾ ਹੈ ਜੋ ਫਾਕਾਕਰੁ ਸੰਤੋਖਰਖੁ: ਯਥਾ ਲਾਭ ਸੰਤੁਸਟਾ ਕਾਫ ਸਬਰ ਤੋਸਾ ਮਲਾਇਕਾ ॥ ਕਕਾ ਕੈਂਦਾ ਹੈ ਜੋ ਸੰਸਾਰ ਤੇ ਕਨਾਰਾ ਕਰੁ ਤਿਆਗ ਧਾਰਕੇ ਇਕੰਤ ਰਹੋ ॥ ਰਾਰਾ ਕਹਤਾ ਹੈ ਜੋ ਰਿਆਇਤ ਦਯਾ ਕਰੁ ਏਹ ਗੁਣ ਹੋਨ ਤਾਂ ਫਕੀਰ ਹੋਹੁ ਨਹੀ ਤਾਂ ਨਾ ਹੋਹੁ ॥ ੨ ॥ ੪੫ ॥ ਦ੍ਰਿੜਤਾ ਵਾਸਤੇ ਓਹੀ ॥

**ਮੂ: ਯਾਦਿ ਓ ਗਰ ਮੂਨਸੇ ਜਾਨੇਤੁ ਬਵੱਦ ॥**
**ਹਰਦੁ ਆਲਮ ਜ਼ੇਰ ਫੁਰਮਾਨੇਤੁ ਬਵੱਦ ॥**

Digitized by Panjab Digital Library | www.panjabdigilib.org

ਟੀਕਾ—ਹੇ ਭਾਈ ਯਾਦਗੀਰੀ ਉਸ ਵਾਹਿਗੁਰੂ ਕੀ ਜੇਕਰ ਦੋਸਤ ਜਾਨ ਤੇਰੀ ਦੀ ਹੋਵੈ। ਭਾਵ ਜੇ ਤੂੰ ਤਨ ਮਨ ਸੇ ਭਗਤੀ ਮੈ ਮਗਨ ਹੋ ਜਾਂਵੈ ॥ ੧ ॥ ਤਬ ਦੋਨੋ ਲੋਕ ਅਧੀਨ ਹੁਕਮ ਤੇਰੇ ਦੇ ਹੋਵੈਂ) ਭਾਵ ਸਭੀ ਤੇਰੀ ਆਗਜਾ ਮਨਨਗੇ ॥ ੨ ॥ ੪੬ ॥ ਪੁਨਾ ॥

**ਮੂਲ ॥ ਬਸ ਬਜ਼ੁਰਗੀ ਹਸਤ ਅੰਦਰ ਯਾਦਿ ਓ ॥**
**ਯਾਦਿ ਓ ਕੁਨ ਯਾਦਿ ਓ ਹਾਂ ਯਾਦਿ ਓ ॥**

ਟੀਕਾ—ਬੌਤ ਵਡਿਆਈ ਤੇ ਮਹਾਤਮਤਾਈ ਹੈ ਅੰਦਰ ਯਾਦਗੀਰੀ ਉਸ ਕੀ ਕੇ। ਭਾਵ ਯਾਦਗੀਰੀ ਸੇ ਪ੍ਰਾਪਤਿ ਹੋਤੀ ਹੈ ॥ ੧ ॥ ਜੇਕਰ ਤੈਨੂੰ ਵਡਿਆਈ ਦੀ ਕੁਛ ਲੋੜ ਹੈ ਤਾਂ ਭਗਤੀ ਉਸ ਕੀ ਕਰੁ ਤੇ (ਹਾਂ) - ਖਬਰਦਾਰ ਹੁਸਯਾਰ ਹੋਕੇ ॥ ੨ ॥ ੪੭ ॥

**ਮੂਲ ॥ ਗਰ ਬਜ਼ੁਰਗੀ ਬਾਇਦ ਤੁ ਕੁਨ ਬੰਦਗੀ ।**
**ਵਰਨਹ ਆਖਰ ਮੇਕਸ਼ੀ ਸ਼ਰਮਿੰਦਗੀ ॥**

ਟੀਕਾ ਪੁਨਾ ਹੇ ਭਾਈ ਜੇਕਰ ਕੋਈ ਮਰਾਤਬਾ ਚਾਹੁਦਾ ਹੈ ਤਾਂ ਬੰਦਗੀ ਕਰੁ ॥ ੧ ॥ ਪ੍ਰਸ਼ਨ ਮ੍ਰਾਤਬੇ ਵਾਸਤੇ ਜੇ ਕੋਈ ਹੋਰ ਸਾਧਨ ਕ ਲਏ ਅਰ ਭਗਤੀ ਨਾਂ ਕਰੈ ਤਾਂ ਕਿਆ ਹਾਨੀ ਹੈ ਉਤ੍ਰ ਹੇ ਭਾ ਜੇਕਰ ਹੋਰ ਸਾਧਨ ਕਰਦਾ ਰਹੇ ਮਰਾਤਬੇ ਵਾਸਤੇ ਅਰ ਭਗਤੀ ਕਰੈ ਤਾਂ ਅੰਤ ਨੂੰ ਸ਼ਰਮਿੰਦਗੀ ਖਿਚੇ ਗਾ। ਭਾਵ ਜੂਨਾਂ ਮੈ ਖਰਾਬ ਹੋਵੈਗਾ ਯਦਪ ਹੋਰ ਸਾਧਨਾਂ ਸੇ ਸੰਸਾਰਕ ਮ੍ਰਾਤਬਾ ਭੀ ਸੁਖ ਮਿਲ ਜਾਏ ਤੇ ਮਿਲ ਜ ਪ੍ਰੰਤੂ ਭਗਤੀ ਬਿਨਾ ਜਿਸ ਜਿਸ ਸੰਕਲਪ ਮੈ ਮਨ ਪਰਬਲ ਲਗਜਾ ਹੈ ਉਸੇ ਅਨੁਸਾਰ ਜੂਨੀਆਂ ਨੂੰ ਪਾਵੈਗਾ ਪ੍ਰਮਾਨ—ਅੰਤ ਕਾਲ ਜੋ ਲਛ ਸਿਮਰੈ ॥ ਐਸੀ ਚਿੰਤਾ ਮੈ ਜੇ ਮਰੈ ॥ ਸਰਪਜੂਨ ਵਲ ਵਲ ਅਵਤਰੈ॥ਗੂਜ ਤ੍ਰਿਲੋਚਨ ॥ ਐਸੇ ਹੋਰ ਭੀ ਜਾਨ ਲੈਨ ॥ ੨ ॥ ੪੮ ॥ ਪ੍ਰਸ਼ਨ ਧੇਲਾ ਧੇਲ ਇਕੋ ਵੇਰੀ ਤਾ ਭਗਤੀ ਨਹੀ ਹੋਸਕਤੀ ਤਾਂਤੇ ਭਗਤੀ ਕੀ ਪ੍ਰਾਪ ਕੋ ਪ੍ਰਿਥਮ ਕੌਨ ਸਾਧਨ ਕਰਨਾ ਚਾਹੀਦਾ ਹੈ ਸੋ ਕਹੀਏ ਜੀ ਉਤ੍ਰ ॥

**ਮੂੰ ਸ਼ਰਮ ਕੁਨ ਹਾਂ ਸ਼ਰਮ ਕੁਨ ਹਾਂ ਸ਼ਰਮ ਕੁਨ ॥**

ਟੀਕਾ—ਹੇ ਭਾਈ ਵੈਰਾਗ ਕਰੁ ਪਦਾਰਥਾਂ ਸੇ ਅਤੀ ਮਨ ਸੇ ਅਰੁ ਵੈਰਾਗ ਕਰੁ ਅਤੀ ਸਬੰਧੀਆਂ ਸੇ ਤੁਨਕਰ ਅਰੁ ਵੈਰਾਗ ਕਰੁ ਖ ਦਾਰ ਹੋਕੇ ॥

ਲੋਕਾਂ ਮੈ ਬਾਣੀ ਕਰਕੇ ॥ ੧ ॥ ਪ੍ਰਸਨ ਵੈਰਾਗ ਦਾ ਸਾਧਨ ਕੌਨ ਹੈ ਪੈਲਾ ॥ ਉਤ੍ਰ ॥

**ਮੂ: ਈਂ ਦਿਲੇ ਚੂੰ ਸੰਗ ਖੁਦ ਰਾ ਨਰਮ ਕੁਨ ॥**

ਟੀਕਾ– ਏ ਦਿਲ ਜੋ ਹੈ ਮਾਨਿੰਦ ਪਥ੍ਰ ਦੇ ਹੋਯਾ ੨ ॥ ਖੁਟਿਆਈਆਂ ਮੈਲਗਕੈ ਭਲਿਆਈਆਂ ਵੱਲ ਭੁਰਕੋ ਸੋ ਇਸ ਆਪਣੇ ਦਿਲਕੇ ਤਾਂਈ ਨਰਮ ਕਰਨਾ । ਭਾਵ ਜਬ ਨਰਮ ਹੋਗਾ ਤਬ ਬਿਚਾਰ ਮੈ ਲਗੇਗਾ ॥ ੨ ॥ ੪੯ ॥ ਪ੍ਰਸ: ਨਰਮ ਕਰਨੇ ਦਾ ਲਖਨ ਕਹੀਏ ਜੀ ਉਤ੍ਰ ॥

**ਮੂ: ਮਾਇਨੀਏ ਨਰਮੀ ਗਰੀਬੀ ਆਮਦਹਿ ॥**
**ਦਰਦ ਹਰ ਕਸਰਾ ਤਬੀਬੀ ਆਮਦਹਿ ॥**

ਟੀਕਾ–ਅਰਥ ਨਰਮ ਕਰਨੇ ਦਾ ਇਹ ਹੈ ਜੋ ਰਿਦੇ ਮੇਂ ਗਰੀਬੀ ਆਵਣੀ ਏਹ ਨਰਮੀ ਹੈ ॥ ੧ ॥ ਪ੍ਰਸਨ ਗਰੀਬੀ ਧਾਰਨੇ ਸੇ ਕੌਨ ਸਾ ਲਾਭ ਹੋਤਾ ਹੈ ਉਤ੍ਰ ਹਰ ਇਕ ਪੀੜਾ ਦੀ ਹਕੀਮੀ ਆਈ ਹੈ ) ਭਾਵ ਦੀਰਖਾ ਬਖੀਲੀ ਕ੍ਰੋਧ ਆਦੀ ਰੋਗਾਂ ਦੀ ਦਵਾਈ ਹਰੀ ਨੇ ਭੇਜੀ ਹੈ ॥ ੨ ॥ ੫੦ ॥ ਪਰਸਨ ਐਸੇ ਪੂਰਨ ਸਾਧਨਾ ਵਾਲੇ ਸੰਤ ਸਦਾ ਪਰਮੇਸਰਦਾ ਭਜਨ ਕਰਦੇ ਹੈਂ ਅਰੁ ਗੁਰੂ ਪਰਮੇਸਰ ਕੋ ਸੁਆਮੀ ਬਡਾ ਪੂਜਨੀਯ ਮਾਨਤੇ ਹੈ ਪਰੰਤੂ ਕਬੀ ਅਪਨੀ ਬਡਿਆਈ ਪੂਜਾ ਕੋ ਭੀ ਚਾਹੁਤੇ ਹੈ ਕੇ ਨਹੀ ਕਿਉ ਜੋ ਪ੍ਰਤਖ ਤੋ ਸਭੀ ਕਰਾਉਂਦੇ ਦੇਖੀਦੇ ਹੈ ਉਤਰ ॥

**ਮੂ: ਹਕ ਪੁਰਸਤਾਂ ਖੁਦ ਪਰਸਤੀ ਚੂੰ ਕੁਨੰਦ ॥**
**ਸ਼ਰ ਬੁਲਿੰਦਾਂ ਮੈਲ ਪਸਤੀ ਚੂੰ ਕੁਨੰਦ ॥**

ਟੀਕਾ– ਸਚੇ ਵਾਹਿਗੁਰੂ ਕੇ ਪੂਜਨ ਵਾਲੇ ਜੋ ਸੰਤ ਹੈਂ ਓਹੁ ਅਪਣੀ ਪੂਜਾ ਕਬ ਕਰਾਂਵਦੇ ਹੈਂ) ਭਾਵ ਨਹੀ ਕਰਾਂਵਦੇ ॥ ਸਾਖੀ ਬਾਬਾ ਬੁਢਾ ਜੀ ਕੀ ॥ ੧ ॥ ਕਿਸ ਕਾਰਨ ਜੋ ਵਿਰਸਾਂਤ–ਜੈਸੇ ਗਰਦਨ (ਫਰਾਜ) ਉਚੀ ਗਰਦਨ ਵਾਲੇ ਬਾਦਸ਼ਾਹ ਇਛਿਆ ਨੀਚਤਾਈ ਦੀ ਕਬੀ ਕਰਦੇ ਹੈ ) ਭਾਵ ਪਾਤਿਸ਼ਾਹ ਲਬ ਕਰਕੇ ਵਿਸ਼ੇ ਦੇ ਟੋਬ੍ਹੇ ਚੁਕਨੇ ਦੀ ਕਬੀ ਇਛਿਆ ਕਰਦੇ ਨਹੀ ॥ ਐਸੇ ਸਾਧਨ ਸਪੰਨ ਪੂਰਨ ਸੰਤ ਵਾਹਿਗੁਰੂ ਦਾ ਭਜਨ ਕਰਨ ਵਾਲੇ ਗੁਰ ਪ੍ਰਮੇਸ੍ਰ ਦੇ ਸਾਮ੍ਹਣੇ ਔਰ ਤਿਨਾਂ ਦੀ ਪੂਜਾ ਹਟਾਕੇ ਆਪਣੀ ਪੂਜਾ ਕਰਾਵਣੀ ਰੂਪੀ ਨੀਚਤਾਈ

Digitized by Panjab Digital Library | www.panjabdigilib.org

ਦੀ ਇਛਿਆ ਨ.ਥ ਕਰਦੇ ਹੈ) ਭਾਵ ਨਹੀ ਕਰਦੇ ਕਿਉਂਜੋ ਆਪਨੀ ਪੂਜਾ ਕਰਾਉਣੇ ਦੀ ਇਛਿਆ ਕਰਨੀ ਵਿਸ਼ਟੇ ਕਾ ਟੋਕ੍ਰਾ ਚੁਕਣਾ ਹੈ ਇਸਤੇ ਸੋ ਸੰਤ ਨਹੀ ਚਾਹੁਦੇ ਕਭੀ ਭੀ ॥੨॥ ੫੧॥

**ਮੂ: ਖੁਦ ਪਰਸਤੀ ਖਤਰਏ ਨਾਪਾਕ ਤੋ ॥**
**ਆਂ ਕਿ ਜ਼ਾ ਕਰਦਹਿ ਬ ਮੁਸ਼ਤੇ ਖਾਕ ਤੋ ॥**

ਟੀਕਾ—ਪੁਨਾ ਅਗੇ ਜਗਯਾਸੂਆਂ ਕੋ ਭੀ ਐਸੇ ਉਪਦੇਸ਼ ਕਰਤੇ ਹੈਂ ਹੇਭਾਈ ਆਪਣੀ ਪੂਜਾ ਕਰਵਾਣੇ ਦੀ ਇਛਿਆ ਕਰਨੀ ਏ ਅਪਵਿਤ੍ਰਤਾ ਹੈ ਤੇਰੇ ਕੋ) ਭਾਵ ਗੁਰ ਪ੍ਰਮੇਸ੍ਰ ਸੇ ਏ ਇਛਿਆ ਬੇਮੁਖ ਕਰਨੇ ਵਾਲੀ ਹੈ ਇਸਤੇ ॥੧॥ ਕਿਸ ਕਾਰਨ ਜੋ ਉਸ ਚੇਤਨ ਸ੍ਰੂਪਨੇ ਜਾਗਾ ਕੀਤੀ ਹੈ ਤੇਰੇ ਛੋਟੇ ਜੇਹੇ ਤੁਛ ਸ੍ਰੀਰ ਮੈ ਭਾਵ ਖਾਕ ਆਦੀ ਤੈਰਕ ਭਰ ਤੇਰੇ ਤਤਕ ਸਰੀਰਮੈ ਆਪਨੀਸਥਿਤੀ ਕਰੀ ਹੈ ਜਿਸ ਕਰ ਤੂੰ ਸਭ ਚੇਸ਼ਟਾ ਕਰ ਰਹਿਆ ਹੈ ਖਾਨ ਪਾਨ ਆਦੀ ਅਰ ਹਰ ਜਾਗਾ ਤੂੰ ਆਦ੍ਰ ਪਾਵਦਾ ਹੈਂ ਆਪਣੇ ਆਪ ਤੂੰ ਕੁਛ ਨਹੀ ਕਰ ਸਕਤਾ ਇਸਤੇ ਆਪਣੀ ਪੂਜਾ ਕਰਾਨੇ ਦੀ ਇਛਿਆ ਤੂੰ ਨਾ ਕਰ ਇਸਕੋ ਹਟਾਕੇ ਗੁਰਪ੍ਰਮੇਸ੍ਰ ਦੀ ਪੂਜਾ ਕਰ ਅਰ ਸਭ ਤੋ ਕਰਾਇ ॥੨॥ ੫੨॥ ਪ੍ਰਸ਼ਨ ਅਪਨੇ ਜੋ ਤੁਛ ਸ੍ਰੀਰ ਤੁਸਾਂ ਰਚਤ ਕਹਾ ਹੈ ਅਰ ਅਸਮਰਥ ਕਹਾ ਹੈ ਪੁਨਾ ਚੇਤਨ ਕੀ ਇਸਥਿਤੀ ਸ੍ਰੀਰ ਮੈ ਕਹੀ ਹੈ ਸੋ ਕੈਸੇ ਸ੍ਰੀਰ ਮੇ ਇਸਥਿਤੀ ਕਹੀ ਹੈ ਨਿਰਨਾ ਕਰ ਕਹੀ ਜੀ ॥ਉਤ੍ਰ॥

**ਮੂ: ਜਿਸਮਿ ਤੋ ਅਜ਼ ਬਾਦ ਖਾਕੋ ਆਤਿਸ਼ ਅਸਤ ॥**
**ਕਤਰਹ ਆਬੋ ਓ ਨੂਰ ਜਾਤਸ਼ ਅਸਤ ॥**

ਟੀਕਾ- ਸ੍ਰੀਰ ਤੇਰਾ ਤੁਛ ਤੈਰਕ ਪੌਣ ਮਿਟੀ ਅਗਨੀ ਜਲ ਚਾਰੋ ਤਤ ਸੇ ਬਨਾ ਹੂਆ ਹੈ) ਭਾਵ ਵਾਸਤਵਤੇ ਚਾਰੋ ਤਤ ਜੜ ਹੈਂ ॥੧॥ (ਓ) ਅਰ ਇਸ ਜੜ ਤੁਸਾਂ ਰਚਤ ਸ੍ਰੀਰ ਮੈ ਕਿਣਕਾਭਰ (ਨੂਰ) ਚੇਤਨ (ਜਾਤ? ਸ੍ਰੂਪ ਉਸ ਰਖਕ ਵਾਹਿਗੁਰੂ ਕਾ ਹੈ ॥੨॥ ੫੩॥

**ਮੂਲ ॥ ਖਾਨਹਿ ਤੂ ਅਜ਼ ਨੂਰ ਹਕ ਰੋਸ਼ਨ ਸ਼ੁਦਹ ।**
**ਯਕ ਗੁਲੇ ਬੂਦੀ ਕਨੂ ਗੁਲਸਨ ਸ਼ੁਦਹ ॥**

Digitized by Panjab Digital Library | www.panjabdigilib.org

ਟੀਕਾ—ਤਾਂਤੇ ਦੇਖ ਇਹ ਸ੍ਰੀਰ ਰੂਪੀ ਘਰ ਤੇਰਾ ਸਚੇ ਦੇ ਪ੍ਰਕਾਸ ਸੇ ਪ੍ਰਕਾਸ-ਮਾਨ ਹੂਆ ਹੂਆ ਹੈ) ਭਾਵ ਚੇਤਨ ਸਤਿਆ ਸੇ ਸਭ ਚੇਸਟਾ ਕਰਤਾ ਹੈ ਫਿਰਨੇ ਤੁਰਨੇ ਬੋਲਨੇ ਖਾਨੇ ਪੀਨੇ ਕੀ ਇਸਤੇ ਪਰਮੇਸਰ ਕੋ ਬਡਾ ਮਾਨਕਰ ਤਿਸਕਾ ਭਜਨ ਕਰੀਏ ਜਿਸਤੇ ਸੁਰਖਰੂ ਹੋਕੇ ਮੋਖ ਹੋ ਜਾਵੈ ॥ ੧ ॥ ਹੋਰ ਦੇਖ ਇਸ ਚੇਤਨ ਸਤਿਆ ਬਿਨਾ ਪਹਿਲੇ ਇਹ ਸਰੀਰ ਇਕ ਨਿਕਾ ਜੇਹਾ ਫੁਲ ਥਾ ਮਿਲੇ ਹੋਏ ਰਕਤ ਬੀਜ ਕਾ ਜਬ ਚੇਤਨ ਕਾ ਪਰਕਾਸ ਹੂਆ ਤਬ ਹੁਣ ਬਾਗ ੨ ਹੂਆ ਹੈ)। ਭਾਵ ਕੈਸਾ ਸੁੰਦਰ ਸਰੀਰ ਚਲਨੇ ਫਿਰਨੇ ਵਾਲਾ ਪਰ-ਫੁਲਤ ਹੂਆ ੨ ਹੈ ॥ ੨ ॥ ੫੪ ॥

ਮੂਲ ॥ ਪਸ਼ ਦਰੂੰਨੇ ਗੁਲਸ਼ਨੇ ਖੁਦ ਸੈਰ ਕੁਨ ॥
ਹਮ ਚੁ ਮੁਰਗੇ ਕੁਦਸ਼ ਦਰਵੇ ਤੈਰ ਕੁਨ ॥

(ਟੀਕਾ—ਹੇ ਭਾਈ ਜਬ ਤੂੰ ਐਸੇ ਜਾਣ ਲੀਆ ਹੈ ਜੋ ਹਰੀ ਨੇ ਇਹ ਬਾਗ ਬਨਾਯਾ ਹੈ ਅਰੁ ਹਰੀ ਇਸ ਮੈ ਬੈਠ ਰਹਾ ਹੈ ਤਬ ਫਿਰ ਤੂੰ ਅਪਣੇ ਸਰੀਰ ਰੂਪੀ ਬਾਗ ਦੇ ਅੰਦਰ ਜਰੂਰ ਸੈਲ ਕਰ। ਭਾਵ ਬਾਹਰੋ ਬਿਰਤੀ ਰੋਕਕੇ ਅੰਤਰ ਮੁਖ ਹੋਹੁ ॥ (ਚੁ) ਜੈਸੇ ਇਕ ਪਵਿਤਰ ਪੰਛੀ ਭੀ ਅੰਦਰ ਉਸ ਬਾਗਦੇ ਉਡਣਾ ਕਰਦਾ ਹੈ। ਭਾਵ ਓਹੁ ਪੰਛੀ ਬਾਗ ਮੈ ਹੀ ਉਤਪਤਿ ਹੋਤਾ ਹੈ ਅਰੁ ਬਾਗ ਮੈ ਹੀ ਸਦਾ ਰਹਿੰਦਾ ਹੈ ਓਹ ਪੰਛੀ ਬਾਗ ਤੇ ਬਾਹਰ ਨਹੀਂ ਜਾਂਦਾ ਐਸੇ ਤੂੰ ਪੁਨਾ ੨ ਅੰਤਰਮੁਖ ਬਿਰਤੀ ਕਰ ਬਾਹਰ ਮੁਖ ਨਾ ਹੋਹੁ ॥ ੨ ॥ ੫੫ ॥ ਪ੍ਰਸਨ ਅੰਤਰ ਮੁਖ ਬਿਰਤੀ ਕਰਨੇ ਕਾ ਕਿਆ ਫਲ ਹੋਤਾ ਹੈ ਸੋ ਕਹੋ ॥ ਉਤ੍ਰ ॥

ਮੂ: ॥ ਸਦ ਹਜ਼ਾਰਾਂ ਖੁਲਦਹਿ ਗੋਸ਼ਹ ਅਸ ॥
ਹਰਦੋ ਆਲਮ ਦਾਨਏ ਅਜ਼ ਖੋਸ਼ਹ ਅਸ ॥

ਟੀਕਾ—ਲਖਾਂ ਸੁਰਗ ਆਦੀ ਸੁਖ ਅੰਦਰ ਇਕਾਂਤਦੇ ਹੈਂ। ਭਾਵ ਹਰੀ ਮੈ ਧਿਆਨ ਲਗਾਨੇ ਸੇ ਮਿਲਤੇ ਹੈਂ ਸਰਬ ਸੁਖ ॥ ੧ ॥ ਇਹ ਜੋ ਦੋਨੋ ਲੋਕ ਦੇਖਦਾ ਹੈਂ ਇਹ ਮਾਯਾਰੂਪੀ ਸਿਟੇ ਦੇ ਇਕ ਦਾਨੇ ਸੇ ਬਣੇ ਹੂਏ ਹੈ। ਭਾਵ ਸਿਟਾ ਬੀਜ ਤੇ ਹੋਤਾ ਹੈ ਅਰੁ ਬੀਜ ਰੂਪ ਹਰੀ ਹੀ ਹੈ ਤਾਂਤੇ ਮਾਯਕ ਦ੍ਰਿਸਟੀ ਤਯਾਗਕੇ ਹਰੀ ਕਾ ਹੀ ਧਿਆਨ ਕਰੁ ॥ ੨ ॥ ੫੬ ॥ ਪ੍ਰਸਨ ਜੋ ਆਪਨੇ ਪੰਛੀ ਕਹਾ ਹੈ ਸਦਾ ਵਿਚੇ ਬਾਗਦੇ ਰਹਿੰਦਾ ਹੈ ਸੋ ਉਸਦਾ ਖਾਣਾ ਪੀਣਾ ਕਿਆ

Digitized by Panjab Digital Library | www.panjabdigilib.org

ਹੈ ਜਿਸਕੇ ਆਸਰੇ ਜੀਂਵਦਾ ਹੈ ਅਰੁ ਉਡਦਾ ਫਿਰਦਾ ਹੈ । ਉਤਰ ॥

ਕੂਤਿ ਆਂ ਮੁਰਗੇ ਮੁਕਦਸ ਯਾਦਿ ਓ ॥
ਯਾਦਿ ਓ ਹਾਂ ਯਾਦਿ ਓ ਹਾਂ ਯਾਦਿ ਓ ॥

ਟੀਕਾ—ਖੁਰਾਕ ਉਸ ਪਵਿਤਰ ਪੰਛੀ ਦੀ ਯਾਦਗੀਰੀ ਉਸਕੀ ਹੈ ॥ ਭਾਵ ਪਰਮੇਸਰ ਦੀ ਯਾਦਗੀਰੀ ਕਰਨੇ ਸੇ ਜੀਂਵਦਾ ਹੈ ਤੈਸੇ ਜੀਵ ਭੀ ਯਾਦਗੀਰੀ ਸੇ ਹੀ ਚੇਸਟਾ ਕਰਦਾ ਹੈ ਤੇ ਸਾਂਤਿ ਰੂਪ ਰੈਂਤਾ ਹੈ ॥ ੧ ॥ਤਾਤੇ ਹੇ ਭਾਈ ਤੂੰ ਭੀ (ਯਾਦਗੀਰੀ) ਭਗਤੀ ਉਸਕੀ ਅਤੀ ਕਰ ਭਗਤੀ ਉਸ ਵਾਹਿਗੁਰੂ ਕੀ ਖਬਰਦਾਰ ਹੋਕੇ ਕਰ ਭਗਤੀ ਉਸਕੀ ਮਨ ਤਨ ਬਾਣੀ ਸੇ ਕਰ ॥ ੨ ॥ ੫੭ ॥ ਸਿਧਾਂਤ ॥

ਮੂ: ਹਰ ਕਸੇ ਕੋ ਮਾਇਲੇ ਯਾਦੇ ਖੁਦਾਸਤ ॥
ਖਾਕ ਰਾਹ ਸ਼ਤੂਤੀਆਇ ਚਸ਼ਮਿ ਮਾਸਤ ॥

ਟੀਕਾ—ਜੋ ਕੋਈ (ਮੋਹਿਤ)ਆਸ਼ਕ ਹੂਆ ਹੈ ਵਾਹਿਗੁਰੂ ਕੀ ਭਗਤੀ ਉਪਰ। ਭਾਵ ਸੁਆਸ ੨ ਭਗਤੀ ਕਰਤਾ ਹੈ ॥ ੧ ॥ ਉਸਕੇ ਰਸਤੇ ਕੀ ਖਾਕ ਸੁਰਮਾਂ ਮੇਰੇ ਨੇਤ੍ਰੋਂ ਕਾ ਹੈ। ਭਾਵ ਉਨਕੇ ਚਰਨਾਂ ਕੀ ਧੂੜੀ ਜੋ ਮਿਲੇ ਤਾਂ ਨੇਤ੍ਰਾਂ ਵਿਚ ਪਾਂਵਦਾ ਹਾਂ ਮੈ ॥ ੨ ੫੮ ॥

ਮੂ: ਗਰ ਤੁਰਾ ਯਾਦੇ ਖੁਦਾ ਹਾਸਿਲ ਸ਼ਵੱਦ ॥
ਹਲਿ ਹਰ ਮੁਸ਼ਕਲ ਤੁਰਾ ਏ ਦਿਲ ਸਵਦ।

ਟੀਕਾ—ਹੇ ਪਿਆਰੇ ਜੇਕਰ ਤੇਰੇ ਤਾਈ ਵਾਹਿਗੁਰੂ ਕੀ ਭਗਤੀ ਪ੍ਰਾਪਤਿ ਹੋਵੈ ॥ ੧ ॥ (ਏ ਦਿਲ) ਐ ਪਿਆਰੇ ਤਾਂ ਤਮਾਮ ਮੁਸ਼ਕਲਤਾਈਆਂ ਪੀੜਾਂ ਤੇਰਾ ਛੁਟਣਾ ਹੋਵੈ ॥ ੨ ॥ ੫੯ ॥ ਉਸੀ ਕਾ ਨਿਰਨਾ ਕਰ ਕਹਤੇ ਹੈਂ ॥

ਮੂ: ਹੱਲਿ ਹਰ ਮੁਸ਼ਕਲ ਹਮੀ ਯਾਦੇ ਖੁਦਾਸਤ ॥
ਹਰਕਿ ਯਾਦੇ ਹਕ ਕੁਨੱਦ ਜ਼ਾਤੇ ਖੁਦਾਸਤ ॥

ਟੀਕਾ—ਭੀ ਵਾਹਿਗੁਰੂ ਕੀ ਭਗਤੀ ਕਰਨੇ ਸੇ ਤਮਾਮ ਦੁਖਾਂ ਸੇ ਛੁਟਣਾ ਹੋਤਾ ਹੈ॥੧॥ਕਿਸਤਰਾਂ ਛੁਟਣਾ ਹੋਤਾ ਹੈ॥ਜੋ ਕੋਈ ਸਚੇ ਕੀ ਭਗਤੀ ਕਰਤਾ ਹੈ

Digitized by Panjab Digital Library | www.panjabdigilib.org

ਓਹ ਸਭੇ ਵਾਹਿਗੁਰੂ ਕਾ ਸਰੂਪ ਹੀ ਹੈ ॥ ਪਰਮਾਣ ਹਰਿ ਹਰਿ ਕਰੇ ਸੋ ਹਰਿ ਹੀ ਜੇਹਾ ॥ ਭਾਵ ਜੈਸੇ ਹਰੀ ਦੁਖਾਂ ਤੇ ਰਹਤ ਹੈ ਤੈਸੇ ਓਹ ਭੀ ਦੁਖਾਂ ਤੇ ਰਹਤ ਜਾਨੋ ॥ ੨ ॥ ੬੦ ॥

ਹੋਰ/ ਕਥਾ ਬਾਰਤਾਦੇ/ ਬਿਨਾਂ/ ਸਚਨਾਮਸੇਂ/ ਹੋਰਕਰਮ/ ਮਨਜੂਰ ਨੇ ਨਹੀਂ ਆਸਤ ਹੈ

**ਮਃ ਦੀਰ ਹਕੀਕਤ ਗੈਰਿ ਹਕ ਮਨਜ਼ੂਰ ਨੇਸਤ ॥**

ਏਜਾਂ/ ਐ ਮੇਰੇ ਪਿਆਰੇ/ ਓਹ ਕੌਣ ਹੈ/ ਜਿਸਦੇ ਸਿਰਸੇਂ ਲੈਕੇ/ ਪਾਂਪੈਰਾਂ/ ਤੋੜੀ ਨੂਰਚੇਤਨ/ ਨਹੀਂ ਆਸਤ ਹੈ

**ਕੀਸਤਇ ਜ਼ਾਂ ਕੇ ਸਰਾ ਪਾਨੂਰ ਨੇਸਤ ॥** ਭਾਵ ਐਸਾ ਕੋਈ ਨਹੀਂ/

ਟੀਕਾ— ਵਿਹ ਕਥਾ ਬਾਰਤਾ ਦੇ ਬਿਨਾ ਸਚ ਨਾਮ ਸੇ ਹੋਰ ਕਰਮ ਮਨਜ਼ੂਰ ਨਹੀ ਹੈ ਹੋਰ ਸ੍ਰਧਾਤਾ ਦੇ ਦਿਲਦੇ ਅੰਦਰ ਬਿਨਾ ਸਚਨਾਮ ਸੇ ਕਿਸੇ ਕਰਮ ਕਾ ਗਰਹਣ ਨਹੀ ਹੈ। ਭਾਵ ਇਸਤੇ ਜੋ ਹਰਿ ਬਿਨਾ ਅਵਰ ਕ੍ਰਿਆ ਬਿਰਥੇ। ਬਿਅਰਥ ਹੈ ਅਰੁ ਪੀੜਾ ਰੂਪ ਹੈ ਸਾਰਾ ਸਬਦ ਐਸੇ ਜਾਨ ॥ ਅਥਲਤੋ ਕਰਮ ਕੀਤੇ ਹੋਏ ਰਸਤੇ ਮੇ ਜਮਲੁਟ ਲੈਂਦੇ ਹੈ ਪਾਨੀ ਆਦੀ ਵਸਤੂ ਰੰਚਕ ਭਰ ਦੇ ਕਰ ਜੇ ਕਰ ਕੋਈ ਕਰਮ ਬਾਕੀ ਰਹੈ ਭੀ ਜਾਵੈ ਤਾਂ ਉਸਕਾ ਕਿੰਚਤ ਕਾਲ ਸੁਰਗਾ ਸੁਖ ਮਿਲਤਾ ਹੈ ਸੋ ਭੋਗ ਕਰ ਗਿਰਾਇਮਾਨ ਹੋ ਜਾਤਾ ਹੈ ਇਸਤਰਾਂ ਹਰੀ ਕੀ ਸਤਾ ਮੇ ਕਦਾਚਿਤ ਪੌਹਚਤਾ ਹੀ ਨਹੀ ਤਬ ਮਨਜ਼ੂਰ ਕੈਸੇ ਹੋਵੈ ਜੋ ਮਨਜ਼ੂਰ ਹੋਤਾ ਤਾਂ ਪੌਹਚਤਾ ਤਾਂਤੇ ਨਾਮ ਜਪਨਾ ਮਨਜ਼ੂਰ ਹੈ ਇਸਤੇ ਨਾਮ ਵਾਲੇ ਊਹਾਂ ਪਹੁਚਤੇ ਹੈਂ ਤੂੰ ਭੀ ਪੂਰਨ ਜਾਨਕੈ ਨਾਮ ਜਪ ॥ ੧ ॥ ਪ੍ਰਸਨ ਆਪਨੇ ਜੋ ਪੂਰਨ ਕਹਾ ਹੈ ਸੋ ਕਿਸੇ ਇਕ ਜੀਵ ਮੇਂ ਵਾ ਵਸੇਸ ਅੰਗ ਮੈ ਪੂਰਨ ਹੈਗਾ ਸਭ ਮੇ ਕੈਸੇ ਮਾਨੈ ॥ ਉਤ੍ਰ (ਏ ਜਾਂ) ਐ ਮੇਰੇ ਪਿਆਰੇ ਓਹ ਕੌਣ ਹੈ ਜੋ ਜਿਸ ਦੇ ਸਿਰ ਸੇ ਪੈਰਾਂ ਤੋੜਾਂ ਚੇਤਨ ਸਰੂਪ ਨਾਹੀਂ ਹੈ। ਭਾਵ ਤੇਰੇ ਕਿਆ ਸਭ ਦੇ ਸਭ ਅੰਗਾਂ ਮੇ ਪੂਰਨ ਹੈ ॥ ੨ ॥ ੬੧ ॥

ਸਿਰਸੇਂ ਲੈਕੇ/ ਪਾਂਪੈਰਾਂ ਤੋੜੀ/ ਨੂਰਨਾਮਚੇਤਨਕਾ ਨੂਰੀਨਾਮਪ੍ਰਕਾਸ ਹੈ

ਹੇ ਅੰਸ/

**ਮੂਲ ॥ ਕਤਰਏ ਨੂਰੀ ਸਰਾ ਪਾਨੂਰ ਬਾਸ ॥** ਬਾਸਨਾਮਹੋ/

ਲੰਘਕਰਕੇ/ ਸੇ/ ਗੀਮਸੇਂ/ ਦਾਇਮਾਂ ਹਮੇਸ਼ਾਂ/ ਮਸਰੂਰਨਾਮ ਅਨੰਦ

**ਬੁਗੁਜ਼ਰ ਅਜ਼ ਗਮ ਦਾਇਮਾ ਮਸਰੂਰ ਬਾਸ ॥** ਬਾਸਨਾਮਹੋ ,,

ਟੀਕਾ—ਹੇ ਚੇਤਨ ਦੀ ਅੰਸ ਸਿਰ ਸੇ ਪੈਰਾਂ ਤੋੜੀ ਚੇਤਨ ਕਾ ਹੀ ਪ੍ਰਕਾਸ ਹੈ ਏਹ ਨਿਸਚੇ ਜਾਣ ਤੂੰ ॥ ੧ ॥ ਤਾਂਤੇ ਗੀਮ ਸੇ ਲੰਘ ਕਰਕੇ ਹਮੇਸਾਂ ਖੁਸਬਾਸ ਰਹੋ। ਭਾਵ ਅਨੰਦ ਰਹੋ। ਏਹ ਗੀਮ ਹੀ ਆਨੰਦ ਮੈ ਪ੍ਰਤਬੰਧਕ ਹੈ ਤਾਤੇ ਇਸਕੋ ਤਜਰਾਨੇ ਸੇ ਸੁਖ ਹੋਤਾ ਹੈ ॥ ੨ ॥ ੬੨ ॥ ਪੁਨ੍ਹੋ ਕਹੇ ॥

ਗੀਮਰੂਪੀ ਬੈਰਾਗਿਆਨ ਮੇਂ/ ਫਿਰ/

ਤਾਂ ਨਾਮਤੋਂ/ **ਤੀਬ ਕੈ ਦਰ ਬੈਰਾਗਮ ਬਾਸ਼ੀ ਮੁਦਾਮ ॥** ਮੁਦਾਮਨਾਮ ਹਮੇਸ਼ਾਂ

ਕੈਨਾਮਕਬ/ ਬਾਸ਼ੀਨਾਮਹੋਵੇਂਗਾ/

**ਬੁਗੁਜ਼ਰ ਅਜ਼ ਗਮ ਯਾਦਿ ਹਕ ਕੁਨ ਵਲ ਸ੍ਲਾਮ ॥**

ਲੰਘਕੇ/ ਸੇਂ/ ਗੀਮਸੇਂ/ ਸੀਸਾਹਦੇ ਲੋਂ ਨਿਮਸਕਾਰ ਕਰ/

Digitized by Panjab Digital Library | www.panjabdigilib.org

ਟੀਕਾ– ਹੇ ਭਾਈ ਕਬ ਤੋੜੀ ਗਮ ਰੂਪੀ ਬੰਦੀ ਖਾਨੇ ਅੰਦਰ ਹੋਵੇਗਾ ॥ ਕਿਹਾ ਹਮੇਸ਼ਾਂ ਬੈਠ ਹੀ ਰਹੇਗਾ ਏਹ ਦੁਖ ਰੂਪ ਹ ॥੧॥ ਤਾਂਤੇ ਲੰਘ ਕਰਗੰਮ ਸੇ ਸਚੇ ਦੀ ਭਗਤੀ ਕਰ ਅਰੁ ਮੈਸਾਰਕ ਵਿਸਯਾਂ ਵਲ ਨਿਮਸਕਾਰ ਕਰ ਦੇਹ) ਭਾਵ ਸਭ ਤਰਾਂ ਦੇ ਰਸ ਤਯਾਗ ਦੇਹ ॥ ੨ ॥ ੬੩ ॥

## ਮੂ: ਗਮ ਚਿ ਬਾਸ਼ਦ ਗ਼ਫ਼ਲਤ ਅਜ਼ ਯਾਦੇਖ਼ੁਦਾਹ ॥

ਪ੍ਰਸਨ ਆਪਨੇ ਜੋ ਗੰਮਦਾ ਤਯਾਗਨਾ ਕਹਯਾ ਹੈ ਦੁਖ ਰੂਪ ਕਹ ਕਰ ਸੋ ਗੰਮ ਕਿਆ ਵਸਤੂ ਹੈ ਓਹੁ ਕਹੋ ਜਿਸ ਕੋ ਜਾਨ ਕੈ ਤਯਾਗ ਦੇਵੇਂ ਉਤਰ ਹੇ ਭਾਈ ਵਾਹਿਗੁਰੂ ਕੀ ਭਗਤੀ ਸੇ ਜੋ ਗਾਫਲ ਹੋਣਾ ਹੈ ਏਸਦਾ ਨਾਮ ਗੰਮ ਹੈ ਤਾਤੇ ਇਸਦੇ ਤਯਾਗਨੇ ਸੇ ਖੁਸੀ ਹੋਤੀ ਹੈ ॥

## ਮੂ: ਚੀਸਤ ਸ਼ਾਦੀ ਯਾਫ਼ਿਆਂ ਬੇ ਮੁਨਤਹਾ ॥

ਟੀਕ–ਪ੍ਰਸਨ ਖੁਸੀ ਕਿਆ ਵਸਤੂ ਹੈ ਉਤਰ ਭਗਤੀ ਉਸ ਬੇਮੁਨਤਹਾ ਕੀ ਜੋ ਕਰਨੀ ਏਹੀ ਖੁਸੀ ਹੈ ਕਿਉਂ ਜੋ ਭਗਤੀ ਕਰ ਜਨਮ ਮਰਨ ਦੇ ਦੁਖਤੇ ਛੁਟੀਦਾ ਹੈ ਦੁਖਾਂਤੇ ਛੁਟਨਾ ਹੀ ਖੁਸੀ ਕਹੀਤੀ ਹੈ ॥ ੬੪ ॥

## ਮੂ: ਮਾਇਨੀਏ ਬੇਮੁਨਤਹਾ ਦਾਨੀ ਕਿ ਚੀਸਤ ॥

ਟੀਕਾ–ਜਬ ਜਗਯਾਸੂਨੇ ਭਗਤੀ ਸੋ ਮੋਖ ਸੁਨੀ ਤਬ ਸੁਨ ਕੈ ਮਗਨ ਹੋਗਿਆ ਐਸੇ ਮਗਨ ਹੋਏ ਕੋ ਦੇਖਕੈ ਭਾਈ ਜੀ ਆਪਹੀ ਪਰਸਨਕਹਤੇ ਭਏ ॥ ਪ੍ਰਸਨ ਅਰਥ ਬੇਮੁਨਤਹਾ ਦਾ ਜਾਣਦਾ ਹੈ ਕਿਆ ਹੈ ? ਜਬ ਜਗਯਾਸੂ ਨਾ ਬੋਲਯਾ ਤਬ ॥

## ਮੂ: ਆ ਕਿ ਓ ਨਿਯਾਇਦ ਬ ਕੈਦੇ ਮਰਗੁ ਜ਼ੀਸਤ ॥

ਟੀਕਾ–ਉਤਰ ਓਹੁ ਜੋ ਨਹੀ ਆਂਵਦਾ ਵਿਚ ਕੈਦ ਮਰਨੇ ਜੀਵਣ ਦੀ ਉਸ ਬੇਮੁਨਤਹਾ ਦਾ ਏਹ ਅਰਥ ਹੈ ॥ ੬੫ ॥ ਸਿਧਾਂਤ ॥

## ਮੂ: ਦਰ ਸੁਰੇ ਹਰ ਮੁਰਦ ਜ਼ਨ ਸੌਦਾਇ ਓਸਤ ॥
## ਦਰ ਦੋ ਆਲਮ ਸ਼ੋਰਸ਼ੇ ਗ਼ੋਗ਼ਾਇ ਓਸਤ ॥

ਟੀਕਾ– ਤਮਾਮ ਪੁਰਸਾਂ ਔ ਇਸਤ੍ਰੀਓਂ ਕੇ ਸਿਰਦੇ ਅੰਦਰ ਧਿਆਨ ਉਸਕਾ ਹੈ ) ਭਾਵ ਸਭ ਲੋਕਪਰਮੇਸ਼ਰ ਸੇਮੰਗ ਰਹੇ ਹੈ ਕੋਈ ਇਸਤਰੀ ਪੁਤਰ

Digitized by Panjab Digital Library | www.panjabdigilib.org

ਧਨ ਕੋਈ ਪਤਿਭ੍ਰਤਾ ਕੋਈ ਮੋਖ ਮੰਗ ਰਹੇ ਹੈਨ ॥੧॥ ਅੰਦਰ ਦੋਨੋ ਲੋਕਾ ਦੇ ਸ਼ੋਰ ਸਰਾਬਾ ਅਰੁ ਡੰਡ ਰੋਲਾ ਉਸਕਾ ਹੈ । ਭਾਵ ਵਾਹਿਗੁਰੂ ਕੀ ਸਤਿਆਕਰ ਸਭੀ ਬੋਲ ਚਾਲ ਰਹੇ ਹੈਂ ॥ ਅਰ ਸਭ ਬਿਹਾਰ ਰਹੇ ਹੈਂ ਪ੍ਰਮਾਨ ਸਭੀ ਘਟ ਬੋਲੈ ਰਾਮ ਬਿਨ ਕੋ ਬੋਲੇ ਰੇ ॥੨॥੬੬॥ ਪ੍ਰਸਨ ਐਸੇ ਬ੍ਰਹਮ ਕਾ ਉਤ੍ਰ ॥

**ਮੂ: ਮੰਜਲੇ ਓ ਬਰ ਜ਼ਬਾਨੇ ਔਲੀਆ ਸਤ ॥**
**ਰੋਜ਼ ਸ਼ਬ ਕੰਦਰ ਦਿਲਸ਼ ਯਾਦੇ ਖੁਦਾਸਤ ॥**

ਟੀਕਾ—ਟਿਕਾਣਾ ਉਸ ਵਾਹਿਗੁਰੂ ਕਾ ਉਪਰ ਰਸਨਾ ਸੰਤਾ ਕੀ ਕੇ ਹੈ ॥ ੧ ॥ ਪ੍ਰਸਨ ਜਗਤ ਤੇ ਜੁਦਾ ਸੰਤਾ ਕੀ ਰਸਨਾ ਪਰ ਕੈਸੇ ਟਿਕਾਨਾ ਮਾਨੈ ॥ ਉਤਰ ਦਿਨ ਰਾਤ ਜੋ ਅੰਦਰ ਦਿਲਦੇ ਓਹੁ ਸੰਤ ਸੁਆਸ ੨ ਯਾਦਗੀਰੀ ਵਾਹਿਗੁਰੂ ਕੀ ਕਰਦੇ ਹੈਂ ਇਸਤੇ ਟਿਕਾਣਾ ਜਾਨ ॥ ੨ ॥ ੬੭ ॥ ਪੁਨਾ ॥

**ਮੂ: ਚਸ਼ਮ ਓ ਬਰ ਗੈਰ ਹਰਗਿਜ਼ ਵਾ ਨ ਸ਼ੁਦ ॥**
**ਕਤਰਏ ਓ ਜੁਜ਼ ਸੂਏ ਦਰਿਯਾ ਨ ਸ਼ੁਦ ॥**

ਟੀਕਾ—ਨੇਤ੍ਰ ਉਨਕੇ ਬਿਨਾ ਭਜਨ ਔ ਵਾਹਿਗੁਰੂ ਕੇ ਹੋਰ ਕਿਸੀ ਉਪ੍ਰ ਦਾਚਿਤ ਖੁਲਦੇ ਨਹੀ ਹੈਂ । ਭਾਵ ਵਾਹਿਗੁਰੂ ਤੇ ਬਿਨਾ ਹੋਰ ਕਿਸੇ ਦਾ ਧਯਾਨ ਭੀ ਕਰਦੇ ॥ ੧ ॥ ਪੁਨਾ ਰਿਦਾ ਉਨਾ ਸੰਤਾਂ ਕਾ ਬਿਨਾ ਤਰਫ ਦਰਿਆਇ ਕੀ ਨਹੀ ਹੋਤਾ । ਭਾਵ ਸੰਤਾ ਕਾ ਰਿਦਾ ਵਾਹਿਗੁਰੂ ਬਿਨਾ ਹੋਰ ਤਰਫ ਨਹੀ ਜਾਤਾ ਇਸਤੇ ॥ ੨ ॥ ੬੮ ॥

**ਮੂ: ਬੰਦਏ ਓ ਸਾਹਿਬੇ ਹਰ ਦੋ ਸਰਾਂ ॥**
**ਕੋ ਨ ਬੀਨਦ ਗੈਰ ਕਸੇ ਕਿਬਰੀਆਂ ॥**

ਓਹ ਬੰਦੇ ਸਾਹਿਬ ਦੋਨੋ ਲੋਕਾਂ ਕੇ ਹੈਂ । ਭਾਵ ਉਨਾਂ ਕਾ ਹੁਕਮ ਕੋਈ ਨਹੀਂ ਮੋੜ ਸ਼ਕਦਾ ॥ ੧ । ਕਿਉਂ ਜੋ ਨਹੀਂ ਦੇਖਦੇ ਬਿਨਾ ਸਰੂ ਵਾਹਿਗੁਰੂ ਕੇ ਹੋਰ ਦਾ ਸਰੂਪ ॥ ਸਾਖੀ ਤ੍ਰਿਲਕੇ ਭਗਤ ਕੀ ॥ ੨ ॥ ਐਸੇ ਨੇਸਟਾ ਵਾਲੇ ਸੰਤ ਅਗੇ ਜਗਾਸੂਆਂ ਕੋ ਜੈਸੇ ਉਪਦੇਸ਼ ਕਰਤੇ ਹੈਂ ਸੋ ਭਾਈ ਜੀ ਕਹਤੇ ਹੈ ॥ ॥ ੨ ॥ ੬੯ ॥

Digitized by Panjab Digital Library | www.panjabdigilib.org

**ਮੂ: ਈਂ ਜ਼ਹਾਨੋ ਆਂ ਜ਼ਹਾਂ ਫ਼ਾਨੀ ਬਵੱਦ ॥**
**ਗੈਰ ਯਾਦ ਸ ਜ਼ੁਮਲਹ ਨਾਦਾਨੀ ਬਵੱਦ ॥**

ਟੀਕਾ—ਹੇ ਭਾਈ ਏਹ ਲੋਕ ਅਰੁ ਓਹੁ ਲੋਕ ਨਾਸਰੂਪ ਹੈ। ਭਾਵ ਨੇ ਲੋਕ ਲੋਕਾਂ ਕੋ ਨਾਸ ਰੂਪ ਜਾਣ ਜਬ ਦੋਨੋ ਨਾਸਰੂਪ ਹੈਂ ਤਬ ਫੇਰ ਲੋਕਕ ਸੁਖ ਔ ਪਦਾਰਥੋਂ ਕਾ ਸੰਕਲਪ ਨਾ ਕਰੀਏ ॥ ੧ ॥ ਪੁਨਾ ਦੋਨੋ ਲੋਕਾਂ ਕੇ ਸੁਖ ਔ ਪਦਾਰਥੋਂ ਕੋ ਅਛੇ ੨ ਸਿਆਣੇ ਚਾਹ ਰਹੇ ਹੈ ਤਿਸਕਰ ਅਨੇਕ ਕਰਮੋ ਮੇ ਲਗਤੇ ਹੈ ਉਤਰ ਬਿਨਾ ਭਗਤੀ ਉਸ ਪ੍ਰਮੇਸ੍ਰ ਕੀ ਕੇ ਤਮਾਮ ਕਰਮਾਂ ਵਾਲੇ ਮੂਰਖ ਹੈਂ । ਭਾਵ ਇੰਦ੍ਰਿਆਂ ਦੇ ਸੁਖਾਂ ਵਾਸਤੇ ਹੋਰ ਕਰਮਾਂ ਮੈ ਲਗਕੇ ਜਿਨਾ ਨੇ ਭਗਤੀ ਭੁਲਾ ਦਿਤੀ ਹੈ ਓਹੁ ਮੂਰਖ ਕਹੀਤੇ ਹੈਂ ॥ ੨ ॥ ੭੦ ॥

**ਮੂ: ਯਾਦ ਕੁਨ ਹਾ ਤਾ ਤੂਨੀ ਯਾਦ ਕੁਨ ॥**
**ਖ਼ਾਨਹ ਰਾ ਅਜ਼ ਯਾਦ ਹਕ ਆਬਾਦ ਕੁਨ ॥**

ਟੀਕਾ—ਤਾਂਤੇ ਹੇ ਭਾਈ ਜਬ ਤੁਕ ਭਗਤੀ ਕਰ ਸਕੇ ਖਬ੍ਰਦਾਰ ਹੋਕਰ ਤਬ ਤਕ ਭਗਤੀ ਕਰੁ ॥ ੧ ॥ ਪੁਨਾ ਸ਼ਰੀਰ ਰੂਪੀ ਘਰ ਕੋ ਭਾਂਈ ਸਚੇ ਕੀ ਭਗਤੀ ਸੇ ਵਸਾਵਣਾ ਕਰੁ ॥ ੨ ॥ ੭੧ ॥

**ਮੂ: ਈਂ ਦਿਲੇ ਤੋ ਖ਼ਾਨਏ ਹਕ ਬੂਦਹ ਅਸਤ ।**

ਟੀਕਾ—ਇਸ ਕਾਰਨ ਵਸੋਂ ਕਰੋ ਜੋ ਏਹ ਦਿਲ ਤੇਰਾ ਜੋ ਹੈ ਏਹ ਘਰ ਸਚੇ ਦਾ ਬਣਿਆਂ ਹੂਆ ਹੈ । ਭਾਵ ਸਚੇ ਨੇ ਬਨਾਯਾ ਹੈ ਅਰੁ ਸਚਾ ਇਸ ਮੇਂ ਵਸਦਾ ਹੈ ॥

**ਮੂ: ਮਨ ਚਿ ਗੋਇਮ ਹਕ ਚੁਨੀ ਫ਼ਰਮੂਦਹ ਅਸਤ ॥**

ਟੀਕਾ—ਕੇਵਲ ਇਕ ਮੈਨੇ ਕਿਆ ਕਹਿਆ ਹੈ ਸਚੇ ਨੇ ਭੀ ਐਸੇ ਹੀ ਕਹਯਾ ਹੈ । ਭਾਵ ਪ੍ਰਮਾਨ ਸਭਿ ਘਟਿ ਮੇਰੇ ਹਉ ਸਭਨਾ ਅੰਦਰਿ ॥ ਵਾਰਾਂ ਤੇ ਵਧੀਕ ਸਲੋਕ ਮ: ੧ ॥ ੨ ॥ ੭੨ ॥

**ਮੂ: ਸਾਹਿਬਾ ਤੋ ਹਮ ਨਸ਼ੀਨੋ ਹਮ ਜ਼ੁਬਾਂ ॥**
**ਤੋ ਬਸੂਏ ਨਾਕਸੇ ਹਰ ਕਸ ਦਵਾਂ ॥**

Digitized by Panjab Digital Library | www.panjabdigilib.org

ਟੀਕਾ—ਤਾਂਤੇ ਦੇਖ ਐਸਾ ਸਮ੍ਰਥ ਪਾਤਿਸਾਹ ਵਾਹਿਗੁਰੂ ਸਾਥ ਤੇਰੇ ਬੈਠੀ ਹੈ ਨਿਸਚੇ ਸੋ ਅਰੁ ਭੀ ਰਸਨਾ ਸੇ ਗਲਾਂ ਕਰਦਾ ਹੈਂ ਸਾਥ ਤੇਰੇ। ਭਾਵ ਸਭ ਐਸੇ ਕਰਤੇ ਹੈਂ ॥ ੧ ॥ ਅਰੁ ਫੇਰ ਤੂੰ ਹਰ ਕਿਸੇ ਖਾਲੀ ਝੂਠੇ ਕੀ ਤਰਫ ਦੌੜਦਾ ਹੈ। ਭਾਵ ਪ੍ਰਮੇਸ੍ਰ ਕੋ ਛਡਕੇ ਦੇਵਤਿਆਂ ਸੇ ਮੰਗਤਾ ਹੈ ਤਿਨਾਂ ਕੋ ਪੂਜਦਾ ਹੈ। ਪ੍ਰਮਾਣ ਸਤਿਗੁਰੂ ਸਾਹਿਬ ਛਡਕੇ ਮੰਗਣਿਆਂ ਨੂੰ ਮੰਗਣ ਜਾਹੀਂ। ਵਾਰ ਭਾਈ ਗੁਰਦਾਸ ਕੀ ॥

ਮੂ: ਵਾਇ ਤੋ ਬਰ ਜਾਨ ਤੋ ਅਹਿਵਾਲ ਤੋ ॥
ਵਾਇ ਬਰ ਈ ਗਫਲਤ ਅਫਆਲ ਤੋ ॥

ਟੀਕਾ—ਤਾਂਤੇ ਹੈ ਭਾਈ ਅਫਸੋਸ ਹੈ ਤੇਰੇ ਬੋਲਨੇ ਉਪ੍ਰ ਅਰੁ ਅਫਸੋਸ ਹੈ ਤੇਰੀ ਜਾਨ ਉਪਰ ਅਰੁ ਅਫਸਸ ਹੈ ਤੇਰਯਾ ਕਰਤਬਾਂ ਉਪਰ ॥ ੧ ॥ ਪੁਨਾ ਅਫਸੋਸ ਹੈ ਤੇਰੀ ਪ੍ਰਮਾਦਤਾਂ ਉਪਰ ਅਰੁ ਅਫਸੋਸ ਹੈ ਤੇਰੇ ਬਦਫੈਲਾਂ ਕੁਸੰਗਤ ਉਪਰ। ਭਾਵ ਪ੍ਰਮੇਸਰ ਕੋ ਤਯਾਗ ਕੈ ਹੋਰ ਤਰਫ ਲਗਨੇ ਸੇ ਤੇਰੇ ਕੋ ਅੰਤ ਨੂੰ ਕਸਟ ਹੋਗਾ ॥ ੨ ॥ ੭੪ ॥ ਪ੍ਰਸਨ ਪ੍ਰਮੇਸਰ ਕੀ ਤਰਫ ਲਗਨੇ ਕੀ ਰੀਤੀ ਕਹੀਏ ਅਰੁ ਜੋ ਤਤ੍ਪਰ ਹੂਆ ੨ ਹੈ ਉਸਕਾ ਲਖਨ ਕੈਸੇ ਜਾਣੀਏ ਹੈ ਸੋ ਭੀ ਕਹੋ ਉਤ੍ਰ ॥

ਮੂ: ਹਰਕਸੇ ਕੋ ਤਾਲਬੇ ਦੀਦਾਰ ਸੁਦ ॥
ਪੇਸ਼ ਚਸ਼ਮ ਸ਼ ਜੁਮਲਹ ਨਕਸ਼ ਯਾਰ ਸ਼ੁਦ ॥

ਟੀਕਾ—ਹੇ ਭਾਈ ਜੋ ਕੋਈ ਇਛਿਆਵਾਨ ਸਰੂਪ ਕਾ ਹੂਆ ਹੈ। ਭਾਵ ਬ੍ਰਹਮ ਸਰੂਪ ਦੇਖਾ ਚਾਹਤਾ ਹੈ ॥੧॥ ਉਸ ਕੇ ਨੇਤ੍ਰਾਂ ਅਗੇ ਤਮਾਮ ਸੰਸਾਰ ਸਰੂਪ ਪ੍ਰਮੇਸ੍ਰ ਕਾ ਦ੍ਰਿੜ ਹੋਤਾਹੈ।ਪ੍ਰਮਾਨ ਸਭ ਗੋਬਿੰਦ ਹੈ ੨ ਗੋਬਿੰਦ ਬਿਨ ਨਹੀ ਕੋਈ। ਸਾਖੀ ਫਤਯਾਦ ਕੇ ਸੀਰੀਦਾਰ ਫਲੂਦੇ ਕਾ ਸਬਦ ਸੀਰੀ ਸਮਮਾਲਮ ਹੋਤਾਥਾ ਹੋਰ ਮਜਨੂੰ ਕੋ ਸਭ ਤਰਫ ਲੈਲੀ ਕੇ ਘਰ ਹੀ ਪ੍ਰਤੀਤ ਹੋਤੇ ਥੇ। ਭਾਵ ਐਸੇ ਜਾਣਤਾ ਹੈ ਔ ਦੇਖਤਾ ਹੈ ਪ੍ਰਪਕ ਦ੍ਰਿਸ਼ਟੀ ਹੋਣੇ ਤੇ ਜੈਸੇ ਮੀਰ ਦੈਂਤ ਜਹਾਂ ਕਹਾਂ ਰਾਮਚੰਦ ਧਨਖਬਾਨ ਲੀਆ ਹੂਆ ਭੈ ਰੂਪ ਚਿੰਤਨ ਸੇ ਦੇਖਤਾ ਸੀ ਐਸੇ ਚਿੰਤਨ ਕੀ ਬਹੁਲਤਾ ਸੇ ਨਿਗਾ ਆਵਤਾ ਹੈ ॥ ੨ ॥ ੭੫ ॥

ਮੂ: ਦਰਮਿਆਨੇ ਨਕਸ਼ ਨਕਾਸ਼ ਅਸਤ ਬਸ ॥
ਈਂ ਸੁਖਨ ਰਾ ਦਰ ਨਿਯਾਬਦ ਬੁਲ ਹਵਸ ॥

Digitized by Panjab Digital Library | www.panjabdigilib.org

ਟੀਕਾ—ਬੀਚ ਸ੍ਰੀਰਰੂਪੀ ਪੁਤਲੀਆਂ ਦੇ ਸ੍ਰੀਰਾਂ ਦੇ ਬਨਾਨੇ ਵਾਲਾ ਹਰੀ ਬਸਤਾ ਹੈ । ਭਾਵ ਬਯਾਪਕ ਹੈ ਐਸੇ ਨਿਸਚਾ ਹੋਤਾ ਹੈ ਅਰੁ ਪ੍ਰੇਮਕ ਦ੍ਰਿਸਟੀ ਹੋਤੀ ਹੈ ਤਿਨਾਂ ਦੀ ॥ ੧ ॥ ਸ੍ਰੀ ਰਾਂਮੈ ਜੋ ਬਯਾਪਕਰੂਪ ਕਹਣਾ ਹੈ ਇਸ ਬਚਨ ਕੇ ਤਾਂਈ ਅੰਦਰ ਦਿਲਦੇ ਨਹੀ ਪਾ ਸਕਦਾ ਮਾਲਕ ਇਛਿਆ ਦਾ । ਭਾਵ ਪਦਾਰਥਾਂ ਦੇ ਸੁਖਾਂ ਦੀ ਇਛਿਆ ਵਾਲਾ ਪੁਰਸ ਇਸ ਭੇਦ ਨੂੰ ਨਹੀ ਜਾਣ ਸਕਦਾ ਜਿਸ ਨੂੰ ਪ੍ਰੇਮ ਹੋਵੇ ਓਹੁ ਜਾਨ ਸਕਦਾ ਹੈ ॥ ੨ ॥ ੭੬ ॥

**ਮੂ: ਗਰ ਤੂ ਮੇਖਾਨੀ ਜ਼ਿ ਇਸ਼ਕੇ ਹਕ ਸਬਕ ॥**

ਟੀਕਾ—ਹੇ ਭਾਈ ਜੇਕਰ ਤੂੰ ਜਾਣਿਆਂ ਚਾਹੁਤਾ ਹੈ ਤਾਂ ਪਰੇਮ ਸੇ ਸਚ ਦਾ ਪਾਠ ਪੜ੍ਹ ॥ ਪ੍ਰਸਨ ਸਚ ਦਾ ਓਹ ਕੇਹੜਾ ਪਾਠ ਹੈ ਜਿਸ ਕੇ ਪੜ੍ਹਨੇ ਤੇਂ ਜਾਣਿਆ ਜਾਤਾ ਹੈ ਸੋ ਕਹੀਏ ਜੀ ਉਤ੍ਰ ॥

**ਮੂ: ਯਾਦ ਹਕ ਕੁਨ ਯਾਦ ਹਕ ਕੁਨ ਯਾਦ ਹਕ ॥**

ਟੀਕਾ—ਯਾਦਗੀਰੀ ਸਚੇ ਦੀ ਕਰੁ ੩ ਤਿਨਕਾਲ । ਭਾਵ ਜਬ ਯਾਦਗੀਰੀ ਕਰੇਂ ਤਾਂ ਜਾਣ ਲਏਂਗਾ ੨ ॥ ੭੭ ॥ ਐਸੇ ਸੁਨਕੇ ਜਗਜਾਸੂ ਮਗਨ ਹੋ ਗਿਆ ਤਬ ਭਾਈ ਜੀ ਪਰੁਪਕਾਰ ਸੇ ਫੇਰ ਜਗਜਾਸੂਆਂ ਕੋ ਬੁਲਾਨੇ ਵਾਸਤੇ ਆਪ ਹੀ ਪ੍ਰਸਨ ਕਰਤੇ ਹੈ ॥

**ਮੂ: ਏ ਬਿਰਾਦਰ ਯਾਦਿ ਹਕ ਦਾਨੀ ਕਿ ਚੀਸਤ**
**ਅੰਦਰੂਨੇ ਜੁਮਲਹ ਦਿਲਹਾ ਜਾਇ ਕੀਸਤ ।**

ਟੀਕਾ—ਐ ਭਾਈ ਯਾਦਗੀਰੀ ਸਚੇ ਵਾਹਿਗੁਰੂ ਦੀ ਜਾਣਦਾ ਹੈਂ ਕਿਆ ਚੀਜ ਹੈ ॥੧॥ ਪੁਨਾ ਅੰਦਰ ਤਮਾਮ ਦਿਲਾਂ ਦੇ ਜਗਾ ਕਿਸ ਕੀ ਹੈ ਆਪ ਜਾਣਦੇ ਹੋ ॥ ੨ ॥ ੭੮ ॥ ਮਗਨ ਹੋਏ ੨ ਜਗਜਾਸੂ ਨੇ ਉਤਰ ਜਬ ਨਾਂ ਦੀਆਂ ਤਬ ਫੇਰ ਆਪ ਹੀ ਉਨ ਪ੍ਰਸਨੋ ਕਾ ਉਤਰ ਕਹਤੇ ਭਏ ॥

**ਮੂ: ਚੂੰ ਦਰੂਨੇ ਜੁਮਲਹ ਦਿਲਹਾ ਜਾਇ ਓਸਤ ॥**
**ਖਾਨਏ ਦਿਲ ਮੰਜ਼ਲੋ ਮਾਵਾਇ ਓਸਤ ।**

ਟੀਕਾ—ਹੀ ਭਾਈ ਐਸੇ ਜਾਨ ਜੋ ਅੰਦਰ ਤਮਾਮ ਦਿਲਾਂ ਦੇ ਜਾਗਾ ਉਸ ਪ੍ਰਮੇਸਰ ਕੀ ਹੈ ॥ ੧ ॥ ਪੁਨਾ ਦਿਲਰੂਪੀ ਘਰ ਦਾ ਥਾਂ ਅਰੁ ਦੇਸ ਉਸੀ ਕਾ

Digitized by Panjab Digital Library | www.panjabdigilib.org

ਹੀ ਬਣਿਆ ਹੈ ਸਭੀ ਕਹਤੇ ਹੈ ॥ ੨ ॥ ੮੯ ॥ ਇਸੀ ਕੀ ਅਨਵਾਦ ਅਰੁ ਸਿਖਿਆ ਕਹੇ ਹੈਂ ॥

**ਮੂ: ਚੂੰ ਬਿਦਾਂਨਿਸਤੀ ਕਿ ਦਰ ਦਿਲਹਾ ਖੁਦਾਸਤ ॥**

**ਪਸ ਤੁ ਰਾ ਆਦਾਬ ਹਰ ਦਿਲ ਮੁਦਿਆਸਤ ॥**

ਟੀਕਾ—ਹੇ ਭਾਈ ਜਬ ਐਸੇ ਜਾਣ ਲਿਆ ਹੈ ਤੈਂ ਜੋ ਅੰਦਰ ਤਮਾਮ ਦਿਲਾਂ ਦੇ ਵਾਹਿਗੁਰੂ ਹੈ ॥ ੧ ॥ ਤਬ ਫੇਰ ਤੇਰੇ ਤਾਂਈ ਅਦਬ ਕਰਨਾ ਤਮਾਮ ਜੀਵਾਂ ਦਾ ਚਾਹੀਦਾ ਹੈ ॥ ੨ ॥੯੦॥ ਅਬ ਅਗੇ ਪੈਲੇ ਪ੍ਰਸਨ ਦਾ ਉਤ੍ਰ ਕਹਤੇ ਹੈਂ ॥

**ਮੂ: ਯਾਦਿ ਹਕ ਈਂ ਨਸਤ ਦੀਗਰ ਯਾਦ ਨੇਸਤ ॥**

**ਹਰਕਿ ਰਾ ਈਂ ਗਮ ਨ ਬਾਸ਼ਦ ਸ਼ਾਦ ਨੇਸਤ ॥**

ਟੀਕਾ—ਯਾਦਗੀਰੀ ਕਰਨੀ ਸਚੇ ਵਾਹਿਗੁਰੂ ਦੀ ਏਹੀ ਹੈ ਜੋ ਦੂਸਰੇ ਦੇਵੀ ਦੇਵਤੇ ਆਦੀ ਕੀ ਯਾਦਗੀਰੀ ਨਾਂ ਕਰਨੀ ॥ ੧ ॥ ਜਿਸ ਕਿਸੀ ਕੋ ਇਸ ਬਾਤ ਦਾ ਧਿਆਨ ਨਹੀਂ ਹੈ ਉਸ ਕੋ ਕਭੀ ਬ੍ਰਹਮਾਨੰਦ ਪਰਾਪਤਿ ਨਹੀਂ ਹੋਤਾ । ਭਾਵ ਜਿਸਕੀ ਉਪਾਸਨਾ ਕਰੇਗਾ ਉਸ ਕਾ ਹੀ ਰੂਪ ਹੋਗਾ ਸੋ ਦੇਵੀ ਦੇਵਤਾ ਨਾਸ ਰੂਪ ਹੈ ਤੇ ਤਿਨਾਂ ਕੀ ਬਭੂਤੀ ਭੀ ਨਾਸ ਰੂਪ ਹੈ ਤਾਂਤੇ ਨਾਸ ਰੂਪ ਪਦਾਰਥ ਸੇ ਸਦਾ ਦਾ ਆਨੰਦ ਨਹੀਂ ਮਿਲਤਾ ਸਦਾ ਕਾ ਆਨੰਦ ਏਕ ਬ੍ਰਹਮ ਸੇ ਹੀ ਹੋਤਾ ਹੈ ਕਿਉਂਜੋ ਬ੍ਰਹਮ ਨਾਸ ਤੇ ਰਹਿਤ ਹੈ ਉਪਾਸਨਾ ਕਰਤਾ ਕੋ ਭੀ ਨਾਸ ਤੇ ਰਹਿਤ ਕਰ ਦੇਤਾ ਹੈ ਤਾਂਤੇ ਸਰਬ ਕੋ ਤਿਆਗ ਕਰ ਇਕ ਹਰੀ ਮੈ ਤਤਪਰ ਹੋਨਾ ਚਾਹੀਏ । ਪਜ਼ਾਨ ॥ ੨ ॥ ੯੧ ॥ ਪ੍ਰਸਨ ਭਗਤੀ ਆਦੀ ਸਾਧਨ ਸਭੀ ਜਗਜਾਸਾਕਾਲ ਮੈ ਕਰਨੇ ਤੋ ਜਰੂਰ ੨ ਚਾਹੀਦੇ ਹੈ ਪਰੰਤੂ ਜਬ ਗਿਆਨ ਅਵਸਥਾ ਮੈ ਹੋਜਾਵੈ ਤਬ ਫੇਰ ਭਗਤੀ ਕਰਨੇ ਸੇ ਕਿਆ ਲਾਭ ਹੈ ਬਿਅਰਥ ਹੈ ਕਰਨਾ ।

**ਮੂ: ਜ਼ਿੰਦਗੀਏ ਆਰਫਾਂ ਯਾਦੇ ਖੁਦਾਸਤ ॥**

**ਅਜ਼ ਖੁਦਾ ਦੂਰਸਤ ਹਰਕਸ ਖੁਦ ਨੁਮਾਸਤ ।**

Digitized by Panjab Digital Library | www.panjabdigilib.org

ਟੀਕਾ—ਹੇ ਭਾਈ ਭਗਤੀ ਵਾਹਿਗੁਰੂ ਕੀ ਜੋ ਹੈ ਏਹੀ ਗਯਾਨਵਾਨੋਂ ਕੋ ਜੀਵਨ ਰੂਪ ਹੈ। ਭਾਵ ਭਗਤੀ ਕਰਨੇ ਸੇ ਹੰਕਾਰ ਨਹੀਂ ਫੁਰਦਾ ਅਰ ਭਗਤੀ ਬਿਨਾ ਪੁਰਸ਼ ਹੰਕਾਰੀ ਹੋ ਜਾਤਾ ਹੈ ਅਰੁ ਹੰਕਾਰ ਦੁਖਾਂ ਕਾ ਕਾਰਨ ਹੈ ਇਸ ਤੇ ਗਿਆਨਵਾਨ ਭੀ ਭਗਤੀ ਕਰਤੇ ਹੈਂ ਤਿਆਗਤੇ ਨਹੀਂ ॥੧॥ ਕਿਉਂਕਿ ਜੋ ਕੋਈ ਭਗਤੀ ਕੋ ਤਿਆਗਕੇ ਆਪਣੇ ਆਪ ਕੋ ਬਡਾ ਕਰ ਦਿਖਾਂਵਦਾ ਹੈ ਕਿ ਮੈਂ ਹੀ ਹਰਤਾ ਕਰਤਾ ਹਾਂ ਓਹ ਵਾਹਿਗੁਰੂ ਸੇ ਦੂਰ ਹੈ। ਭਾਵ ਕਦੀ ਬ੍ਰਹਮ ਕੋ ਨਹੀਂ ਪਾਂਵਦਾ ਓਹੁ ਹੰਕਾਰੀ ਹੋਨੇ ਸੇ ਜਨਮਾਂ ਕੋ ਪਾਵਤਾ ਹੈ ॥੨॥੮੨॥ ਸਿਧਾਂਤ ਜਿਸ ਸਰੀਰ ਕੋ ਪਾਕਰ ਹੰਕਾਰ ਕਰਤੇ ਹੈਂ ਤਿਸ ਪਰ ਦ੍ਰਿਸਟਾਂਤ ਕਹਤੇ ਹੈਂ

**ਮੂ: ਚੀਸਤ ਗੋਯਾ ਮੁਸ਼ਤ ਖਾਕੇ ਬੇਸ਼ ਨੇਸਤ ॥**
**ਆਂ ਹਮ ਅੰਦਰ ਇਖ਼ਤੀਆਰੇ ਖੇਸ਼ ਨੇਸਤ ॥**

ਟੀਕਾ—(ਗੋਯਾ) ਭਾਈ ਜੀ ਕਹਤੇ ਹੈਂ ਦੇਖ ਏਹ ਸਰੀਰ ਕਿਆ ਚੀਜ਼ ਹੈ ਮੁਠੀ ਮਿਟੀ ਕੀ ਹੈ ਪਰ ਮਿਟੀ ਭੀ ਚੰਗੀ ਨਹੀਂ ਹੈ) ਭਾਵ ਤਤੋਂ ਕਾ ਬਿਕਾਰ ਹੈ ਸਰੀਰ ਅਰ ਖਰਾਬ ਹੋਣੇ ਵਾਲਾ ਹੈ।੧। ਫਿਰ ਓਹ ਸਰੀਰ ਭੀ ਆਪਣੇ ਅਖਤਿਆਰ ਦੇ ਵਿਚ ਨਹੀਂ ਹੈ) ਭਾਵ ਸਭ ਤਰਾਂ ਸੇ ਪਰਾਧੀਨ ਰਹਿਤਾ ਹੈ ਤਾਂਤੇ ਨਿਰ ਅਭਿਮਾਨ ਹੋਕਰ ਭਗਤੀ ਕਰੀਏ ਜਿਸ ਕਰ ਬ੍ਰਹਮ ਕੀ ਪਰਾਪਤੀ ਹੋਨੇ ਸੇ ਜਨਮਾਂ ਤੇ ਛੂਟ ਜਾਂਵੇ ।੨।੮੩। ਪ੍ਰਸਨ ਆਪਨੇ ਜੋ ਬ੍ਰਹਮ ਕੀ ਪਰਾਪਤੀ ਕਹੀ ਹੈ ਸੋ ਬ੍ਰਹਮ ਕੀ ਪਰਾਪਤੀ ਵਾਲੇ ਗਯਾਨਵਾਨਾਂ ਕੀ ਕੌਨ ਮਹੁਤਤਾ ਹੋਤੀ ਹੈ ਅਰੁ ਉਨਾਂ ਕਾ ਮਰਾਤਬਾ ਕਿਆ ਹੋਤਾ ਹੈ ।ਉਤਰ॥

**ਮੂ: ਹਕ ਕਿ ਹਫਤਾਦੋ ਦੁ ਮਿਲਤ ਆਫਰੀਦ ॥**
**ਫਿਰਕਹੇ ਨਾਜ਼ੀ ਅਜ਼ੀਂਹਾਂ ਬਰ ਗੁਜ਼ੀਦ ॥**

ਟੀਕਾ—ਸਚੇ ਵਾਹਿਗੁਰੂ ਨੇ ਜੋ ਸਤਰ ਦੋ ਬਹੱਤਰ ਪੰਥ ਬਨਾਏ ਹੈਂ) ਭਾਵ ਪ੍ਰਗਟ ਕੀਤੇ ਹੈਂ।੧।ਤਾਂਤੇ ਇਨਾਂ ਸਭਨਾਂ ਸੇ ਉਪਰ ਪੰਥ ਗਯਾਨਵਾਨ ਸੰਤਾਂ ਦਾ ਗੁਜਰਿਆ ਹੈ) ਭਾਵ ਸਭਨਾਂ ਕਾ ਸਰੋਮਣੀ ਕੀਤਾ ਹੈ ।੨।੮੪। ਪ੍ਰੋੜਤਾ ਵਾਸਤੇ ਫੇਰ ਕਹਤੇ ਹੈਂ ।

**ਮੂ: ਫਿਰਕਹੇ ਨਾਜ਼ੀ ਬਿਦਾਂ ਬੇਇਸਤਬਾਹ ॥**
**ਹਸਤ ਹਫਤਾਦੋ ਦੁ ਮਿਲਤ[illegible] ਰਾ ਪਨਾਹ ॥**

Digitized by Panjab Digital Library | www.panjabdigilib.org

ਟੀਕਾ—(ਬੇਇਸਤ੍ਰਬਾਹ) ਨਿਸਚੇ ਕਰਕੇ ਤੂ ਜਾਣ ਜੋ ਪੰਥ ਗਜ਼ਾਨਵਾਨ ਸੰਤਾਂ ਦਾ ਹੈ ।੧। ਓਹ ਬਹਤੁਰ ਪੰਥਾਂ ਦਾ ਆਸਰਾ ਹੈ) ਭਾਵ ਜਬ ਭੀੜਾ ਆਬਨਤੀ ਹੈ ਤਬ ਓਹ ਸਕਤੀ ਦਿਖਾ ਕਰ ਸਹਾਇਤਾ ਕਰਤੇ ਹੈਂ ਜਿਸ ਕਰ ਫੇਰ ਭੀੜਾਂ ਦੂਰ ਹੋਕਰ ਲੋਕ ਮਾਨਣੇ ਲਗ ਜਾਤੇ ਹੈਂ।੨।੯੫। ਹੋਰ ਮਹੱਤਤਾ ਤਿਨਾਂ ਦੀ ਕਹਤੇ ਹੈ।

**ਮੂੰ: ਮਰਦਮਾਨਸ ਹਰ ਯਕੇ ਪਾਕੀਜ਼ਹ ਤਰ ॥**
**ਖ਼ੂਬ ਰੋ ਓ ਖ਼ੂਬ ਖ਼ੋ ਓ ਖ਼ੁਸ਼ ਸਿਯਰ ॥**

ਟੀਕਾ—ਐਸੇ ਸੰਤ ਵਾਹਿਗੁਰੂ ਕੇ ਪਿਆਰੇ ਜੋ ਹੈਂ ਓਹ ਹਰ ਇਕ ਸੇ ਅਤੀ ਪਵਿਤ੍ਰ ਹੈ।੧। ਪੁਨਾ ਵਾਹਿਗੁਰੂ ਕੇ ਪਿਆਰੇ ਹੋਨੇ ਤੇ ਚੰਗੀ ਸੁੰਦਰ ਛਬ ਹੈ ਉਨਾਂ ਕੀ ਅਰੁ ਚਾਲ ਹੈ ਉਨ ਕੀ ਅਰੁ ਚੰਗਾ ਸੁਭਾਵ ਹੈ ਉਨਾਂ ।।੨।੯੬॥

**ਮੂੰ: ਪੇਸ਼ ਸ਼ਾਂ ਜੁਜ਼ ਯਾਦ ਹਕ ਮਨਜ਼ੂਰ ਨੇਸਤ ॥**
**ਗ਼ੈਰ ਹਰਫ਼ ਬੰਦਗੀ ਦਸਤੂਰ ਨੇਸਤ ॥**

ਟੀਕਾ—ਅਗੇ ਉਨਾਂ ਕੇ ਬਿਨਾਂ ਭਗਤੀ ਸਚੇ ਕਾ ਸੇ ਹੋਰ ਕੋਈ ਧਨ ਮਨਜ਼ੂਰ ਨਹੀਂ ਹੈ।੧। ਪੁਨਾ ਬਿਨਾ ਅਖਰ ਭਗਤੀ ਦੇ ਹੋਰ ਰੀਤੀ ਰੈਨਾਂ ਦੀ ਨਹੀ) ਭਾਵ ਭਗਤੀ ਕਰਨੀ ਤੇ ਪੜਨੀ ਤੇ ਸੁਨਨੀ ਤੇ ਭਗਤੀ ਸੁਨਾਵਣੀ ਕਰਤੇ ਹੈ ਹੋਰ ਕਰਮ ਚਾਹੁਦੇ ਹੀ ਨਹੀ।੨।੯੭॥

**ਮੂੰ: ਮੇਰਿਕਦ ਅਜ਼ ਹਰਫ਼ ਸ਼ਾਂ ਕੰਦੋ ਨਬਾਤ ॥**
**ਬਾਰਦ ਅਜ਼ ਹਰਿ ਮੂਇ ਸ਼ਾਂ ਆਬੇ ਹਯਾਤ ॥**

ਟੀਕਾ— ਇਸੀਤੇ ਚੋਵਤਾ ਹੈ ਉਨਾਕੇ ਬਚਨੋ ਸੇ ਰੋਆ ਮਿਸ਼ੀ ਕਾ। ਭਾਵ ਉਨਾਕੇ ਬਚਨਾਸੇ ਭਗਤੀ ਕਾਹੀ ਕਥਨ ਉਪਜਤਾਹੈ ਪੁਨਾ ਉਨਾ ਕੇ ਤਮਾਮ ਰੋਮਾਸੇ ਬਰਸਤਾ ਹੈ ਅੰਮ੍ਰਿਤ। ਭਾਵ ਸੁਆਸ ੨ ਸੇ ਨਾਮ ਕਾ ਉਚਾਰਨ ਹੋਤਾ ਹੈ॥੨॥੯੮॥

**ਮੂੰ: ਫ਼ਾਰਗ ਅੰਦ ਅਜ਼ ਬੁਗਜ਼ ਕੀਨਹ ਵ ਜ ਹਸਦ ॥**

Digitized by Panjab Digital Library | www.panjabdigilib.org

**ਬਰ ਨਮੇਆਇੰਦ ਜ਼ਿ ਏਸਾਂ ਫੈਲ ਬਦ ॥**

ਟੀਕਾ–ਇਸੀਤੇ ਓਹ ਸੰਤ ਨਿਆਰੇ ਹੈਂ ਗੁਸੇ ਸੇ ਅਰੁ ਦੁਸਮਨੀਸੇ ਅਰੁ ਚੁਗਲੀ ਈਰਖਾ ਬਖੀਲੀ ਸੇ ॥ ੧ ॥ ਪੁਨਾ ਬਾਹਰ ਨਹੀ ਆਂਵਦਾ ਉਨਾ ਸੇ ਕਰਮ ਬੁਰਾ। ਭਾਵ ਕੋਈਬੁਰਾ ਕਰਮ ਨਹੀ ਕਰਦੇ ਈਸਵਰ ਅਰੁ ਗੁਰਾ ਕੀ ਆਗਯਾ ਮੇ ਵਰਤ ਦੇ ਹਨ ॥ ੨ ॥ ੮੯ ॥

**ਮੂ: ਹਰ ਕਸੇ ਰਾ ਇਜ਼ਤੋ ਹੁਰਮਤ ਕੁਨੰਦ ॥**
**ਮੁਫਲਸੇ ਰਾ ਸਾਹਿਬੇ ਦੌਲਤ ਕੁਨੰਦ ॥**

ਟੀਕਾ–ਜਿਸ ਕਿਸੀਕੋ ਪਤ ਵਾਲਾ ਅਰੁ ਵਡਿਆਈ ਵਾਲਾਂ ਕਰਦੇ ਹੈਂ ਸਕਤੀ ਦੇ ਕਰ ॥੧॥ ਪੁਨਾ ਨਦਾਰਦਾਂਨਿਰਗੁਨਾਂ ਕੇਤਾਂਈ ਦੈਵੀਗੁਨਾਂ ਰੂਪੀ ਦੌਲਤ ਦਾ ਮਾਲਕ ਕਰਦੇ ਹੈ ॥ ੨ ॥ ੯੦ ॥

**ਮੂ: ਮੁਰਦਹੇ ਰਾ ਆਬਹੈਂਵਾ ਮੇਦਿਹਦ ॥**
**ਹਰ ਦਿਲੇ ਪਯ ਮੁਰਦਹ ਰਾ ਜਾਂ ਮੇਦਿਹਦ ॥**

ਟੀਕਾ–ਮਰਿਆ ਹੋਯਾਂ ਕੇ ਤਾਂਈ ਅੰਮ੍ਰਿਤ ਦੇਤੇ ਹੈਂ। ਭਾਵ ਜੋ ਵਹਿਗੁਰੂ ਕੀ ਤਰਫ ਤੇ ਮਰੇ ਹੋਏ ਹੈ ਉਨਾ ਕੋ ਨਾਮ ਦੇ ਕਰ ਜਿੰਦਾ ਕਰ ਦੇਤੇ ਹੈਂ ॥ ੧ ॥ ਪੁਨਾ (ਹਰ) ਤਮਾਮ ਮੁਰਦੇ ਕੇ (ਪਯ) ਮਾਨਿੰਦ ਦਿਲਾਂ ਵਾਲਿਆਂ ਨੂੰ ਜਿੰਦਗੀ ਦੇਤੇ ਹੈਂ। ਭਾਵ ਪ੍ਰਮਾਦੀ ਪੁਰਸਾਂ ਕੋ ਜਨਮ ਮਰਨ ਤੇ ਰੈਤ ਕਰ ਦੇਤੇ ਹੈਂ ਸਿਖਯਾ ਦੇ ਕਰ॥ ੨ ॥ ੯੧ ॥

**ਮੂ: ਸਬਜ਼ ਮੇਸਾਜ਼ੰਦ ਚੋਬੇ ਖ਼ੁਸ਼ਕ ਰਾ ॥**
**ਬੂਇ ਮੇ ਬਖ਼ਸ਼ੰਦਰੰਗ ਬੇ ਮੁਸ਼ਕ ਰਾ ॥**

ਟੀਕਾ– ਹਰਾ ਕਰਦੇ ਦੇ ਹੈ ਸੁਕੀ ਹੋਈ ਲਕੜ ਕੋ। ਭਾਵ ਪਰਖਤਗੁਰੂ ਰਾਮ ਦਾਸ ਕੇ ਸਿਖ ਭਾਈ ਮਾਧੋ ਸੋਢੀ ਕੀ ਸਾਖੀ ਅਰੁ ਅੰਤ੍ਰੀਵ ਅੰਤਾ ਕਰਨ ਨੂੰ ਆਨੰਦ ਵਾਲਾ ਕਰ ਦੇਦੇ ਹੈ ॥ ੧ ॥ ਪੁਨਾ ਭਗਤੀ ਤੇ ਰੈਤ ਪੁਰਸ਼ਾਂ ਤਾਂਈ ਪਰੇਮਾ ਭਗਤੀ ਰੂਪੀ ਸੁਗੰਧੀ ਬਖਸ਼ ਦੇਦੇਹੈ ॥ ੨ ॥ ੯੨ ॥

**ਮੂ: ਜ਼ੁਮਲਹ ਅਸਰਾਫਿਦ ਦਰ ਜ਼ਾਤੋ ਸਫਾਤ ॥**

Digitized by Panjab Digital Library | www.panjabdigilib.org

**ਤਾਲਬੇ ਜ਼ਾਤੰਦ ਖ਼ੁਦ ਹਮ ਐਨ ਜ਼ਾਤ ॥**

ਟੀਕਾ– ਤਮਾਮ ਲੋਕਾਂ ਕੇ ਅੰਦਰ ਸੰਤ ਸਰਾਫ ਹੈ ਸਰੂਪ ਅਰੁ ਸਿਫਤ ਪਰਖਨੇ ਦੇ ਵਾ ਤਮਾਮ ਤਰਾਂ ਸੇ ਸੰਤ ਸਰਾਫ ਹੈਂ ਅੰਦਰ ਸਰੂਪ ਅਰੁ ਸਿਫਤ ਪਰਖਨੇ ਦੇ । ਭਾਵ ਬ੍ਰਹਮ ਸਰੂਪ ਨੂੰ ਜਾਣਦੇ ਹੈਂ ਅਰੁ ਦਸਦੇ ਹਨ।ਪੁਨਾ ਸਿਫਤ ਪ੍ਰਮੇਸਰ ਦੀ ਕਰਦੇ ਹੈਂ ਅਰੁ ਕਰਾਵਦੇ ਹੈਂ ਅਰੁ ਕਰਨ ਵਾਲਿਆਂ ਨੂੰ ਜਾਣਦੇ ਹੈਂ ॥ ੧॥ ਪੁਨਾ ਦੇਖਨੇ ਅਰੁ ਵਰਤਨੇ ਮੈ ਇਛਿਆਵਾਨ ਬ੍ਰਹਮ ਸਰੂਪ ਦੇ ਹੋਂਦੇ ਹੈਂ ਆਪ ਭੀ ਥੌੜੇ ਵਾਸਤਵ ਤੇ ਜਿਉ ਤਿਉ ਬ੍ਰਹਮ ਦਾ ਸਰੂਪ ਹੀ ਹੈ ਸੰਤ ਓਹੁ॥ ੨ ॥ ੯੩ ॥

**ਮੂ: ਖ਼ੋਇ ਸ਼ਾਂ ਇਲਮੋ ਅਦਬ ਰਾ ਮਜ਼ਹਰ ਅਸਤ ॥**
**ਰੋਇ ਸ਼ਾਂ ਰੌਸ਼ਨ ਜ਼ਿ ਮਿਹਰੋ ਅਨਵਰ ਅਸਤ ॥**

ਟੀਕਾ–ਸੁਭਾਵ ਉਨਾਂ ਕਾ ਵਿਦਿਆ ਅਰੁ ਅਦਬ ਕਰਨੇ ਦਾ ਟਿਕਾਣਾ ਹੈ ॥ ੧ ॥ ਪੁਨਾ ਸੂਰਜ ਕੇ ਪ੍ਰਕਾਸ ਸੇ ਭੀ ਅਧਿਕ ਮੁਖ ਉਨਾ ਕਾ ਪ੍ਰਕਾਸਤਾ ਹੈ। ਭਾਵ ਪ੍ਰਕਾਸ ਚੇਤਨ ਸੇ ॥ ੨ ॥ ੯੪ ॥ ਪ੍ਰਸਨ ਜਿਨਾ ਸੰਤਾਂ ਕੀ ਆਪਨੇ ਪੁਨਾ ੨ ਮਹੱਤਤਾ ਕਹੀ ਹੈ ਸੋ ਤਿਨਾਂ ਕਾ ਨਿਜਮ ਕਰ ਕੋਈ ਪੰਥ ਭੀ ਹੈ ਜੇ ਹੈ ਤਾ ਕਹੋ ਜਿਸਕਰ ਹਮ ਲੋਕ ਜਾਨ ਲੇਵੈਂ ਸੁਖੇਨ ਬਾਹਰਲੇ ਚਿੰਨ ਤੋਂ ਕਿਉ ਜੋ ਅੰਦਰਲੇ ਚਿੰਨ ਤਾਂ ਕੋਈ ਜਾਨਤਾ ਹੈ ॥ ਉਤ੍ਰ ॥

**ਮੂ: ਮਿਲਤੇ ਸ਼ਾਂ ਕੌਮਿ ਮਸਕੀਨਾਂ ਬਵੱਦ ॥**
**ਹਰ ਦੁਆਲਮ ਸਾਇਕੇ ਈਂਨਾ ਬਵੱਦ ॥**

ਟੀਕਾ– ਪੰਥ ਉਨਾਂਕਾ ਕੁਲ ਪਦਤੀ ਗਰੀਬਾ ਦੀ ਹੈ। ਭਾਵ ਦੇਖਨ ਮੈ ਗ਼ਰੀਬ ਰੈਤੇ ਹੈ ਸਭ ਤਰਾ ਸੇ ਆਪਣਾ ਆਪ ਨਹੀ ਜਨਾਵਤੇ ॥ ਪ੍ਰਮਾਨ ਛਪਤਸਾਧ ਜਿਹ ਨਾਮ ਅਧਾਰਾ। ਭਾਵ ਗੁਪਤ ਰੈਤੇ ਹੈਂ ॥ ਰਾਮ ਅਵਤਾਰ ਕਾ ਮੰਗਲ ॥ ੧ ॥ ਏਹ ਦੋਨੋ ਲੋਕ ਪਰੇਮੀ ਉਨਾਕੇ ਹੋ ਰਹੇ ਹੈ। ਭਾਵ ਦਰਸਨ ਕਰਨਾ ਚਾਹੁਤੇ ਹੈਂ ॥ ੨ ॥ ੯੫ ॥ ਪੁਨਾ

**ਮੂ: ਕੌਮਿ ਮਸਕੀਂ ਕੌਮਿ ਮਰਦਾਨੇ ਖ਼ੁਦਾਸਤ ॥**
**ਈਂ ਹਮਹਿ ਫਾਨੀ ਓ ਆਂ ਦਾਇਮ ਬਕਾਸਤ ॥**

Digitized by Panjab Digital Library | www.panjabdigilib.org

ਟੀਕਾ— ਕੁਲ ਗਰੀਬਾਂ ਦੀ ਜੋ ਹੈ ਏਹੀ ਕੁਲ ਪਧਤੀ ਵਾਹਿਗੁਰੂ ਕੇ ਸੰਤਾਂ ਕੀ ਹੈ ॥ ੧ ॥ ਉਨਾ ਦੀ ਨਿਗਾਂ ਮੈ ਐਸਾ ਨਿਸਚਾ ਹੈ ਏ ਜੋ ਸੰਸਾਰ ਦੇਖੀਦਾ ਹੈ ਏਹ ਤਮਾਮ ਨਾਸ ਰੂਪ ਹੈ ਅਰੁ ਓਹ ਵਾਹਿਗੁਰੂ ਹਮੇਸ ਬਾਕੀ ਰੈਨੇ ਵਾਲਾ ਹੈ ਅਥਵਾ ਏਹ ਜੋ ਸੰਸਾਰ ਦੇਖੀਦਾ ਹੈ ਏਹ ਹੰਕਾਰੀ ਹੋਨੇ ਤੇ ਤਮਾਮ ਸੰਸਾਰ ਨਾਸਰੂਪ ਹੈ ਅਰੁ ਓਹ ਸੰਤ ਨਿਰਅਭਿਮਾਨ ਹੋਨੇ ਤੇ ਹਮੇਸ਼ ਬਾਕੀ ਹੈ। ਭਾਵ ਨਾਸ ਹੋਨੇ ਤੇ ਰੈਹਤ ਹੈ ॥ ੨ ॥ ੯੬ ॥

**ਮੂ: ਸੁਹਬਤੇ ਸ਼ਾਂ ਖ਼ਾਕ ਰਾ ਅਕਸੀਰ ਕਰਦ ॥**
**ਲੁਤਫ਼ ਸ਼ਾਂ ਬਰ ਹਰ ਦਿਲੇ ਤਾਸੀਰ ਕਰਦ ॥**

ਟੀਕਾ— ਸੰਗਤਿ ਉਨਾਂ ਕੀ ਮਿਟੀ ਕੇ ਤਾਂਈ ਪਾਰਸ ਕੀਆ ਅਰੁ ਕਰਤੀ ਹੈ। ਭਾਵ ਤੁਛ ਜੀਵਾਂ ਕੋ ਅਮੋਲਕ ਪ੍ਰਮੇਸਰ ਰੂਪ ਕੀਆ ਹੈ ਅਰੁ ਅਬ ਕਰਤੀ ਹੈ ॥ ੧ ॥ ਪੁਨਾ ਬਾਨੀ ਉਨਕੀ ਉਪ ਤਮਾਮ ਦਿਲਾਂ ਦੇ ਅਸਰ ਕਰਤੀ ਹੈ ਭਾਵ ਜੋ ਸੁਨਤਾ ਹੈ ਓਹੁ ਕੁਕਰਮਾਂ ਤੇ ਹਟਕੈ ਸ਼ੁਭ ਪਾਸੇ ਲਗ ਜਾਤਾ ਹੈ। ੨ ॥ ੯੭ ॥

**ਮੂ: ਹਰਕਿ ਬਾ ਏਸ਼ਾਂ ਨਸ਼ੀਨਦ ਯਕ ਦਮੇ ॥**
**ਰੋਜ਼ ਫ਼ਰਦਾ ਰਾ ਕੁਜਾ ਦਾਰਦ ਗਮੇ ॥**

ਟੀਕਾ— ਤਾਂਤੇ ਜੋ ਕੋਈ ਐ ਪਿਆਰੇ ਸਾਥ ਉਨਾ ਸੰਤਾਂ ਕੇ ਬੈਠਾ ਇਕ ਦਮ ਭਰ ਭੀ। ਭਾਵ ਥੋੜਾ ਕਾਲ ਭੀ ਜਿਸਨੇ ਸੰਗਤ ਕੀਤੀ ਹੈ ॥ ੧ ਓਹ ਕਲ੍ਹਦੇ ਦਿਨ ਦਾ ਕਬ ਗਮ ਰਖਦਾ ਹੈ। ਭਾਵ ਸਭ ਪਦਾਰਥਾਂ ਤੇ ਅਬ ਹੋ ਜਾਤਾ ਹੈ ਫੇਰ ਏਹ ਚਿੰਤਾ ਨਹੀ ਰੈਂਦੀ ਜੋ ਅਜ ਤੋ ਹਮਕੋ ਅਮਕੇ ਨੇ ਖਾਨ ਪਾਨ ਦੀਆ ਹੈ ਅਰੁ ਕਲਕੋ ਕੌਨ ਦੇਵੇਗਾ ॥ ੨ ॥ ੯੮ ॥ ਪ੍ਰਸ਼ਨ ਆਪਨੇ ਤੋ ਦ੍ਰਿੜ ਕਰਾਦੀਆ ਸੰਗਤ ਕਰਨੇ ਸੇ ਅਰੁ ਸੰਤਾਂ ਕੇ ਬਚਨਾਂ ਮੇ ਅਰੁ ਕ੍ਰਿਪਾ ਸੇ ਪ੍ਰਾਪਤੀ ਹੋਨੀ ਸਭ ਵਸਤੂ ਦੀ ਪ੍ਰੰਤੂ ਕਈਕ ਕੈਤੇ ਹੈਂ ਕੇ ਜੋ ਕੁਛ ਪ੍ਰਾਪਤੀ ਹੋਤੀ ਹੈ ਸੋ ਆਪਣੇ ਪੁਰਖਾਰਥ ਸੇ ਹੋਤੀ ਹੈ ॥

**ਮੂ: ਆਂ ਚਿਦਰ ਸੁਦ ਸਾਲ੍ਹਹੇ ਉਮਰੇ ਨਿਹਾਫ਼ਤ ॥**
**ਸੁਹਬਤੇ ਸ਼ਾਂ ਹਮ ਚੁ ਖ਼ੁਰਸ਼ੈਦ ਸ ਬਿਤਾਫ਼ਤ ॥**

ਟੀਕਾ— ਇਨਾ ਜੀਵਾਂ ਨੇ ਸੰਗਤ ਤੇ ਬਿਨਾ ਆਪਣੇ ਆਪ ਜੋ ਕਈ

Digitized by Panjab Digital Library | www.panjabdigilib.org

ਜਪ ਤਪਾਦੋ ਉਪਾਉ ਕੀਤੇ ਅੰਦਰ ਸ਼ੈਂਕੜੇ ਸ਼ਾਲ ਅਵਸਥਾ ਦੀ ਦੇ ਪ੍ਰੰਤੂ ਨਾ ਪਾਯਾ ਉਸ ਪ੍ਰਮੇਸਰ ਕੋ ॥ ੧ ॥ ਅਰੁ ਸੰਗਤਿ ਉਨਾਂ ਸੰਤਾਂ ਕੀ ਜਿਸਨੇ ਕੀਤੀ ਹੈ ਉਸਨੂੰ ਨਿਸਚੇ ਸੇ ਮਾਨਿੰਦ ਸੂਰਜ ਦੇ ਪ੍ਰਕਾਸਮਾਨ ਕੀਆ। ਭਾਵ ਪ੍ਰਾਪਤੀ ਵਾਲਾ ਕੀਆ ਹੈ ॥ ੨ ॥੯੯॥ ਪ੍ਰਸ਼ਨ ਅਬ ਆਪਣੇ ਚਿਤ ਦਾ ਨਿਸਚਾ ਕਹਾਏ ਜੀ ਆਪ ਕੀ ਕੈਸੇ ਦ੍ਰਿੜ੍ਹਤਾ ਹੈ ਜਿਸਕੋ ਸੁਨਕੇ ਹਮ ਭੀ ਵੈਸੇ ਧਾਰਨ ਕਰ ਲਏਂ ਦ੍ਰਿੜ ॥ ਉਤ੍ਰ ॥

**ਮੂ: ਮਾਂ ਕਿ ਅਜ਼ ਇਹਸ਼ਾਨ ਸ਼ਾਂ ਸ਼ਰਮਿੰਦਹ ਏਮ ॥**
**ਬੰਦਏ ਇਹਸ਼ਾਨ ਸ਼ਾਂ ਸਾਰਾ ਬਦਹ ਏਮ ॥**

ਟੀਕਾ—ਹੇ ਭਾਈ ਜੋ ਹਮ ਤੇ ਪ੍ਰਉਪਕਾਰ ਉਨਕੇ ਸੇ ਲਜਿਆਮਾਨ ਭਾਵ ਸੰਤਾ ਕੇ ਪਰਉਪਕਾਰ ਕਾ ਬਦਲਾ ਕੁਛ ਨਹੀ ਦੇ ਸਕਦੇ ਹਮ ਕੈਸੇ ਓਹ ਸ ਲੋਕ ਮੈਂ ਭੀ ਅੰਦਰਲੇ ਬਾਹਰਲੇ ਸਤਰੂਆਂ ਸੇ ਛੁਡਾਵਤੇ ਹੈ ਅਰ ਪ੍ਰਲੋਕ ਕਾ ਜਮੋ ਕੀ ਤਾੜਨਾ ਸੇ ਛੁਡਾਤੇ ਹੈਂ ਐਸੇ ॥ ੧ ॥ ਤਾਂਤੇ ਸੁਨੀਏ ਵਾਹਿਗੁਰੂ ਪ੍ਰਉਪਕਾਰ ਜਾਨਨੇ ਵਾਲੇ ਜੋ ਸੰਤ ਹੈ ਉਨਾ ਕਾ ਮੈ ਦਾਸ ਹਾਂ ਮੇਰਾ ਤੋ ਏਹ ਚਾ ਹੈ। ੨। ੧੦੦।

**ਮੂ: ਸਦ ਹਜ਼ਾਰਾਂ ਹਮਚੁ ਮਨ ਕੁਰਬਾਨਿ ਸ਼ਾਂ ॥**
**ਹਰਚਿ ਗੋਇਮ ਕਮ ਸ਼ਵਦ ਦਰਸ਼ਾਨਿ ਸ਼ਾਂ ॥**

ਟੀਕਾ—ਹੇ ਭਾਈ ਏਕ ਹਮਾਰੀ ਕਿਆ ਬਾਤ ਹੈ। ਸੈਂਕੜੇ ਹਜਾਰਾਂ ਹਮਾਰੇ ਮਾਨਿੰਦ ਨਿਸਚੇ ਸੇ ਵਾਰਨੇ ੨ ਉਨ ਕੇ ਉਪਰ ਹੋਤੇ ਹੈਂ। ਭਾਵ ਵਾਰਨੇ ਮੈ ਦੋਇ ਹੈਂ॥ ਏਕ ਤੋ ਹਮਾਰੇ ਸ੍ਰੀਖੇ ਉਨਕੇ ਉਪਰੋਂ ਵਾਰ ੨ ਸੁਟੀਦੇ ਹੈਂ ਕਿਸਤੇ ਜੋ ਸੰਤ ਸਬ ਬਾਤੋ ਸੇ ਸਪੰਨ ਹੈ ਅਰੁ ਹਮ ਤੁਛ ਹੈ। ਦੂਜਾ ਹਮਾਰੇ ਸ੍ਰੀਖੇ ਉਨਾਂ ਉਪਰੋ ਬਲਿਹਾਰ ੨ ਜਾਤੇ ਹੈਂ ਕਿਉ ਜੋ ਹਮ ਤੋ ਪ੍ਰਮੇਸਰ ਕੇ ਉਪਕਾਰ ਜਾਨਕੈ ਉਸਕਾਂ ਭਜਨ ਨਹੀ ਕਰਤੇ ਅਰੁ ਓਹੁ ਸੰਤ ਹਰੀ ਕੇ ਉਪਕਾਰਾਂ ਕੋ ਜਾਨ ਕਰ ਲਗ ਰਹੇ ਹੈਂ। ੧। ਤਾਂਤੇ ਜੋ ਕੁਛ ਉਪਮਾ ਕਰਾਂ ਮੈ ਓਹੁ ਘਟ ਹੀ ਹੈ ਅੰਦਰ ਵਡਿਆਈ ਉਨਕੀ ਕੇ। ੨। ੧੦੧। ਕਿਸ ਕਾਰਨ ਕਹਣਾ ਘਟ ਹੈ ਸੋ ਕਹੀਤੇ ਉਤ੍ਰ।

**ਸ਼ਾਂਨ ਸ਼ਾਂ ਬੇਰੂੰ ਬਵੱਦ ਅਜ਼ ਗੁਫਤ ਗੂੰ ॥**

**ਜਾਮਏ ਸਾਂ ਪਾਕ ਹਸ਼ ਅਜ਼ ਸੁਸਤ ਸੂੰ ॥**

ਟੀਕਾ—ਹੈ ਭਾਈ ਵਡਿਆਈ ਉਨਕੀ ਬਾਹਰ ਹੈ ਕਹਨੇ ਕਹਾਵਨੇ ਸੇ ਕਹੀ ਨਹੀ ਜਾਤੀ ॥ ੧ ॥ ਪੁਨਾ ਸ਼ਰੀਰ ਉਨਕਾ ਪਵਿਤ੍ਰ ਹੈ ਧੋਣੇ ਧਵਾਵਨੇ ਸੇ ਪ੍ਰਮਾਨ ਸਾਧ ਭਲੇ ਅਨੁਨਾਤਿਆਂ ॥ ੨ ॥ ੧੦੨ ॥ ਪੁਨਾ ਜਗਜਾਸੂਆਂ ਕੋ ਐਸੇ ਉਪਦੇਸ ਕਰਤੇ ਹੈ:

**ਮੂ: ਦਾਂ ਯਕੀਂ ਤਾ ਚੰਦ ਈਂ ਦੁਨੀਆਂ ਬਵੱਦ ॥**

**ਆਖ਼ਰ ਸੁ ਕਾਰੇ ਤੂ ਬਾ ਮੌਲਾ ਬਵੱਦ ॥**

ਟੀਕਾ— ਏਹ ਦੁਨੀਆਂ ਕਬ ਥੋੜੀ ਹੈ ਨਿਸਚੇ ਕਰਕੇ ਜਾਣ । ਭਾਵ ਪਿਆਰੇ ਜਿਸ ਦੁਨੀਆਂ ਮੈ ਤੂੰ ਪਰੀਤਿ ਕਰ ਰਹਿਆ ਹੈ ਨਿਸਚੇ ਜਾਣ ਏਹ ਨਾ ਰੂਪ ਹੈ ਤਾਂਤੇ ਇਸਕੀ ਪਰੀਤਿ ਤਜਾਗ ਕੇ ਅਸਥਿਰ ਰੂਪ ਹਰੀ ਕੀ ਤਰਫਲ ਕ੍ਰਿਸ ਕਾਰਨ ਜੋ ॥ ੧ ॥ ਓੜਕ ਨੂੰ ਉਸ ਵਾਹਿਗੁਰੂ ਬੇਅੰਤ ਸਾਥ ਤੇਰਾ [illegible] ਹੈ । ਭਾਵ ਵਾਹਿਗੁਰੂ ਕੇ ਸਨਮੁਖ ਹੀ ਤੇਰਾ ਨਿਆਉ ਹੋਨਾ ਹੈ ਇਸਤੇ ॥ ੨ ॥ ੧੦੩ ॥ ਪ੍ਰਸ਼ਨ ਪੀਛੇ ਤੋ ਪ੍ਰਮੇਸਰ ਕੋ ਭੂਲ ਕਰ ਮਾਯਾ ਮੈ ਲਗਨੇ ਸੇ ਅਵਸਥਾ ਬੀਤ ਗਈ ਹੈ ਅਬ ਕੈਸੇ ਲਗਨਾ ਹੋਵੇ ਪ੍ਰਮੇਸਰ ਕੀ ਤਰਫ ਜੈਸੇ ਚੋਣੀ ਪਿਛੇ ਕਰਦੇ ਹੋਵੈ ਤਾ ਉਸੀ ਮੈ ਹੀ ਲਗਨਾ ਹੋਵੇ ਹੈ ਫੇਰ ਭੀ ॥ ਉਤ੍ਰ ॥

**ਮੂ: ਪਸ ਜ਼ਿ ਅਵਲ ਕੁਨ ਹਦੀਸੇ ਸਾਹਿ ਰਾ ॥**

**ਪੈਰਵੀ ਕੁਨ ਹਾਦੀਏ ਈਂ ਰਾਹਿ ਰਾ ॥**

ਟੀਕਾ—ਹੇ ਭਾਈ ਜੋ ਅਵਸਥਾ ਬੀਤ ਗਈ ਸੋ ਬੀਤ ਗਈ ਅਬ ਫੇਰ ਮੁੜ ਸੇ ਕਰਨੇ ਲਗ ਜਾ ਹਰੀ ਦੀ ਭਗਤੀ ਤਾਈ ) ਸਾਖੀ ਲਹਤਾਂ ਗਿਨਣ ਵਾਲੇ ਕੀ ਸਮ । ੧ । ਪ੍ਰਸਨ ਭਗਤੀ ਕਰਨੇ ਕਾ ਰਸਤਾ ਕਹਾਂ ਸੇ ਮਿਲਤਾ ਹੈ ਸੋ ਕਹੀਏ । ਉਤਰ ਢੂੰਢਣਾ ਕਰ ਦਿਖਾਲਨ ਵਾਲੇ ਜੋ ਹੈਂ ਇਸ ਭਗਤੀ ਰੂਪੀ ਰਸਤੇ ਕੇ ਤਾਂਈ ) ਭਾਵ ਸਤਿ ਗੁਰਾਂ ਦੁਆਰੇ ਮਿਲਤਾ ਹੈ ਜਬ ਮਿਲ ਕਰ ਭਗਤੀ ਕਰੈਗਾ ਉਨਾਂ ਦੇ ਅਨਸਾਰ ॥ ੨ ॥ ੧੦੪ ॥

**ਮੂ: ਤਾ ਤੂ ਹਮ ਯਾਬੀ ਮੁਰਾਦੇ ਕਿਬਰੀਆ ॥**

**ਲਜ਼ਤੇ ਯਾਬੀ ਜ਼ਿ ਸ਼ੌਕੇ ਕਿਬਰੀਆ ॥**

Digitized by Panjab Digital Library | www.panjabdigilib.org

ਟੀਕਾ— ਤਾਂਤੂ ਭੀ ਪਾਵੈਗਾ ਫਲ ਉਮਤ ਦਾ ਹਰੀ ਰੂਪੀ। ਭਾਵ ਹਰੀ ਕੀ ਸਾਖਾਤ ਕਾਰਤਾ ਪਾਵੈਗਾ ।੧। ਫੇਰ ਅਗੇ ਜਿਉ ੨ ਭਗਤੀ ਮੈ ਪਰੇਮ ਕਰੇਗਾ ਤਿਉ ੨ ਪਰੇਮ ਸੇ ਹਰੀ ਕਾ ਆਨੰਦ ਪਾਵੈਗਾ ॥੨॥੧੦੫॥ ਸਿਧਾਂਤ।

**ਮੂੰ: ਜ਼ਾਹਲ ਇੰਜ਼ਾਂ ਸਾਹਿਬੇ ਦਿਲ ਮੇਸ਼ਵੱਦ ॥**
**ਗਰ ਕਿ ਦਰੀਯਾ ਓ ਬ ਸਾਹਲ ਮੇਸ਼ਵਦ ॥**

ਟੀਕ— ਇਸ ਭਗਤੀ ਕੇ ਕਰਨ ਸੇ ਅਰੁ ਗੁਰਾਂ ਕੀ ਸੰਗਤ ਸੇ ਮੂਰਖ ਭੀ ਬਡੇ ਦਿਲ ਵਾਲੇ ਹੋਤੇ ਹੈ। ਪੁਨਾ ਜੋ ਪੁਰਸ ਡੁਬੇ ਹੂਏ ੨ ਹੈ ਸੰਸਾਰਰੂਪੀ ਦਰਿਯਾਉ ਮੈ ਉਹ ਉਪਰ ਕੰਢੇ ਦੇ ਹੋਤੇ ਹੈ।੧। ਭਾਵ ਪਾਰਲੇ ਕਨਾਰੇ ਹਰੀ ਕੋ ਪਾਵਤੇ ਹੈ ॥੨॥੧੦੬॥

**ਮੂੰ: ਨਾਕਸ ਇੰਜ਼ਾਂ ਆਰਫੇ ਕਾਮਲ ਬਵੱਦ ॥**
**ਯਾਦਿ ਮੌਲਾ ਹਰ ਕਿ ਰਾਂ ਹਾਸਿਲ ਸ਼ਵਦ ॥**

ਟੀਕਾ— ਨਿਰਸਾਧਨ ਪੁਰਸ ਭੀ ਗੁਰਾਂ ਦੀ ਇਸ ਭਗਤੀ ਰੂਪੀ ਜਗਾ ਮੈਂ ਪਰਾਪਤਿ ਹੋਣੇ ਸੇ ਪੂਰਨ ਗਜਾਨਵਾਨ ਹੋਤੇ ਹੈਂ।੧। ਪੁਨਾ ਭਗਤੀ ਵਾਹਿਗੁਰੂ ਦੀ ਜਿਸ ਕਿਸੀ ਕੇ ਤਾਂਈ ਪਰਾਪਤਿ ਹੋਤੀ ਹੈ ਉਸਕੇ ਤਾਂਈ ਵਾਹਿਗੁਰੂ ਦੀ ਪ੍ਰਾਪਤੀ ਹੋਤੀ ਹੈ ॥੨॥੧੦੭॥

**ਮੂ: ਈਂ ਅਦਬ ਤਾਜ਼ਸਤ ਬਰ ਅਫਰਾਕ ਕਸ ॥**
**ਆਂਕਿ ਗ਼ਾਫਲ ਨੇਸਤ ਅਜ਼ ਹਕ ਯਕ ਨਫਸ ॥**

ਟੀਕਾ— ਏਹ ਅਦਬ ਦਾ ਛਤ੍ਰ ਉਪਰ ਚੋਟੀ ਉਸ ਕਿਸੀ ਕੇ ਹੋਤਾ ਹੈ। ਭਾਵ ਸੰਤ ਗੁਰੂ ਗਜਾਨਵਾਨ ਏਹ ਮਰਾਤਬਾ ਉਸਕੋ ਮਿਲਤਾ ਹੈ ॥੧॥ ਜੋ ਉਸ ਮਚੇ ਸੇ ਗਾਫਲ ਨਹੀਂ ਹੋਤਾ ਇਕ ਸੁਆਸ ਭੀ ॥੨॥੧੦੮॥

**ਮੂ: ਹਰਕਿਸੇ ਰਾ ਨੇਸਤ ਈਂ ਦੌਲਤ ਨਸੀਬ ॥**
**ਦਰਦ ਸਾਂ ਰਾ ਨੇਸਤ ਗ਼ੈਰ ਅਜ਼ ਹਕ ਤਬੀਬ ॥**

ਟੀਕਾ—ਹਰਿ ਕਿਸੀ ਕੇ ਤਾਈ ਏਹ ਭਗਤੀ ਰੂਪੀ ਦੌਲਤ ਪਰਾਪਤਿ ਨਹੀ ਹੋਤੀ ਭਾਵ ਜਗਜਾਸਾ ਵਾਲੇ ਭਗਤਾ ਕੋ ਪਰਾਪਤਿ ਹੋਤੀ ਹੈ ਤਿਸਤੇ ਭਗਤ

Digitized by Panjab Digital Library | www.panjabdigilib.org

ਦੁਖ ਪਾਵਤੇ ਹੈਂ ਜੈਸੇ ਜਿਸ ਕੋ ਮਾਯਾ ਮਿਲੇ ਓਹ ਸੁਖ ਪਾਵਤਾ ਹੈ ਜਿਸਕੋ ਨਾ ਮਿਲੇ ਓਹ ਦੁਖ ਪਾਵਤਾ ਹੈ ਐਸੇ ਭਗਤੀ ਤੇ ਬਿਨਾ ਜੀਵ ਦੁਖ ਪਾਤੇ ਹੈਂ ॥ ੧ ॥ ਉਸ ਦੁਖ ਦਾ ਨਹੀ ਹੈ ਜਿਨਾ ਸਚੇ ਸੇ ਹਕੀਮ ਹੋਰ ਕੋਈ ਭਾਵ ਕਿਉਂਜੋ ਸਚੇ ਦੀ ਕ੍ਰਿਪਾ ਸੇ ਗੁਰੂ ਮਿਲਤਾ ਹੈ ਅਰੁ ਗੁਰੂ ਭਗਤੀ ਕਾ ਉਪਦੇਸ਼ ਕਰਤੇ ਹੈਂ ॥ ੨ ॥ ੧੦੯ ॥

**ਮੂ: ਦਾਰੂਏ ਹਰ ਦਰਦ ਰਾ ਯਾਦੇ ਖੁਦਾਸਤ ॥**
**ਜ਼ਾਂਕਿ ਦਰ ਹਰ ਹਾਲਿ ਹਕ ਦਾਰਦ ਰਵਾਸਤ ॥**

ਟੀਕਾ—ਦਾਰੂ ਹੇ ਭਾਈ ਦਾਰੂ ਤਮਾਮ ਦੁਖਾਂ ਦਾ ਭਗਤੀ ਵਾਹਿਗੁਰੂ ਦੀ ਹੈ ਪਰਮਾਨ ਸਰਬ ਰੋਗ ਕਾ ਅਉਖਧ ਨਾਮ ॥ ੧ ॥ ਇਸੀ ਵਾਸਤੇ ਅੰਦਰ ਹਰ ਹਾਲਤ ਦੇ ਸਚ ਨਾਮ ਨੂੰ ਹੀ ਮਨਜ਼ੂਰ ਰਖਦੇ ਹੈ । ਭਾਵ ਸੰਤ ਜਨ ਔਖ ਸੌਖ ਮੇਂ ਨਾਮ ਦਾ ਹੀ ਜਪਣਾ ਜਪਾਣਾ ਕਰਤੇ ਹੈਂ ॥ ਪਰਮਾਨ ਅਵਰ ਉਪਾਉ ਸਭ ਤਿਆਗ ਕੈ ਦਾਰੂ ਨਾਮ ਲੀਆ ॥ ੨ ॥ ੧੧੦ ॥ ਪ੍ਰਸਨ ਆਪਨੇ ਜੋ ਗੁਰਾਂ ਸੇ ਭਗਤੀ ਕੀ ਪ੍ਰਾਪਤੀ ਕਹੀ ਹੈ ਉਨਾ ਗੁਰਾਂ ਕਾ ਕੋਈ ਚਿੰਨ ਭੀ ਕਹੀਏ ਜਿਸਕਰ ਜਾਨ ਲਵੈਂ ॥ ਉਤ ॥

**ਮੂ: ਮੁਰਸ਼ਦੇ ਕਾਮਿਲ ਹਮਾਂ ਬਾਸ਼ਦ ਹੁਮਾਂ ॥**
**ਕਜ਼ ਕਲਾਮਸ਼ ਬੋਇ ਹਕ ਆਇਦ ਅਯਾਂ ॥**

ਟੀਕਾ—ਹੇ ਭਾਈ ਪੂਰਨ ਗੁਰੂ ਓਹ ਹੈਂ ॥ ੧ ॥ ਜੋ ਜਿਸਕੀ ਬਾਣੀ ਸੇ ਉਸ ਸਚੇ ਕੀ ਭਗਤੀ ਰੂਪੀ ਸੁਗੰਧੀ ਪਰਗਟ ਆਵਦੀ ਹੈ । ੨ ॥ ੧੧੧ ॥

**ਮੂ: ਹਰਕਿ ਆਇਦ ਪੇਸ਼ ਸ਼ਾਂ ਚੂੰ ਜ਼ਰਹ ਵਾਰ ॥**
**ਜ਼ੂਦ ਗਰਦਦ ਹਮ ਚੂ ਮਿਹਰੇ ਨੂਰ ਬਾਰ ॥**

ਟੀਕਾ—ਜੋ ਕੋਈ ਆਇਆ ਹੈ ਅਗੇ ਉਨਾਕੇ ਮਾਨਿੰਦ ਰੰਚਕ ਵਸਤੂ ਦੇ ਭਾਵ ਜੋ ਗੁਰਾਂ ਪਾਸ ਆਯਾ ਹੈ ਹੰਗਤਾ ਤੇ ਰੇਤ ਹੋਕਰ ਅਰੁ ਜੋ ਤੁਛ ਨਿਰਗੁਨ ਨਿਰਸਾਧਨ ਪੁਰਸ ਭੀ ॥ ੧ ॥ ਸੋ ਸੀਘਰ ਹੂਆ ਹੈ ਜਿਸਦੇ ਕਰ ਮਾਨਿੰਦ ਪ੍ਰਕਾਸ ਕਰਨੇ ਵਾਲੇ ਸੂਰਜ ਦੇ ॥ ੨ ॥ ੧੧੨ ॥

**ਮੂ: ਜ਼ਿੰਦਗੀ ਈਂ ਨਸਤ ਬੇਚੂਨੋ ਚਰਾਸਤ ॥**

Digitized by Panjab Digital Library | www.panjabdigilib.org

## ਬੁਗੁਜ਼ਰਦ ਈਂ ਉਮਰ ਦਰ ਯਾਦੇ ਖ਼ੁਦਾਸਤ ॥

ਟੀਕਾ- ਤਾਤੇ ਹੇ ਭਾਈ ਏਹੀ ਜੀਵਣਾ ਸਫਲਾ ਹੈ ਨਿਸਚੇ ਕਰਕੇ ॥ ੧ ਜੋ ਗੁਜਰੇ ਏਹ ਅਵਸਥਾ ਅੰਦਰ ਭਗਤੀ ਵਾਹਿਗੁਰੂ ਕੀ ਕੇ ॥ ੨ ॥ ੧੧੩ ॥ ਪ੍ਰਸਨ ਆਪਨੇ ਭਾ ਵਾਹਿਗੁਰੂ ਦੀ ਭਗਤੀ ਕਰਨੀ ਬਸੇਸ ਕਹੀ ਹੈ ਅਰੁ ਕਈ ਜੀਵ ਐਸੇ ਕਹਤੇ ਹੈਂ ਜੋ ਹੋਰ ਕੌਨ ਮੇਰੇ ਬਿਨਾ ਪੂਜਨੇ ਜੋਗ ਹੈ ਕਿਉ ਜੋ ਮੈ ਹੀ ਪ੍ਰਮੇਸਰ ਹਾਂ ਮੇਰੇ ਬਿਨਾ ਹੋਰ ਕੋਈ ਪ੍ਰਮੇਸਰ ਨਹੀ ਹੈ ਤਾਂਤੇ ਮੇਰੀ ਹੀ ਪੂਜਾ ਕਰੋ ਮੇਰੀ ਹੀ ਭਗਤੀ ਕਰੋ ॥ ਉਤ੍ਰ ॥

## ਮੂ: ਖ਼ੁਦ ਪਰੱਸਤੀ ਕਾਰ ਨਾਦਾਂ ਆਮਦਹਿ ॥
## ਹੱਕ ਪਰੱਸਤੀ ਜ਼ਾਤ ਈਮਾਂ ਆਮਦਹਿ ॥

ਟੀਕਾ- ਆਪਣੀਪੂਜਾ ਭਗਤੀ ਕਰਾਉਣੀ ਕਾਰ ਮੂਰਖਾ ਨੂੰ ਆਈ ਹੈ ਭਾਵ ਮੂਰਖ ਆਪਣੀ ਪੂਜਾ ਭਗਤੀ ਕਰਾਂਵਦੇ ਹੈਂ ॥ ੧ ॥ ਵਾਹਿਗੁਰੂ ਦੀਪੂਜਾ ਭਗਤੀ ਕਰਾਵਣੇ ਕਾ ਸਰੂਰ ਧਰਮ ਵਾਲਿਆ ਨੂੰ ਆਯਾ ਹੈ। ਭਾਵ ਧਰਮਵਾਲੇ ਵਾਹਿਗੁਰੂ ਦੀਹੀ ਪੂਜਾ ਭਗਤੀ ਕਰਦੇ ਕਰਾਂਵਦੇ ਹੈਂ ॥ ੨ ॥ ੧੧੪ ॥

## ਮੂ: ਹਰ ਦਮੇ ਗ਼ਫ਼ਲਤ ਬਵੱਦ ਮਰਗੇ ਅਜ਼ੀਮ ॥
## ਹੱਕ ਨਿਗਹਿ ਦਾਰਦ ਜ਼ਿ ਸ਼ੈਤਾਨੇ ਰਜ਼ੀਮ ॥

ਟੀਕਾ-ਸਿਧਾਂਤ ਜਿਸ ਸ੍ਵਾਸ ਵਿਚ ਪਰਮਾਦਤਾ ਹੋਵੈ ਸੋ ਮੌਤ ਹੈ ਬਡੀ ਭਾਰੀ। ਭਾਵ ਹਕੀ ਤੇ ਪਰਮਾਦੀ ਹੋਣਾ ਮੌਤ ਤੁਲ ਜਾਣਤੇ ਅਰੁ ਹੋਰਾ ਕੌ ਜਣਾਵਤੇ ਹੈਂ ਕਿਉ ਜੋ ਕੇ ਪਰਮਾਦੀ ਹੋਨੇ ਕਰ ਹੰਕਾਰੀ ਹੋਜਾਤਾਹੈ ਅਰੁ ਹੰਕਾਰ ਸੇ ਪੁਨਾ ੨ ਜਮਣਾ ਮਰਣਾ ਪ੍ਰਾਪਤਿ ਹੋਤਾ ਹੈ।.੧ ॥ ਤਾਤੇ ਸਚਾ ਵਾਹਿਗੁਰੂ ਕ੍ਰਿਪਾ ਦ੍ਰਿਸਟੀ ਰਖੇ ਕੁਸੰਗੀਆ ਕੁਪਤਿਆ। ਸੋਭਾਵੇਹ ਜੋ ਇਨਾ ਕੁਸੰਗੀਆਂ ਕੀ ਸੰਗਤ ਸੇ ਪ੍ਰਮਾਦਤਾ ਹੋਤੀ ਹੈ ਇਸਤੇ ਇਨਾ ਕੀ ਸੰਗਤ ਸੇ ਬਚਾਵੇ ॥ ੨ ॥ ੧੧੫ ॥ ਐਸੇ ਸੁਨਕੈ ਜਗਗਾਸੂ ਮੌਨ ਹੋਗਏ ਤਿਨਕੀ ਮੌਨਤਾ ਕੋ ਦੇਖ ਕੈ ਦ੍ਰਿੜਤਾ ਵਾਸਤੇ ਅਰੁ ਬੁਲਾਨੇ ਵਾਸਤੇ ਫੇਰ ਆਪਣੇ ਆਪ ਪ੍ਰਉਪਕਾਰ ਦ੍ਰਿਸਟੀ ਲੇਕਰ ਕਹਨੇ ਲਗੇ ਭਾਈ ਜੀ ॥

## ਮੂ: ਆਂਕਿ ਰੋਜ਼ੋ ਸ਼ਬ ਬ ਯਾਦ ਸ਼ ਮੁਬਤਲਾਸਤ ॥

**ਈਂ ਮਤਾ ਅੰਦਰ ਦੁਕਾਨੇ ਔਲੀਆ ਸਤ ॥**

ਟੀਕਾ—ਹੇ ਭਾਈ ਓਹ ਜੋ ਰਾਤ ਦਿਨੇ ਉਪਰ ਭਗਤੀ ਉਸਕੀ ਕੇ ਮੌਹਤ ਰਹੇ ਹੈਂ। ਭਾਵ ਭਗਤੀਪਰੇਮ ਸੇ ਜੋ ਕਰਤੇ ਹੈਂ ॥ ੧ ॥ ਏਹ ਨਾਮ ਭਗਤੀ ਰੂਪੀ ਪਦਾਰਥ ਬੀਚ ਸਤ ਸੰਗਤਿ ਦੁਕਾਨਾ ਸੰਤਾਂ ਕੀ ਕੇ ਹੈ ॥ ੨ ॥ ੧੧੬ ॥

**ਮੂਃ ਕਮਤਰੀਨੇ ਬੰਦਏ ਦਰਗਾਹਿ ਸਾਂ ॥**
**ਬਿਹਤਰ ਅਸਤ ਅਜ਼ ਬਾਦ ਸ਼ਾਹਾਨੇ ਜ਼ਹਾਂ ॥**

ਟੀਕਾ—ਪਰੰਤੂ ਹੇਭਾਈ ਉਸ ਵਾਹਿਗੁਰੂ ਕੀ ਦਰਗਾਹਿ ਦੇ ਬੰਦੇ ਬਹੁਤ ਥੋੜੇ ਹੈਂ ਭਾਵ ਪਦਪ ਪ੍ਰਾਪਤੀ ਵਾਲੇ ਸੰਤ ਦੇਖਨ ਮੈਲਿਬਾਸ ਕਰਕੇ ਧੰਨਕਟਕੇ ਗਰੀਬ ਦੇਖੀਦੇ ਹੈਂ ਇਸਤੇ ॥ ੧ ॥ ਪਰ ਸੰਸਾਰ ਦੇ ਬਾਦ ਸਾਵਾਂ ਸੇ ਬੋਤ ਚੰਗੇ ਹੈਂ। ਭਾਵੇਹ ਜੋ ਬਾਦਸਾਹ ਅਨਿਸਥਰ ਧੰਨ ਵਾਲੇ ਹੈਂ ਅਰੁ ਸੰਤ ਭਗਤ ਇਸਥਿਰ ਧੰਨ ਵਾਲੇ ਹੈਂ ॥ ੨ ॥ ੧੧੭ ॥

**ਬਸ ਬਜ਼ੁਰਗੀ ਅੰਦ ਫਿਦਾਇ ਰਾਹਿ ਸਾਂ ॥**
**ਸੁਰਮਏ ਚਸਮਮ ਜ਼ਿ ਖਾਕੇ ਰਾਹਿ ਸਾਂ ॥**

ਟੀਕਾ—ਬੌਤ ਵਡਿਆਈ ਵਾਲੇ ਬਾਦਸਾਹ ਭੀ ਉਨਕੇ ਜਾਨੇ ਵਾ ਰਸਤੇ ਉਪਰੋ ਕੁਰਬਾਨ ੨ ਹੋਤੇ ਹੈਂ ॥ ੧ ॥ ਇਸ ਵਾਸਤੇ ਜੋ ਉਨਾਂ ਕੇ ਚ ਵਾਲੇ ਰਸਤੇ ਸੇ ਧੂੜੀ ਸੁਰਮਾਂ ਨੇਤ੍ਰਾਂ ਕਾ ਹੈ। ਭਾਵੇਹ ਜੋ ਜਿਸਨੇ ਧੂੜੀ ਲੇ ਨੇਤ੍ਰਾਂ ਮੈ ਪਾਈ ਹੈ ਉਸੁ ਕੋ ਦਿਬਜੋਤਾ ਪ੍ਰਾਪਤਿ ਹੋਈ ਹੈ ॥ ੨ ॥ ੧੧੯ ॥

**ਹਮ ਚੁਨੀ ਪਿੰਦਾਰ ਖੁਦ ਰਾ ਏ ਅਜ਼ੀਜ਼ ॥**
**ਤਾ ਸਵੀ ਏ ਜਾਨਿ ਮਨ ਮਰਦੇ ਤਮੀਜ਼ ॥**

ਟੀਕਾ—ਐਸੇ ਸੁਨਕੇ ਮੋਨ ਹੋ ਗਏ ਜਬ ਤਬ ਭਾਈ ਜੀ ਆਪ ਕਹਨੇ ਲਗੇ ਜਗਤਾਸੂਆਂ ਕੀ ਦ੍ਰਿੜਤਾ ਕੋ ॥ ਹੇ ਭਾਈ ਜੈਸੇ ਸੰਤ ਭਗਤੀ ਕਰ ਅਰੁ ਬਿਚਾਰ ਸੇ ਮ੍ਰਾਤਬੇਵਾਲੇ ਹੋਏ ਹੈਂ ॥ ਭੀ ਐਸੇ ਹੀ ਢੂੰਢਣਾ ਕਰ ਆਪਣੇ ਆਪ ਤਾਂਈ ਐ ਪਿਆਰੇ। ਭਾਵੇਹ ਜੋ ਆਪਨੇ ਆਪਕੋ ਬਿਚਾਰ ਮੈ ਕਿਆ ਵਸਤੂ ਹਾਂ ਅਰੁ ਮੇਰਾ ਇਸ ਜਗ ਮੈ ਆਵਨੇ ਕਾ ਕਿਆ ਕਾਰਨ ਹੈ ਅਰੁ ਮੈਨੂੰ ਕਿਆ ਕੰਮ ਕਰਨਾ ਜੋਗ ਹੈ ਐਸੇ ਜਬ ਬਿਚਾਰੈਂ ॥ ੧ ॥ ਤਾਂ ਤੂੰ

Digitized by Panjab Digital Library | www.panjabdigilib.org

ਭੀ ਹੋਵੇਂ ਐ ਪਿਆਰੇ ਮੇਰੇ ਸੰਤ ਪੂਰਨ ਬਿਰਾਰ ਵਾਲਾ ॥ ੨ ॥ ੧੧੯ ॥

**ਮੂੰ: ਸਾਹਿਬਾਂ ਰਾ ਬੰਦਹ ਬਿਸੀਯਾਰ ਆਮਦਹਿ ।**
**ਬੰਦਹ ਰਾ ਬਾ ਬੰਦਗੀ ਕਾਰ ਆਮਦਹਿ ॥**

ਟੀਕਾ—ਗੁਰਾਂ ਔਤਾਰਾਂ ਕੀ ਸੇਵਾ ਵਾਸਤੇ ਦਾਸ ਬੌਤ ਆਏ ਹੈਂ ਅਰੁ ਦਾਸਾਂ ਕੇ ਤਾਂਈ ਸਾਥ ਭਗਤੀ ਦੇ ਕੰਮ ਆਯਾ ਹੈ ਹਰੀ ਸੇਂ ਜਿਸਕਰ ਆਪ ਭੀ ਸੁਰਖਰੂ ਰਹੇਂ ਭਗਤੀ ਕਰ ਅਰੁ ਅਗੇ ਜੀਵਾਂ ਕਾ ਭੀ ਉਧਾਰ ਕਰੇ ॥ ੨ ॥ ੧੨੦ ॥

**ਮੂੰ: ਪਸ਼ ਤੁ ਰਾ ਬਾਇਦ ਕਿ ਖਿਜ਼ਮਤ ਗਾਰ ਸਾਂ ॥**
**ਬਾਸ਼ੀ (ਓ ਹਰਗਿਜ਼ ਨ) ਬਾਸ਼ੀ ਯਾਰ ਸਾਂ ॥**

ਟੀਕਾ—ਜਬ ਐਸਾ ਹੁਕਮ ਆਯਾ ਹੋਯਾ ਜਾਨਤਾ ਹੈਂ ਤਾ ਫੇਰ ਤੇਰੇ ਕੋ ਚਾਹੀਦਾ ਹੈ ਜੋ ਸੇਵਾ ਕਰਨੇ ਵਾਲਾ ਉਨਾ ਸੰਤਾ ਕਾ (ਬਾਸ) ਹੋਹੁ ॥ ੧ ॥ (ਓ) ਅਰੁ ਕਦਾਚਿਤ ਭੁਲ ਕੇ ਭੀ ਨਾ ਹੋਹੁ ਬਰਾਬਰੀ ਵਾਲਾ (ਉਨਾਂ ਕਾ) ਭਾਵੇਹ ਜੋ ਸੰਤ ਪਦ ਪਾਕਰ ਫੇਰ ਭੀ ਸੰਤਾਂ ਗੁਰਾਂ ਕੀ ਬਰਾਬਰੀ ਨਾਂ ਕਰੀ ।੨।੧੨੧। ਪ੍ਰਸ਼ਨ ਜੇਕਰ ਸੰਤ ਪਦ ਪਾਲੀਆ ਤਾਂ ਫੇਰ ਬਰਾਬਰੀ ਕਰਨੇ ਮੈ ਕਿਆ ਦੋਸ ਹੈ । ਉਤ੍ਰ

**ਮੂੰ: ਗਰਚਿ ਯਾਰੀ ਦਿਹਨ ਗ਼ੈਰ ਅਜ਼ ਸਾਂ ਕਸੇਸਤ ॥**
**ਲੇਕਿ ਦਰ ਗੁਫਤਨ ਹੁਮੀ ਐਬੇ ਬਸਸਤ ॥**

ਟੀਕਾ—ਹੇ ਭਾਈ ਯਦਪ ਸੰਤਪਦ ਦੇਣੇ ਵਾਲਾ ਬਿਨਾਂ ਉਨਾਂ ਸੇ ਕੋਈ ਨਹੀ ਹੈ। ੧। ਐਪਰ ਤੌ ਭੀ ਏਹ ਬਾਤ ਅੰਦਰ ਕਹਣੇ ਦੇ ਦੋਸ ਭਾਰੀ ਹੈ) ਭਾਵੇਹ ਜੋ ਕਹਣਾ ਹੈ ਕੇ ਮੈ ਭੀ ਪੂਰਨ ਸੰਤ ਹਾਂ ਇਸ ਕੈਨੇ ਮੈ ਬੌਤ ਪਾਪ ਹੈ ਕਿਸ ਤੇ ਜੋ ਇਸ ਕਰ ਹੰਕਾਰ ਸਿਧ ਹੋਤਾ ਹੈ ਤੇ ਹੰਕਾਰ ਕਰਨਾ ਕਹੀ ਭੀ ਅੰਗੀਕਾਰ ਨਹੀਂ ਹੈ । ਪ੍ਰਮਾਣ ਹਰਿ ਜੀ ਹੰਕਾਰ ਨ ਭਾਵਈ ਵੇਦ ਕੂਕ ਸੁਣਾਵੈ। ਸਾਖੀ ਸੇਰ ਤੇ ਗਿਦੜ ਲੂਬੜੀ ਕੀ ।੨ ।੧੨੨।

**ਮੂੰ: ਜ਼ਰਹ ਰਾ ਦੀਦਮ ਕਿ ਖੁਰਸ਼ੈਦੇ ਜ਼ਹਾਂ ॥**
**ਸ਼ੁਦ ਜ਼ਿ ਫੈਜ਼ੇ ਸੁਹਬਤੇ ਸਾਹਿਬ ਦਿਲਾਂ ॥**

Digitized by Panjab Digital Library | www.panjabdigilib.org

ਟੀਕਾ—ਦੇਖੀਏ ਮਹੱਤਤਾ ਤੁਛ ਜੀਵਾਂ ਤਾਈ ਦੌਖਿਆ ਹੈ ਜੈਸੇ ਸੁ ਸੂਰਜ ਸੰਸਾਰ ਦੇ ਹੂਏ ਹੈਂ) ਭਾਵੇਂਹ ਜੋ ਤੁਛ ਸਾਤਾਂ ਕੇ ਲੋਕ ਥੇ ਜਿਨ ਕੋ ਜਾਲਮ ਬਾਦਸ਼ਾਹ ਨੰਗਾ ਅੰਨ ਬਸਤ੍ਰ ਨਹੀਂ ਖਾਨੇ ਪੈਨਨੇ ਦੇਤੇ ਸੇ ਤੇ ਨਾ ਕੋਈ ਖੁਸੀ ਕਰਨੇ ਦੇਤੇ ਥੇ ਸੋ ਆਜ ਰਾਜੇ ਤੇ ਮਰਾਤਬਿਆਂ ਵਾਲੇ ਹੋਕਰ ਸਰਬ ਆਨੰਦ ਭੋਗਤੇ ਹੈ ਸਾਖੀ ਗੁਰੂ ਹਰਿ ਰਾਇ ਜੀ ਦੀ ਤੇ ਟਪਰੀ ਵਾਸ ਕਾਲੇ ਦੀ।੧ ਏਹ ਕੇਵਲ ਬਡੇ ਦਿਲ ਵਾਲਿਆਂ ਕੀ ਸੰਗਤ ਕੇ ਪ੍ਰਤਾਪ ਸੇ ਹੂਏ ਹੈਂ।੨ ੧੨੩

ਮੂੰ: ਕਰਮ ਸਾਹਿਬ ਦਿਲ ਕਿ ਹਕ ਬਿਸਨਾਸਦਸ ॥
ਕਜ਼ ਲਕਾਇਸ ਸ਼ੌਕਿ ਹਕ ਮੇਬਾਰਦਸ ॥

ਟੀਕਾ—ਜੇਕਰ ਸੰਗਤ ਕਰੈ ਤਾਂ ਸਾਹਿਬਾ ਦਿਲਾਂ ਦੀ ਕ੍ਰਿਪਾ ਸੇ ਸਚ ਪਛਾਣੀਦਾ ਹੈ ॥ ੧ ॥ ਕਿਉ ਜੋ ਬਾਣੀ ਉਨ ਕੀ ਸੇ ਪਰੇਮ ਸਚੇ ਦਾ ਬਰਸ ਦਾ ਹੈ ॥ ੨ ॥ ੧੨੪ ॥

ਮੂੰ: ਸੁਹਬਤੇ ਸਾਂ ਸੋਕ ਹਕ ਬਖ਼ਸ਼ਦ ਤੁਰਾ ॥
ਅਜ਼ ਕਿਤਾਬੇ ਹਕ ਸ਼ਬਕ ਬਖ਼ਸ਼ਦ ਤੁਰਾ ॥

ਟੀਕਾ—ਪੁਨਾ ਸੰਗਤ ਉਨਾਂ ਕੀ ਪਰੇਮ ਸਚੇ ਦਾ ਬਖਸੇਗੀ ਤੇਰੇ ਤਾਂਈ ਤਾਂਤੇ ਸੰਗਤ ਕਰ।੧। ਪੁਨਾ ਸਚ ਕੇ ਗ੍ਰੰਥ ਸੇ ਸੰਥਾ ਬਖਸਨਗੇ ਤੇਰੇ ਤਾਂਈ। ਭਾਵ ਸਚ ਦੀ ਸਿਫਤ ਸੁਣਾਨਗੇ ਔ ਸਚ ਦੀ ਪ੍ਰਾਪਤੀ ਦਸਨਗੇ ॥ ੨ ॥ ੧੨੫ ॥

ਮੂੰ: ਜਰਹ ਰਾ ਖ਼ੁਰਸ਼ੈਦ ਅਨਵਰ ਮੇ ਕੁਨੰਦ ॥
ਖਾਕ ਰਾ ਅਜ਼ ਹਕ ਅਨਵਰ ਮੇ ਕੁਨੰਦ ॥

ਟੀਕਾ—ਦੇਖੀਏ ਤੁਛ ਨਿਰਸਾਧਨ ਜੀਵਾਂ ਕੇ ਤਾਂਈ ਸੂਰਜ ਪ੍ਰਕਾਸ ਨੇ ਵਾਲਾ ਕਰਦੇ ਹੈਂ। ਭਾਵ ਗਯਾਨਵਾਨ ਸਮਰਥ ਕਰਦੇ ਦੇ ਹੈਂ।੧। ਪੁਨਾ ਧੂੜੀ ਕੇ ਤਾਂਈ ਸਚੇ ਨਾਮ ਸੇ ਪ੍ਰਕਾਸ਼ ਨੇ ਵਾਲਾ ਕਰਦੇ ਹਨ। ਭਾਵ ਜੜ ਤਤਾਂ ਰਚਤ ਸਰੀਰ ਕੋ ਨਾਮ ਜਪਾ ਕਰ ਚੇਤਨ ਰੂਪ ਕਰ ਦੇਦੇ ਹਨ ॥ ੨ ॥ ੧੨੬ ॥

ਮੂੰ: ਜਿਸਮ ਈਂ ਖ਼ਾਕੀ ਊ ਦਰ ਵੈ ਨੂਰ ਹਕ ।

Digitized by Panjab Digital Library | www.panjabdigilib.org

ਅੰਦਰੂੰਨਸ਼ ਚਾਰ ਸੂਏ ਨੁਹ ਤਬਕ ॥

ਟੀਕਾ—ਪੁਨਾ ਏਹ ਜੋ ਸ੍ਰੀਰ ਮਿਟੀ ਆਦੀ ਸੰਗਤ ਤਾਂਕੇ ਰਚਤ ਹੈਂ ਅਰੁ ਬੀਚ ਇਨਾਂ ਕੇ ਉਸ ਸਚੇ ਦਾ ਪ੍ਰਕਾਸ ਹੈ ॥ ੧ ॥ ਪੁਨਾ ਉਸ ਸਚੇ ਦੇ ਅੰਦਰ ਚਾਰ ਕੂਟਾਂ ਤੇ ਨੌਖੰਡ ਹੈਂ। ਭਾਵ ਸਚੇ ਦੇ ਆਸਰੇ ਪਰ ਇਸਥਿਤ ਹੈਂ ॥ ੨ ॥ ੧੨੭ ॥

ਮੂ: ਖਿਦਮਤੇ ਸ਼ਾਂ ਬੰਦਗੀਏ ਹਕ ਬਵੱਦ ॥

ਕਾਂ ਕਬੂਲੇ ਕਾਦਰੇ ਮੁਤਲਕ ਬਵਦ ॥

ਟੀਕਾ—ਸੇਵਾ ਉਸਦੀ ਕੇੜ੍ਹੀ ਹੈਂ ਜੋ ਸਚਦੀ ਭਗਤੀ ਕਰਨੀ ਹੈਂ ॥ ੧ ॥ ਕਿਉ ਜੋ ਏਹ ਭਗਤੀ ਸਮਰਥ ਅਦੁਤੀ ਵਾਹਿਗੁਰੂ ਕੋ ਕਬੂਲ ਹੈ ਹੋਰ ਕਰਮ ਮਨਜੂਰ ਨਹੀ ਹੋਦੇ ਪ੍ਰਮਾਨ ਜਥ ਤਪ ਸੰਜਮ ਕਰਮ ਕਮਾਣੇ ਇਹ ਉਰੈ ਮੂਸੇ। ਜਿਸਤੇ ॥ ੨ ॥ ੧੨੮ ॥

ਮੂ: ਬੰਦਗੀ ਕੁਨ ਜ਼ਾਕਿ ਉ ਬਾਸ਼ਦ ਕਬੂਲ ॥

ਕਦਰ ਓ ਰਾ ਕੈ ਬਿਦਾਂਨਦ ਹਰ ਜ਼ਹੂਲ ॥

ਟੀਕਾ—ਤਾਂਤੇਂ ਭਗਤੀ ਕਰੈ ਇਸ ਵਾਸਤੇ ਜੋ ਉਸ ਹਰੀ ਨੂੰ ਕਬੂਲ ਹੈਂ ॥ ੧ ॥ ਪ੍ਰਸਨ ਜੋਵਸਤੂ ਹਰੀ ਨੂੰ ਕਬੂਲ ਹੈ ਉਸਨੂੰ ਜੀਵ ਕਿਉ ਨਹੀ ਗਰਹਣ ਕਰਦੇ ਉਤ੍ਰ ਹੇ ਭਾਈ ਕਦਰ ਉਸ ਭਗਤੀ ਦਾ ਕਬ ਜਾਣਦੇ ਹੈ ਤਮਾਮ ਮੂਰਖ ਜੀਵ ॥ ੨ ॥੧੨੯॥

ਮੂ: ਹਸਤ ਕਾਰੇ ਰੋਜ਼ ਸ਼ਬ ਦਰ ਯਾਦਿ ਓ।

ਯਕ ਨਫਸ ਖਾਲੀ ਨ ਮੇਬਾਸ਼ਦ ਅਜ਼ੋ ॥

ਟੀਕਾ—ਅਰੁ ਉਨਾ ਸੰਤਾਂ ਦਾ ਰਾਤ ਦਿਨ ਕੰਮ ਹੈ ਅੰਦਰ ਭਗਤੀ ਦੇ ਭਾਵ ਸੰਤ ਹਰ ਵਕਤ ਭਗਤੀ ਕਰਤੇ ਹੈਂ ॥ ੧ ॥ ਇਕ ਸੁਆਸ ਭੀ ਬਿਅਰਥ ਨਹੀ ਜਾਤਾ ਹੈ ਉਸਕੇ ਨਾਮ ਸੇ ॥ ੨ ॥ ੧੩੦ ॥

ਮੂ: ਚਸ਼ਮ ਸ਼ਾਂ ਰੌਸ਼ਨ ਜ਼ਿ ਦੀਦਾਰੇ ਅੱਲਾਹ ॥

ਦਰ ਲਿਬਾਸ ਅੰਦਰ ਗਦਾ ਓ ਬਾਦਸ਼ਾਹ ॥

ਟੀਕਾ—ਪੁਨਾ ਨੇਤ੍ਰ ਉਨਕੇ ਪ੍ਰਕਾਸਵਾਨ ਹੈ ਦ੍ਰਸਨ ਅਲਖ ਵਾਹਿਗੁਰੂ

Digitized by Panjab Digital Library | www.panjabdigilib.org

ਕੇ ਸੇ ॥ ੧ ॥ ਪੁਨਾ ਦੇਖਨੇ ਸੇ ਬਾਹਰੋ ਅੰਦਰ ਭੇਸ ਵਜਾ ਦੇ ਗਰੀਬ ਫਕੀਰ ਹੈ ਅਰੁ ਅੰਦਰੋਂ ਓਹੁ ਬਾਦਸ਼ਾਹ ਹੈ । ੨ । ੧੩੧ । ਪ੍ਰਸਨ ਫਕੀਰ ਕਹਾਂ ਅਰੁ ਬਾਦਸਾਹੀ ਕਹਾਂ ਕਿਉ ਜੋ ਫਕੀਰ੨ ਹੈ ਅਰੁ ਬਾਦਸਾਹ ੨ ਹੀ ਹੈਂ ਅਰੁ ਆਪਨੇ ਕੀਤਾਕੇ ਕਿਸਰੀਤੀ ਸੇ ਬਾਦਸਾਹ ਕਹਣਾ ਹੈ ਸੋ ਕਹੀਏ ਜੀ ।

**ਮੂ: ਬਾਦਸਾਹੀ ਆਂ ਕਿ ਓ ਦਾਇਮ ਬਵਦ ।**
**ਹਮ ਚੁ ਜ਼ਾਤੇ ਪਾਕ ਹਕ ਕਾਇਮ ਬਵਦ ॥**

ਟੀਕਾ—ਬਾਦਸਾਹੀ ਓਹ ਹੈ ੨ ਜੋ ਹਮੇਸਾਂ ਹੋਵੇ।ਭਾਵ ਜੋ ਸਦਾ ਇਸਥਿਤ ਹੋਵੇ ੧ ਬੋਲੇ ਸਚੇ ਪ੍ਰਮੇਸਰ ਕੇ ਪਵਿਤ੍ਰ ਸਰੂਪਦੇ ਮਾਨਿੰਦ ਇਸਥਿਤ ਹੋਵੇ ਭਾਵ ਜੈਸੇ ਵਾਹਿਗੁਰੂ ਇਸਥਿਰ ਰੈਣੇ ਵਾਲਾ ਹੈ ਐਸੇ ਬਾਦਸਾਹ ਇਸਥਿਰ ਹੋਵੈ ਤਾ ਬਾਦਸਾਹ ਭੀ ਸਚਾ ਤੇ ਬਾਦਸਾਹੀ ਭੀ ਸਚੀ ਹੈ ਨਹੀ ਤਾਂ ਨਾਸਰੂਪ ਹੋਣੇ ਤੇ ਝੂਠੀ ਹੈ ਅਰੁ ਇਸਥਿਤ ਰੂਪ ਹੋਣੇ ਤੇ ਸੰਤ ਸਚੇ ਪਾਤਿਸਾਹ ਹੈਂ ਇਸ ਰਾਤੀ ਸੇ ਕਹੇ ਹੈਂ ਪ੍ਰਮਾਣ ਨਿਹਚਲੁ ਸਰਖੁਦਾਇ ਖੁਦਾਇ ਬੰਦਾ ਅਬਿਨਾਸੀ ॥ ੨ ॥ ੧੩੨ ॥ ਪ੍ਰਸਨ ਆਪ ਜੋ ਸੰਤਾਂ ਕੋ ਫਕੀਰ ਸਬਦ ਕਹਣਾ ਹੈ ਬਾਹਰਲੇ ਭੇਸ ਤੇ ਸੋ ਕਿਸ ਨਸਾਨ ਸੇ ਜਾਨੇ ਕਿਉ ਜੋ ਦੇਖਨੇ ਮੈ ਲਿਬਾਸਕਰ ਬੋ ਦੇਖੀਦੇ ਹੈਂ ਅਰੁ ਮੰਗਦੇ ਫਿਰਦੇ ਹੈਂ ਤਾਂਤੇ ਸਚੇ ਫਕੀਰ ਕਾ ਚਿੰਨ ਕਹੀਏ ॥ ਉਤ੍ਰ ॥

**ਮੂ: ਰਸਮ ਸਾਂ ਆਈਨ ਦਰਵੇਸ਼ੀ ਬਵਦ ।**

ਟੀਕਾ—ਚਾਲ ਉਨਾਂ ਕੀ ਜਿਉਂਕੀ ਤਿਉਂ ਨਿਸਚੇ ਸੇ ਫਕੀਰੀ ਕੀ ਹੈ । ਭਾਵ ਫਕੀਰੀ ਪਦ ਕੇ ਤਿਨ ਅਖਰ ਹੈ ਫਫਾ ਕਹਤਾ ਹੈ ਜੋ ਤੂੰ ਫਕੀਰ ਬਨਿਆ ਹੈ ਤਾਂ ਫਾਕਾ ਕਟ ਅਰੁ ਕਕਾ ਕਹਤਾ ਹੈ ਜੋ ਤੂੰ ਸੰਸਾਰ ਦੇ ਜੀਵਾਂ ਤੇ ਕਿਨਾਰੇ ਰਹੁ ਅਰੁ ਰਾਰਾ ਕਹਤਾ ਹੈ ਜੋ ਸਭ ਤੇ ਰਿਆਇਤ ਕਰ ਪੁਨਾਂ ਗੁਰਪ੍ਰਮਾਣ ਸਿਦਕ ਸਬੂਰੀ ਸੰਤਨ ਮਿਲਿਓ ॥ ਪੁਨਾ ਸਬਰ ਤੋਸਾ ਮਲਾਇਕ ॥ ਅਰੁ ਜੋ ਤੇਂ ਪ੍ਰਤਖਭੇਖਧਾਰੀ ਅਰੁ ਮੰਗਨੇ ਵਾਲੇ ਕਹੇ ਹੈਂ ਸੋ ਫਕੀਰ ਅਸਲੀ ਨਹੀਂ ਹੈਂ ਓ ਨਕਲੀ ਕੀਰ ਹੈ ॥ ਪ੍ਰਮਾਨ ਦਰਵੇਸੀ ਕੋ ਜਾਨਸੀ ਵਿਰਲਾ ਕੋ ਦਰਵੇਸ ॥ ਘਰੁ ਘਰੁ ਹੰਢੈ ਮੰਗਦੇ ਧ੍ਰਿਗ ਜੀਵਣ ਧ੍ਰਿਗਵੇਸ ॥ ਹੋਰ ਪ੍ਰਮਾਣ ਅਭਿਆਗਤ ਏਹ ਨ ਆਖੀਐ ਜੋ ਪਰਘਰ ਭੋਜਨ ਕਰੇਨ ॥ ਉਦਰੈ ਕਾਰਣ ਆਪਣੇ ਬਹਲੇ ਭੇਖ ਕਰੇ ਨ ॥ ਹੋਰ ਪ੍ਰਮਾਨ ਸਚੇਜਾਂਪਰ ਅਭੈ

Digitized by Panjab Digital Library | www.panjabdigilib.org

ਨਿਰੰਜਨ ਪਰਮਪਦ ਤਾਂਕਾ ਭੀਖਕ ਹੋਇ। ਪੁਨਾ ਅਭਿਆਗਤ ਸੋਈ ਨਾਨਕ ਜਿ ਆਤਮ ਗਉਨ ਕਰੇਨ। ਐਸੀ ਰਹਨੀ ਵਾਲੇ ਅਰੁ ਰੰਨਾਂ ਵਾਲੇ ਜੋ ਹੈ ਸੋ ਸਰੇ ਸੰਤ ਹੈ।

## ਮੂ: ਅਜ਼ ਖ਼ੁਦਾ ਓ ਬਾਹਮਹਿ ਖੇਸੀ ਬਵੰਦ।

ਟੀਕਾ—ਉਨਾਂ ਸੰਤਾਂ ਦੀ ਵਾਹਿਗੁਰੂ ਸੇ ਆਪਸ ਮੇਂ ਅਪਣਾਇਤ ਹੈ) ਭਾਵ ਹਰੀ ਸੇ ਅਭੇਦਤਾ ਹੈ ਇਸ ਮੈ ਦ੍ਰਿਸਟਾਂਤ ਲੋਕਕ ਪ੍ਰਮਾਣ ਜੈਸੇ ਬਾਦਸਾਹ ਸੇ ਜੋ ਸਫਾਹੀ ਕਰ ਵਰਤਤਾ ਹੈ ਅਰੁ ਪਰੇਮ ਰਖਤਾ ਹੈ ਉਸ ਸੇ ਬਾਦਸਾਹ ਹਰ ਤਰ੍ਹਾਂ ਸੇ ਅਭੇਦਤਾ ਰਖਤਾ ਹੈ ਐਸੇ ਪਰਮੇਸਰ ਅਭੇਦਤਾ ਰਖਤਾ ਹੈ ਸੰਤਾਂ ਸੇ ਇਸ ਤਰਾਂ ਸੇ ਭੀ ਬਾਦਸਾਹ ਹੈ।੨।੧੩੩। ਪ੍ਰਮਾਨ ਰਿਆਇਤ ਸੰਤਾਂ ਮੈ ਜੋ ਕਹੀ ਹੈ ਉਸ ਕਾ ਭੀ ਕੋਈ ਲਖਣ ਕਹੀਏ।

## ਮੂ: ਹਰ ਗਦਾ ਰਾ ਇਜ਼ ਜ਼ਾਹੇ ਮੇ ਦਿਹੰਦ॥
## ਦੌਲਤੇ ਬੇ ਇਸਤਬਾਹੇ ਮੇ ਦਿਹੰਦ॥

ਟੀਕਾ—ਹਰ ਇਕ ਗਰੀਬਾਂ ਮੰਗਤਿਆਂ ਕੋ ਵਡਿਆਈ ਅਰੁ ਮਰਾਤਬਾ ਦੇਂਦੇ ਹੈ ਸੰਤ।੧। ਦੌਲਤ ਨਿਸਚੇ ਕਰਕੇ ਦੇਂਦੇ ~~ਹੈਂ ਹੋਰ~~ ਪਦਾਰਥ ਨਿਸਚਾ ਰੂਪੀ ਦੇਂਦੇ ਹੈਂ ਜਗਤਾਸੂਆਂ ਕੋ।੨।੧੩੪॥

## ਮੂ: ਨਾਕਸਾਂ ਰਾ ਦਰ ਨਜ਼ਰ ਆਰਫ਼ ਕੁਨੰਦ।
## ਬੇ ਦਿਲਾਂ ਰਾ ਸਾਹਿਬੇ ਦਿਲ ਮੇਕੁਨੰਦ॥

ਟੀਕਾ—ਨਿਰਗੁਣਿਆਂ ਅਗਜਾਨੀਆਂ ਤਾਈ ਅੰਦਰ ਦ੍ਰਿਸਟੀ ਦੇ ਹੀ ਸਰਬਗੁਣ ਸਪੰਨ ਗਜਾਨਵਾਨ ਕਰਦੇਂਦੇ ਹੈਂ।੧।ਪੁਨਾ ਤੁਛ ਚਿਤ ਵਾਲਿਆਂ ਤਾਈਂ ਬਡੇ ਦਿਲ ਵਾਲੇ ਕਰਦੇ ਹੈਂ।੨।੧੩੫॥

## ਮੂ: ਖ਼ੁਦ ਪਰਸਤੀ ਅਜ਼ ਮਿਯਾਂ ਬਰਦਾਸਤੰਦ॥
## ਤੁਖ਼ਮ ਹਕ ਦਰ ਕਿਸਤ ਦਿਲਹਾ ਕਾਸਤੰਦ॥

ਟੀਕਾ—ਆਪਣੇ ਆਪ ਦੀ ਪੂਜਾ ਭਗੌਤੀ ਕਰਾਵਨੇ ਦੀ ਇਛਿਆ ਅੰਦਰ ਸੇ ਉਠਾ ਦੇਂਦੇ ਹੈਂ।੧। ਪੁਨਾ ਸਚਾ ਨਾਮ ਰੂਪੀ ਬੀਜ ਅੰਤਾਕਰਨ ਰੂਪੀ ਖੇਤੀ ਅੰਦਰ ਬੀਜਦੇ ਹੈਂ। ਭਾਵ ਇਸ ਤਰਾਂ ਦਯਾ ਕਰਦੇ ਹੈ।੨।੧੩੬

Digitized by Panjab Digital Library | www.panjabdigilib.org

ਪ੍ਰਸਨ ਕਿਨਾਰਾ ਕਰਨਾ ਜੋ ਕਹਾ ਹੈ ਸੋ ਭੀ ਕਹੀਏ ਉਤ੍ਰ

**ਮੂ ਖ਼ੁਸ ਤਨ ਰਾ ਹੇਚ ਮੇਦਾਨੰਦ ਸਾਂ ॥**

ਟੀਕਾ—ਆਪਣੇ ਆਪ ਦਾ ਕੁਛ ਭੀ ਪਦਾਰਥ ਸਰੀਰ ਆਦੀ ਜਾਣਦੇ ਹਨ ਸੰਤ, ਕਿੰਤੂ ਨਹੀ ਜਾਣਦੇ ਹਨ ਅਲੇਪ ਰਹਿੰਦੇ ਹਨ ਜੈਸੇ ਜਲ ਮੈ ਕਮਲ ਅਲੇਪ । ਐਸੇ ਕਨਾਰਾ ਕਰਦੇ ਹਨ ਸੰਤ ਸੰਸਾਰ ਮੈ ਰਹ ਕਰਕੇ ॥

**ਮੂ: ਹਰਫ ਹਕ ਰਾ ਰੋਜ਼ ਸ਼ਬ ਖਾਨੰਦ ਸਾਂ ॥**

ਟੀਕਾ—ਪੁਨਾ ਸੰਤ ਵਰਤਾਉ ਹਮੇਸ ਦਾ ਏਹ ਕਰਦੇ ਹੈ ਜੋ ਨਾਮ ਕੇਵਲ ਵਾਹਿਗੁਰੂ ਸਚੇ ਦਾ ਰਾਤਦਿਨੇ ਪੜਦੇਪੜ੍ਹਾਂਵਦੇ ਹਨ।੨।੧੩੨ ।ਸਿਧਾਂਤ:

**ਮੂ: ਤਾ ਕੁਜਾ ਔਸਾਫ਼ ਮਰਦਾਨੇ ਖ਼ੁਦਾਸਤ ।**
**ਅਜ਼ ਹਜ਼ਾਰਾਂ ਗਰ ਯਕੇ ਗੋਇਮ ਰਵਾਸਤ ॥**

ਟੀਕਾ—ਹੇ ਭਾਈ ਕਹਾਂ ਤਕ ਸਿਫਤ ਵਾਹਿਗੁਰੂ ਕੇ ਐਸੇ ਸੰਤਾਂ ਕੋ ਕਵਾਂ ਮੈ ਕਹ [illegible] ਭਾਵ ਉਨਕੀ ਉਪਮਾ ਬਹੁਤ ਹੈ ॥ ੧ ॥ ਹਜ਼ਾਰਾਂ ਉਪਮਾਂ ਸੇ ਜੇਕਰ ਇਕ ਪ੍ਰਕਾਰ ਦੀ ਉਪਮਾ ਭੀ ਕਹਾਂ ਮੈਂ ਤਾਂ ਭੀ ਮਨਜ਼ੂਰ ਹੈ) ਭਾਵ ਉਪਮਾ ਕਹਣੀ ਮੈਨੂੰ ਚੰਗੀ ਹੈ ਇਸ ਸੇ ਲਾਭ ਹੋਤਾ ਹੈ ਕਹੀ ਭਵ ਕਾ ॥ ੨ ॥ ੧੩੩ ॥

**ਮੂ ਹਮ ਚੁਨੀ ਮਰਦਮ ਬਿਜ਼ੋ ਕਾਂ ਕੀਸਤਮ ॥**
**ਦੀਗਰਾਂ ਮੁਰਦੰਦ ਈਂ ਹਾਂ ਜੀਸਤੰਦ ॥**

ਟੀਕਾ—ਪ੍ਰਸਨੰਚੁ ਭੀ ਬੋੜੇ ਐਸੇ ਸੰਤ ਢੂਢ ਲੈ ਪ੍ਰਸਨ ਜੋ ਓਹੁ ਸੰਤ ਕੋੜ੍ਹੇ ਹੈਂ ਅਰ ਕੈਸੇ ਜਾਣੇ ਜਾਵੇ ॥ ੧ ॥ ਉਤ੍ਰ ਹੇ ਭਾਈ ਦੂਸਰੇ ਲੋਕ ਮਰਦੇ ਜਮਦੇ ਹੈਂ ਅਰ ਏਹ ਸੰਤ ਜੀਵਦੇ ਰੈਹਦੇ ਹੈਂ ਸਦਾ ॥ ਭਾਵ ਚੌਰਾਸੀ ਤੇ ਛੂਟ ਜਾਤੇ ਹੈਂ ਇਸਤੇ ॥੨॥੧੩੪॥ ਪੁਨਾ ਉਤਮ ਰੀਤੀਸੇ ਉਪਦੇਸ ਕਹਤੇ ਹੈਂ ॥

**ਮੂ ਜ਼ੀਸਤਨ ਬਾ ਮਾਇਨੀਏ ਦਾਨੀ ਕਿ ਚੀਸਤ ॥**
**ਏ ਖ਼ੁਸ਼ਾ ਉਮਰੇ ਕਿ ਦਰ ਯਾਦ ਸ ਬਜੀਸਤ ॥**

ਟੀਕਾ—ਜੀਵਣੇ ਦਾ ਅਰਥ ਜਾਣਦਾ ਹੈ ਜੋ ਕਿਆ ਹੈ ॥੧॥ ਐਪਿਆਰੇ

ਜੋ ਰੰਗੀ ਅਵਸਥਾ ਅੰਦਰ ਭਗਤੀ ਉਸਕੀ ਕੇ ਬੀਤਦੀ ਹੈ) ਭਾਵ ਓਹ ਜੀਵਣ ਹੈ ॥ ੨ ॥ ੧੪੦ ॥ ਪੁਨਾ ਓਹੀ ॥

ਮੂ: ਮਰਦ ਆਰਫ਼ ਜ਼ਿੰਦਹ ਅਜ਼ ਇਰਫ਼ਾਨ ਓਸਤ ॥

ਨਿਆਮਤੇ ਹਰ ਦੋ ਜਹਾਂ ਦਰ ਖਾਨਹ ਓਸਤ ॥

ਟੀਕਾ—ਸੰਤ ਗਯਾਨਵਾਨ ਜੀਵਦੇ ਹੈਂ ਗਯਾਨ ਉਸ ਪ੍ਰਮੇਸਰ ਕੇ ਸੇ ॥ ੧ ॥ ਪੁਨਾ ਇਸ ਜਾਨਣੇ ਕਰ ਕੇ ਪਦਾਰਥ ਦੋਨੋ ਲੋਕਾਂ ਦੇ ਉਨਕੇ ਘਰ ਅੰਦਰ ਹੈਂ ॥ ਹੋਰ ਉਨਕੇ ਸੰਤ ਪ੍ਰਸਾਦ ਅੰਦਰ ਹੈ) ਭਾਵ ਸੰਤ ਪ੍ਰਸਾਦ ਸੇ ਸਭ ਪਦਾਰਥ ਮੁਕਤਿ ਪ੍ਰਾਪਤਿ ਹੋਤੇ ਹੈਂ ॥ ਸਾਖੀ ਛੱਡੇ ਬਾਢੇ ਤੇ ਸੁਦਾਮ ਸੈਨ ਰੰਗ ਜਾਕੀ ॥ ੨ ॥ ੧੪੧ ॥ ਪੁਨਾ ਓਹੀ ॥

ਮੂ: ਮਾਇਨੀਏ ਈਂ ਜ਼ਿੰਦਗੀ ਯਾਦੇ ਖੁਦਾਸਤ ॥

ਕਜ਼ ਤੁਫ਼ੈਲ ਸ਼ ਜ਼ਿੰਦਹ ਜਾਨ ਔਲੀਆਸਤ ॥

ਟੀਕਾ—ਅਰਥ ਇਸ ਜੀਵਨੇ ਦਾ ਯਾਦ ਗੀਰੀ ਵਾਹਿਗੁਰੂ ਕੀ ਹੈ) ਭਾਵ ਹੈ ਜੋ ਮੁਕਾਮ ੧ ਨਾਮ ਜਪਣਾ ॥ ੧ ॥ ਜੋ ਇਸ ਨਾਮ ਜਪ ਨੇ ਤੇ ਕ੍ਰਿਪਾ ਉਸ ਨਾਮੀਕੀ ਸੇ ਜੀਵਦੀ ਹੈ ਜਿੰਦ ਸੰਤਾ ਕੀ) ਭਾਵ ਜੀਵਦੇ ਰਹੇ ਹੈਂ ਸਦਾ ॥ ਜਿਉ ਦਪ ਦੇਖਨੇ ਮੇ ਕਭੀ ਸ੍ਰੀਰ ਉਤਪਤਿ ਹੋਂਦਾ ਦੇਖੀਦਾ ਹੈ ਕਭੀ ਅਲੋਪ ਹੋ ਦੇਖੀਦਾ ਹੈ ਹੋਰਾਂ ਜੀਵਾਂ ਵਤ ਪ੍ਰੰਤੂ ਜੀਵ ਸਦਾ ਜਨਮ ਮਰਨ ਦਾ ਦੁਖ ਪਾਂਵਦੇ ਹੈ ਅਰੁ ਸੰਤ ਨਹੀ ਪਾਂਵਦੇ ਪ੍ਰਮਾਨ ਜਨਮ ਮਰਨ ਦੋਊ ਮੈ ਨਾਹੀ ਜਨ ॥ ੨ ॥ ੧੪੨ ॥ ਸਿਧਾਂਤ ਸੰਤ ਜੀਵਾਂ ਕੋ ਹਮੇਸ ਐਸਾ ਉਪਦੇਸ ਕਰਤੇ ਹੈ

ਮੂ: ਜ਼ਿਕਰ ਓ ਬਰ ਹਰਿ ਜ਼ੁਬਾਂ ਗੋਇਆ ਸ਼ੁਦਹ ॥

ਹਰਿਦੂ ਆਲਮ ਰਾਹਿ ਹਕ ਜੋਇਆ ਸ਼ੁਦਹ ॥

ਟੀਕਾ—ਹੇ ਪਿਆਰਿਓ ਭਜਨ ਉਸ ਕਾ ਉਪਰ ਤਮਾਮ ਰਸਨਾ ਕੇ ਕਹਿਆ ਹੂਆ ਹੈ) ਭਾਵ ਭਜਨ ਕਰੋ ਵਾਹਿਗੁਰੂ ਕਾ ॥ ੧ ॥ ਪੁਨਾ ਜਦਪ ਦੋਨੋ ਲੋਕ ਰਸਤਾ ਸਚੇ ਕਾ ਪਾਵਨੇ ਵਾਸਤੇ ਢੂੰਢਣੇ ਵਾਲੇ ਹੂਏ ਹਨ) ਭਾਵ ਕੋਈ ਕਿਸੀ ਰੀਤੀ ਸੇ ੨ ਖੋਜਤਾ ਹੈ ਪਰ ਸੰਤਾਂ ਬਿਨਾ ਨਹੀ ਮਿਲਤਾ ॥ ੨ ॥ ੧੪੩ ॥ ਪ੍ਰਸਨ ਓਨਾ ਦਾ ਕੀ ਚਿੰਨ੍ਹ ਹੈ ਜਿਨਾ ਦੁਆਰੇ ਮਿਲਤਾ ਹੈ ॥ ਉਤ੍ਰ ॥

ਮੂ: ਜੁਮਲਹ ਮੇਖਾਨਦ ਜ਼ਿਕਰੇ ਜ਼ੁਲ ਜਲਾਲ ॥

Digitized by Panjab Digital Library | www.panjabdigilib.org

## ਏ ਜ਼ਿਹੇ ਕੀਲੋ ਜ਼ਿਹੇ ਫਰਖੁਦਹ ਫਾਲ ॥

ਟੀਕਾ—ਹੇ ਭਾਈ ਤਮਾਮ ਦਿਨ ਜੋ ਪੜ੍ਹਦੇ ਪੜ੍ਹਾਵਦੇ ਹੈ ਭਜਨ ਵਾਹਿਗੁਰੂ ਕਾ ॥ ਤਾਂਤੇ ਹੇ ਪਿਆਰੇ ਵਾਹ ੨ ਹੈ ਐਸੇ ਸੰਤਾਂ ਕਾ ਕਹਣਾ ਅਰੁ ਵਾਹ ੨ ਹੈ ਬਾਣੀ ਅਰੁ (ਜਿਹਬਾ ਕੋ ਅਰ ਐਸੇ ਸੰਤਾਂ ਕੌ ਮੁਬਾਰਖ ਹੈ) ਭਾਵ ਸਦਾ ਅਨੰਦ ਖੁਸੀ ਪ੍ਰਾਪਤ ਹੋਵੈ ॥ ੨ ॥ ੧੪੪ ॥

## ਮੂ: ਕੀਲੁ ਕਾਲੇ ਗਰ ਬਰਾਇ ਹਕ ਬਵੱਦ ॥
## ਅਜ਼ ਬਰਾਇ ਕਾਦਰੇ ਮੁਤਲਕ ਬਵੱਦ ॥

ਟੀਕਾ—ਜੇਕਰ ਸੰਤਾ ਕਾ ਕੁਛ ਕਹਣਾ ਕਹਾਵਣਾ ਹੈ ਤਾਂ ਵਾਸਤੇ ਸਚੇ ਨਾਮ ਜਪਨ ਦੇ ਹੀ ਹੈ ॥ ੧ ॥ ਪੁਨਾ ਸੰਤਾ ਕਾ ਕਹਣਾ ਕਹਾਵਣਾ ਵਾਸਤੇ ਸਮਰਥ ਅਦੁਤੀ ਪ੍ਰਮੇਸਰ ਦੀ ਪ੍ਰਾਪਤੀ ਦੇ ਹੈ ॥ ੨ ॥ ੧੪੫ ॥

## ਮੂ: ਯਾਫਤ ਈਂ ਸਰਮਾਇਅਹਿ ਉਮਰੇ ਨਜ਼ੀਬ ।
## ਹਸਤ ਅੰਦਰ ਸੁਹਬਤੇ ਏਸਾਂ ਨਸੀਬ ॥

ਟੀਕਾ—ਸੰਤਾਂ ਨੇ ਪਾਇਆ ਹੈ ਏਹ ਪੂੰਜੀ ਉਮਰ ਦੀ ਅਸਚਰਜ ਭਜਨ ਪ੍ਰਾਪਤੀ ਰੂਪੀ) ਭਾਵ ਸਦਾ ਰੈਹਣੇ ਵਾਲੀ ਪੂੰਜੀ ॥ ੧ ॥ ਪੁਨਾਂ ਉਨ੍ਹਾਂ ਸੰਤਾਂ ਦੀ ਸੰਗਤ ਦੇ ਅੰਦਰ ਪ੍ਰਾਪਤ ਹੋਤੀ ਹੈ ਏਹ ਪੂੰਜੀ ਜਿਸਕੋ ਇਛਾ ਹੋਵੈ ॥ ੨ ॥ ੧੪੬ ॥

## ਮੂ: ਆਂ ਰਵਾ ਬਾਸ਼ਦ ਦਿਗਰ ਮਨਜ਼ੂਰ ਨੇਸਤ ॥
## ਗ਼ੈਰ ਹਰਫੇ ਰਾਸਤੀ ਦਸਤੂਰ ਨੇਸਤ ॥

ਟੀਕਾ—ਉਨਾਂ ਸੰਤਾਂ ਕੋ ਏਹ ਨਾਮ ਰੂਪੀ ਪੂੰਜੀ ਮਨਜ਼ੂਰ ਹੈ ਰਖਣੀ ਅਰੁ ਦੂਸਰਾ ਕਰਮ ਕਰਨਾ ਮਨਜ਼ੂਰ ਨਹੀਂ ਹੈ) ਭਾਵ ਏਹ ਜੋ ਕਲੀ ਮੈਂ ਨਾਮ ਜਪਨ ਸੇ ਹੀ ਮੋਖ ਹੋਤੀ ਹੈ ਹੋਰ ਕਰਮਾਂ ਸੇ ਨਹੀ ਹੋਤੀ ਪ੍ਰਮਾਨ ਕਲੂ ਆਇਓ ਰੇ ਕਲੂ ਆਇਓ ਨਾਮ ਬੋਵਹੁ ਬੋਵਹੁ ਆਨ ਰੁਤ ਨਾਹੀ ਨਾਹੀ ਮਤ ਭਰਮ ਭੂਲੋ ਭੂਲੇ ਮਨ ਰੁਤਿ ਨਾਮਰੇ ॥ ੧ ॥ ਇਸੀ ਤੇ ਬਿਨਾ ਸਚਿਆਈ ਦੇ ਅਖਰ ਬੋਲਨਾ ਹੋਰ ਉਨਾਂ ਕੀ ਰੀਤੀ ਹੀ ਨਹੀਂ ਹੈ) ਭਾਵ ਨਾਮ ਜਪਤੇ ਜਪਾਵਤੇ ਹੈਂ । ਪ੍ਰਮਾਨ ਬੈਠਤ ਹਰਿ ਹਰਿ ਸੋਵਤ ਹਰਿ ਹਰਿ ਹਰਿ ਰਸ ਭੋਜਨ ਖਾਤ । ਹੋਰ ਆਪ ਸਚ ਬੋਲਤੇ ਹੈਂ ਅਰੁ ਸਚ ਬੋਲਨਾਂ ਹੀ ਪਸਿੰਦ ਕਰਤੇ ਹੈਂ

Digitized by Panjab Digital Library | www.panjabdigilib.org

॥੨॥੧੪੭॥ ਪ੍ਰਸ਼ਨ ਆਪਨੇ ਜੋ ਸਾਧ ਸੰਗਤਿ ਕਰਨੀ ਕਹੀ ਹੈ ਸੋ ਸਾਧ ਸੰਗਤਿ ਕਿਸ ਦਾ ਨਾਮ ਕਹਿਤੇ ਹੈਂ ਅਰੁ ਕਿਸ ਜ਼ਬਾਨ ਮੈ ਕਹਿੰਦੇ ਹੈਂ ॥ ਉਤ੍ਰ ॥

**ਮੂਲ ਸਾਧ ਸੰਗਤਿ ਨਾਮਸ਼ਾਂ ਦਰ ਹਿੰਦ ਵੀਸਤ ॥**
**ਈਂ ਹਮਹਿ ਤਾਰੀਫ ਸ਼ਾਂਏ ਮਲਵੀਸਤ ॥**

ਟੀਕਾ–ਹੇ ਭਾਈ ਸਾਧ ਸੰਗਤਿ ਨਾਮ ਉਨਾਂ ਸੰਤਾਂ ਸੇ ਮਿਲ ਬੈਠਨ ਕਾ ਹੈ ਅਰੁ ਅੰਦਰ ਹਿੰਦੀ ਜ਼ੁਬਾਨ ਦੇ ਕੰਹਦੇ ਹੈਂ ॥੧॥ ਤਾਂਤੇ ਏਹ ਤਮਾਮ ਸਿਫਤ ਉਪਮਾਂ ਉਨਾਂ ਸੰਤਾਂ ਕੀ ਅਰੁ ਉਨਾਂਦੀ ਸੰਗਤਿਕੀ ਕਹੀ ਹੈ ਐ ਬੁਧੀਮਾਨ ॥ ੨ ॥ ੧੪੮ ॥ ਪ੍ਰਸਨ ਸੁਭ ਸੰਗਤਿ ਕਰਨੀ ਤਾਂ ਸਭ ਕੋਈ ਚਾਹੁੰਦਾ ਹੈ ਪਰੰਤੂ ਸੰਗਤਿ ਪ੍ਰਾਪਤਿ ਹੋਣੇ ਕਾ ਨਮਿਤ ਕਹੀਏ ਜੋ ਕਿਸੁ ਤਰ੍ਹਾਂ ਪ੍ਰਾਪਤਿ ਹੋਤੀ ਹੈ ਉਤ੍ਰ ॥

**ਮੂਃ ਸੁਹਬਤੇ ਏਸ਼ਾਂ ਬਵੱਦ ਲੁਤਫ ਖ਼ੁਦਾ ।**

ਟੀਕਾ–ਸੰਗਤਿ ਏਨਾਂ ਸੰਤਾਂ ਦੀ ਪ੍ਰਾਪਤੀ ਹੋਤੀ ਹੈ ਵਾਹਿਗੁਰੂ ਕੀ ਕ੍ਰਿਪਾ ਸੇ । ਪ੍ਰਸ਼ਨ ਵਾਹਿਗੁਰੂ ਦੀ ਕ੍ਰਿਪਾ ਕਿਸ ਰੀਤੀ ਸੇ ਹੋਤੀ ਹੈ ਸੋ ਕਹੀਏ ਉਤ੍ਰ

**ਮੂਃ ਤਾ ਨਸ਼ੀਹਤ ਕੁਨ ਸ਼ਵਦ ਈਂ ਰੋ ਨੁਮਾਂ ।**

ਟੀਕਾ–ਜਬ ਤੂ ਤਾੜਨਾ ਸੇਵਾ ਪ੍ਰਾਰਥਨਾ ਉਪਮਾ ਆਦੀ ਸਾਧਨ (ਕਰੇਂ ਤਬ ਤੂ ਹੋਵੇਂ ਏਹ ਮੁਖ ਦਿਖਲਾਵਨ ਵਾਲਾ) ਭਾਵ ਪ੍ਰਮੇਸਰ ਦਾ ਕ੍ਰਿਪਾ ਜੋਗ ਹੋਵੇਂ ਤਬ ॥ ੨॥ ੧੪੯॥

**ਮੂਃ ਹਰ ਕਸੇ ਈਂ ਦੌਲਤੇ ਜਾਵੇਦ ਯਾਫਤ ।**
**ਜ਼ਿੰਦਗੀਏ ਉਮਰ ਰਾ ਉਮੈਦ ਯਾਫਤ ।**

ਟੀਕਾ—ਤਾਂਤੇ ਹੇ ਭਾਈ ਇਸ ਪਰਕਾਰ ਜਿਸ ਕਿਸੀ ਨੇ ਏਹ ਸੰਗਤ ਅਰੁ ਭਗਤੀ ਰੂਪੀ ਮਾਯਾ ਹਮੇਸ਼ਾ ਦੇ ਰੈਣੇ ਵਾਲੀ ਪਾਈ ਹੈ ॥ ੧ ॥ ਉਸਨੇ ਉਮਰ ਤਾਂਈ ਜੀਵਣੇ ਦੀ ਏਹ ਉਮੈਦ ਪਾਈ ਹੈ ॥ ੨ ॥ ੧੫੦ ॥ ਸਿਧਾਂਤ ॥

**ਮੂਃ ਈਂ ਹਮਹਿ ਫਾਨੀ ਵ ਆਂ ਬਾਂਕੀ ਬਿਮਾਂਦ ।**
**ਜਾਂਮ ਇਸ਼ਕੇ ਪਾਕ ਰਾ ਸ਼ਾਕੀ ਬਿਮਾਂਦ ।**

Digitized by Panjab Digital Library | www.panjabdigilib.org

ਟੀਕਾ—ਤਾਂਤੇ ਦੇਖੀਏ ਏਹ ਲੋਕ ਤਮਾਮ ਫਨਾਹ ਹੋਨੇ ਵਾਲੇ ਹੈਂ ਅਰੁ ਓਹ ਸੰਤ ਬਾਕੀ ਰਹਿੰਦੇ ਹੈਂ ਭਾਵ ਏਹ ਲੋਕ ਹਮੇਸਾਂ ਦੇ ਰਹਿਣੇ ਵਾਲੀ ਮਾਯਾ ਬਿਨਾਂ ਜਮਦੇ ਮਰਦੇ ਹੈਂ ਅਰੁ ਓਹ ਸੰਤ ਇਸਬਿਰ ਮਾਯਾ ਕੇ ਸੰਤ ਹੋਨੇ ਤੇ ਸਦਾ ਜੀਵਦੇ ਰਹਿੰਦੇ ਹੈਂ ।੧॥ ਅਰੁ ਅਗੇ ਪਵਿਤ੍ਰ ਪਰੇਮ ਰੂਪੀ ਪਿਆਲੇ ਤਾਂਈ ਦੇਣੇ ਵਾਲੇ ਹੋ ਰਹੇ ਹੈਂ) ਭਾਵ ਵਾਹਿਗੁਰੂ ਦੇ ਪ੍ਰੇਮ ਦਾ ਉਪਦੇਸ ਕਰਤੇ ਹੈਂ ਪਰਮਾਣ ਸਾਚ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਯੋ। ੨॥੧੫੧॥ ਸਾਧਾਰਨ।

**ਮੂਲ** ਹਰਚਿ ਹਸਤ ਅਜ਼ ਸੁਹਬਤੇ ਏਸਾਂ ਬਵੱਦ।
ਕਜ਼ ਤੁਫੈਲ ਸ਼ ਜ਼ੁਮਲਹ ਆਬਾਦਾਂ ਸਵੱਦ।

ਟੀਕਾ—ਜੋ ਕੁਛ ਮਾਨ ਪ੍ਰਤਿਸਟਾ ਦੀ ਪਰਾਪਤੀ ਹੈ ਸੋ ਉਨਾਂ ਸੰਤਾਂ ਕੀ ਸੰਗਤਿ ਸੇ ਪ੍ਰਾਪਤੀ ਹੈ। ੧। ਪੁਨਾ ਜੋ ਏਹ ਜੀਵ ਕ੍ਰਿਪਾ ਉਨਕੀ ਸੇ ਤਮਾਮ ਵਸਤੇ ਹੈਂ) ਭਾਵ ਪਰਤਖ ਤੇ ਹੋਰ ਗੁਣਾਂ ਸੰਤ ਹੋਤੇ ਹੈਂ।੨। ੧੫੨ ॥

**ਮੂਲ** ਈਂ ਹਮਹਿ ਆਬਾਦੀ ਅਜ਼ ਲੁਤਫੇ ਖੁਦਾਸਤ।
ਗਫਲਤ ਅਜ਼ਵੇ ਯਕ ਨਫਸ ਮੁਰਗੋ ਜਫਾਸਤ।

ਟੀਕਾ— ਸੰਤ ਆਪਣੀ ਪ੍ਰਭਤਾਦੀ ਗਤਾਕੋ ਤਯਾਗ ਕੇ ਐਸਾ ਸਬਕੋ ਉਪਦੇਸ ਕਰਤੇਹੈ। ਹੇਪਿਆਰਿਓ ਏਹ ਤਮਾਮ ਵਸੋਂ ਵਾਹਿਗੁਰੂ ਕੀ ਕ੍ਰਿਪਾਸੇਂ ਹੋਰਹੀਹੈ।੧। ਤਾਂਤੇ ਉਸ ਪ੍ਰਮੇਸ੍ਰ ਸੇ ਜੋ ਪ੍ਰਮਾਦੀ ਹੋਣਾਹੈ ਇਕ ਸੁਆਸ ਭੀ ਏਹੀ ਮੌਤ ਹੈ ਅਰ ਏਹੀ ਪੀੜਾਹੈ ) ਭਾਵ ਏਹ ਪ੍ਰਮਾਦਤਾਹੀ ਮੌਤ ਦਾ ਅਰੁ ਪੀੜਾਦਾ ਕਾਰਣਹੈ। ੨। ੧੫੩।

**ਮੂਲ** ਸੁਹਬਤੇ ਸ਼ਾਂ ਕੀਮਿਯਾਂ ਬਾਸ਼ਦ ਤੁਰਾ॥
ਤਾਹਿ ਮੇਖਾਹੀ ਰਵਾ ਬਾਸ਼ਦ ਤੁਰਾ।

ਟੀਕਾ— ਪੁਨਾ ਸੰਗਤਿ ਉਨਾਸੰਤਾਂਕੀ ਪਾਰਸ ਰੂਪ ਹੈ ਤੇਰੇ ਤਾਂਈ) ਭਾਵ ਸੁਧ ਸ੍ਵਰਨ ਕਰ ਨੇਵਾਲੀਹੈ। ੧। ਫੇਰ ਜੋਕੁਛ ਚਾਂਵੇ ਓਹ ਮਨਜ਼ੂਰ ਹੈ ਤੇਰੇ ਤਾਂਈ) ਭਾਵ ਜਬ ਪਾਰਸਦੀ ਪ੍ਰਾਪਤੀ ਭਈ ਤਾਂਫੇਰ ਜੋਵ ਸਤੂਕੀ ਇਛਾ ਕਰੈਂ ਓਹੁ ਤੇਰਕੋ ਪ੍ਰਾਪਤਿ ਹੋਜਾਇਗੀ। ੨। ੧੫੪।

Digitized by Panjab Digital Library | www.panjabdigilib.org

**ਮੂਲ ਈਂ ਹਮਹਿ ਕੀ ਸਾਹਿਬੇ ਜਾਹ ਆਮਦੰਦ ॥**
**ਅਜ਼ਬਰਾਇ ਸੁਹਬਤੇ ਸਾਂ ਆਮਦੰਦ ॥**

ਟੀਕਾ—ਇਹਜੋ ਤਮਾਮ ਸੰਤ ਦੇਖੀਦੇਹੈ ਏਹ ਮਾਲਕ ਪ੍ਰਤਬੇਦੇ ਆਏਹੈਂ। ਭਾਵ ਇਨਾਂਕਾ ਆਦਮਾਨ ਪਤਿਸਟਾ ਕਰਨੇ ਜੋਗਹੈ। ੧। ਪੁਨਾ ਏਹਜੋ ਜੀਵ ਹੈਂ ਏਹ ਵਾਸਤੇ ਸੰਗਤਿ ਉਨਾਂਕੀ ਕੇ ਆਏਹੈਂ। ੨। ੧੫੫। ਪੁਨਾ

**ਮੂਲ ਜ਼ਿੰਦਗੀ ਏਸਾਂ ਜ਼ਿ ਫੈਜ਼ੇ ਸੁਹਬਤੇ ਅਸਤ ॥**
**ਸੁਹਬਤੇਸਾਂ ਆਇਤੇ ਪੁਰ ਰਹਿਮਤ ਅਸਤ ॥**

ਟੀਕਾ— ਜੀਵਣਾ ਇਨਾਂਦਾ ਉਨਾਂਕੀ ਸੰਗਤਿ ਕੇ ਪ੍ਰਤਾਪ ਸੇਹੈ। ਭਾਵ ਸੰਗਤ ਕਰਨੇਸੇ ਜੀਵਣਾ ਹੋਂਦਾਹੈ। ੧। ਪੁਨਾ ਸੰਗਤਿ ਉਨਾਂਕੀ ਸੇ ਪੌਰੀ ਪੂਰਨ ਦਯਾਦੀ ਪ੍ਰਾਪਤਿ ਹੋਤੀਹੈ) ਭਾਵ ਦਯਾਕਰਨੇਵਾਲੇ ਹੋਤੇਹੈਂ। ੨। ੧੫੬

**ਮੂਲ ਹਰਕਸ ਰਾ ਸੁਹਬਤੇ ਸ਼ਾਂ ਬਾਇਦਸ਼ ॥**
**ਤਾ ਜ਼ਿ ਦਿਲ ਅਕਦੇ ਗੁਹਰ ਬੁਗਸ਼ਾਇਦਸ਼ ॥**

ਟੀਕਾ—ਤਾਂਤੇ ਹਰ ਕਿਸੇਕੇ ਤਾਂਈ ਸੰਗਤਿ ਉਨਾਕੀ ਕਰਨੀ ਚਾਹੀਦੀ ਹੈ। ੧। ਕਿਉਂਜੋ ਤਿਸ ਸੰਗਤਿ ਕਰਕੇ ਅੰਤਾਃਕਰਣਸੇ ਲੜੀਆਂ ਮੋਤੀਆਂ ਦੀਆਂ ਖੁਲਦੀਆਂ ਹੈਂ) ਭਾਵ ਜੋ ਸੰਗਤਿ ਕਰੈ ਉਸਦੇਅੰਦ੍ਰ ਦੈਵੀ ਸੰਪਤੀ ਗੁਣ ਪ੍ਰਗਟ ਹੋਤੇਹੈ। ਤਾਂਤੇ ਸੰਤਾਂਕੀ ਸੰਗਤਿ ਕਰੀਐ। ੨। ੧੫੭। ਪ੍ਰਸਨ ਆਪਨੇ ਜੋ ਦਿਲਸੇ ਮੋਤੀਆਂ ਦਾ ਪ੍ਰਗਟ ਹੋਣਾ ਕਹਿਯਾਹੈ ਇਹ ਬਾਤ ਹਮ ਕੋ ਕੈਸੇ ਨਿਸਚਤ ਹੋਵੈ ਜੋ ਮੋਤੀ ਅੰਦ੍ਰਹੀ ਹੈ ਸੋਆਪ ਇਸ ਭੇਦਕੋ ਨਿਰਨੇਸੇ ਕਹੀਏ ਜਿਸਕਰ ਹਮ ਜਾਨਲੇਵੈ ਉਤ੍ਰ

**ਮੂਲ ਸਾਹਿਬੇ ਗੰਜੀਨਈਂ ਏਬੇ ਖ਼ਬਰ ॥**
**ਲੇਕਿ ਜਾਂ ਗੰਜੇ ਤੁਰਾ ਨਬਵਦ ਖ਼ਬਰ ॥**

ਟੀਕਾ— ਤੂੰ ਮਾਲਕ ਹੈਂ ਖਜਾਨੇਦਾ ਐ ਬੇਹੋਸ ਅਗਜਾਤ। ੧। ਹੈਤੂੰ ਮਾਲਕ ਪ੍ਰੰਤੂ ਉਸ ਅੰਤਾਃਕਰਣ ਕੇ ਖਜਾਨੇ ਸੇਂ ਤੇਰੇ ਕੋ ਖਬ੍ਰ ਗਜਾਤ ਨਹੀ ਹੈ। ੨। ੧੫੮। ਪ੍ਰਸਨ ਜਬ ਖਜਾਨਾ ਪਾਸਹੈ ਤਾਂ ਫੇਰ ਉਸ ਕੀ ਖਬ੍ਰ ਕਿਸ ਕਾਰਨ ਨਹੀ ਹੋਤੀ ਉਤਰ

Digitized by Panjab Digital Library | www.panjabdigilib.org

**ਮੂਲ** ਕੇ ਅਜ਼ਾਂ ਗੰਜੇ ਬਿਯਾਬੀ ਇਤਲਾ॥
ਅੰਦਰੂਨੇ ਕੁਫਲ ਚੂ ਬਾਸ਼ਦ ਮਤਾ।

ਟੀਕਾ— ਕਬ ਉਸ ਖਜਾਨੇ ਦੀ ਪਾਸਕਦਾਹੈ ਖਬਰ ਗਜਾਤ ਨਹੀਪਾਸਕਦਾ।੧। ਕਿਉਂਜੋ ਅੰਦਰ ਜੰਦਰੇ ਦੇ ਓਹੁ ਪਦਾਰਥ ਹੈ।੨।੧੫੯

**ਮੂਲ** ਪਸ ਤੁ ਰਾ ਲਾਜ਼ਮੁਬਵੱਦ ਜ਼ੋਈਕਲੀਦ॥
ਤਾ ਬੁਬੀਨੀ ਗੰਜ ਖੁਫਿਯਹਰਾਪਦੀਦ॥

ਟੀਕਾ— ਜੇਕਰ ਹੇਭਾਈ ਤੇਰੇ ਕੋ ਖਜਾਨੇਕੀ ਇਛਿਆਹੈ ਤਾਂ ਫੇਰ ਤਰੇ ਤਾਂਈ ਚਾਹੀਦਾਹੈ ਮੁਨਾਸਬਹੈ ਜੋਉਸ ਖਜਾਨੇਕੀ ਕੁੰਜੀਕੋ ਢੂੰਢਣਾ ਕਰੈਂ।੧। ਜਬ ਕੁੰਜੀ ਢੂੰਢੇ ਤਬਤੂੰ ਦੇਖਲਏਂ ਖਜਾਨੇ ਗੁਜੇਕੇ ਤਾਂਈ ਪਰਗਟਹੀ।੨।੧੬੦। ਪਰਸਨ ਆਪਨੇ ਜੋ ਜੰਦਰੇ ਅੰਦਰ ਪਦਾਰਥ ਕਹਾਹੈ ਸੋ ਜੰਦਰਾ ਕੌਨਸਾਹੈ ਅਰੁ ਉਸਕੀ ਕੁੰਜੀ ਕੌਨਸੀਹੈ ਅਰੁ ਕੁੰਜੀਕੇ ਢੂੰਢਨੇਕਾ ਹਾਲ ਕਿਸਸੇਂ ਮਿਲਤਾਹੈ ਅਰੁ ਓਹੁ ਕੁੰਜੀ ਕਿਸ ਕੇ ਪਾਸ ਰੈਂਦੀ ਹੈ ਏਹ ਭੇਦ ਸਬ ਨਿਰਨੇ ਸੇ ਕਹੀਏ ਜੀ ਉਤ੍ਰ॥

**ਮੰ:** ਕੁਫਲ ਬਕੁਸ਼ਾਂ ਅਜ਼ ਕਲੀਦੇ ਨਾਮਿ ਹਕ।
ਅਜ਼ ਕਿਤਾਬੇ ਗੰਜ ਮਖ਼ਫੀ ਖਾਂ ਸ਼ਬਕ॥

ਟੀਕਾ—ਜੰਦਰਾ ਖੋਲੈਂ ਸਚੇ ਕੇ ਨਾਮ ਰੂਪੀ ਕੁੰਜੀ ਸੇ) ਭਾਵ ਅਗਯਾਨ ਜੰਦਰਾ ਹੈ ਤੇ ਤਾਕ ਕੋਸ ਪੰਜ ਹੈਂ ਤੇ ਨਾਮ ਕੁੰਜੀ ਹੈ ਅਰੁ ਨਾਮ ਕਾ ਅਭਯਾਸ ਕਰਨਾ ਖੋਲਨਾ ਹੈ।੧॥ ਪੁਨਾ (ਮਖਫੀ)ਗੁਜ ਖਜਾਨੇ ਕੇ ਦਿਖਲਾਨੇ ਵਾਲੇ ਗ੍ਰੰਥ ਸੇ ਸੰਥਾ ਪੜ੍ਹੋ) ਭਾਵ ਗੁਰਬਾਣੀ ਕੋ ਸੈਤ ਅਰਥਾਂ ਕੇ ਪੜ੍ਹੈ ਸੁਨੈ ਤਾਂ ਕੁੰਜੀ ਕਾ ਭੇਦ ਮਿਲਤਾ ਹੈ।੨।੧੬੧।

**ਮੂਲ** ਈਂ ਕਲੀਦੇ ਨਾਮ ਪੇਸ਼ੇ ਸ਼ਾਂ ਬਵੱਦ।
ਮਰਹਮੇ ਦਿਲ ਹਾਇ ਰੇਸ਼ੇ ਜਾਂ ਬਵੱਦ।

ਟੀਕਾ—ਏਹ ਨਾਮ ਰੂਪੀ ਕੁੰਜੀ ਪਾਸ ਉਨਾਂ ਸੰਤਾਂ ਗੁਰਾਂ ਕੇ ਹੈ।੧। ਪੁਨਾ ਇਸ ਕੁੰਜੀ ਮੇ ਖੋਲਨੇ ਤੇ ਅਲਾਵਾ ਹੋਰ ਭੀ ਗੁਣ ਹੈ ਸੋ ਸੁਨੈ। ਏਹ ਜੋ ਮਲਸ ਰੂਪ ਭੀ ਹੈ ਖੋਤਜਾਂ ਦਿਲਾਂ ਅਰੁ ਜਾਨਾ ਜਖਮੀਆਂ ਕੀ

Digitized by Panjab Digital Library | www.panjabdigilib.org

।੨।੧੬੨।

ਮੂ: ਚੂੰ ਕਸੇਰਾ ਈ ਕਲੀਦ ਆਇਦ ਬਦਸਤ ।
ਸਾਹਿਬੇ ਗੰਜੀਨਹ ਬਾਸ਼ਦ ਹਰਕਿ ਹਸਤ ।

ਟੀਕਾ—ਜਬ ਕਿਸੀ ਕੇ ਤਾਈਂ ਏਹ ਕੁੰਜੀ ਆਂਵਦੀ ਹੈ ਬੀਚ ਹਥ। ਕੇ) ਭਾਵ ਜੋ ਗੁਰਾਂ ਦੁਆਰੇ ਨਾਮ ਕਾ ਉਪਦੇਸ ਲੇਕਰ ਅਭਯਾਸ ਕਰਤਾ ਹੈ। ੧। ਮਾਲਕ ਖਜ਼ਾਨੇ ਦਾ ਓਹੁ ਹੋਤਾ ਹੈ ਜੋ ਕੋਈ ਹੈ) ਭਾਵ ਨਾਮਦੇ ਅਭਿਆਸ ਕਰਨੇ ਵਾਲਾ ਭਾਂਵੇ ਕਿਸੀ ਜਾਤ ਕਾ ਹੋਵੈ ਪਰਮਾਨ ਕਾਹੇ ਨ ਬਾਲਮੀ ਕਹ ਦੇਖ। ਕਿਮ ਜਾਤ ਤੇ ਕਿਹ ਪਦਹ ਅਮਰਿਓ ਰਾਮ ਭਗਤਿ ਬਸੇਖ ॥੨॥੧੬੩॥

ਮੂ: ਗੰਜ ਰਾ ਚੂੰ ਯਾਫ਼ਤਹਿ ਜੋਯਾਇ ਗੰਜ ।
ਗਸਤ ਫ਼ਾਰਗ਼ ਅਜ਼ ਹਮਹਿ ਤਸਵੀਸ ਰੰਜ ॥

ਟੀਕਾ—ਸਿਧਾਂਤ ਖਜਾਨੇ ਤਾਈਂ ਜਬ ਪਾਯਾ ਖਜਾਨੇ ਕੇ ਢੂੰਢਨੇ ਵਾਲੇ ਨੇ।੧। ਤਬ ਓਹ ਹੂਆ ਨਿਆਰਾ ਖਲਾਸ ਤਮਾਮ ਸਰਮਿੰਦਗੀਆਂ ਅਰੁ ਪੀੜਾ ਸੇ) ਭਾਵ ਓਹ ਦੋਨੋ ਲੋਕਾਂ ਮੇ ਸੁਖ ਰੂਪ ਹੋਯਾ।੨।੧੬੪। ਪ੍ਰਸ਼ਨ ਮਰਾਤਬਾ ਉਸਕੋ ਕਿਆ ਮਿਲਤਾ ਹੈ। ਉਤਰ

ਮੂ: ਆਂ ਹਮ ਅਜ਼ ਮਰਦਾਨ ਹਕ ਸ਼ੁਦਏ ਸਫ਼ੀਕ ।
ਆਂਕਿ ਰਾਹੇ ਯਾਫ਼ਤ ਦਰ ਕੂਏ ਰਫ਼ੀਕ ॥

ਟੀਕਾ—ਜੈਸੇ ਹਰੀ ਕੇ ਪਿਆਰੇ ਸੰਤ ਹੈ ਐਸੇ ਓਹ ਖਜਾਨੇ ਵਾਲਾ ਭੀ ਸਚੇ ਸੇ ਹੂਆ ਦੋਸਤ) ਭਾਵ ਪ੍ਰਮੇਸ਼ਰ ਕਾ ਪਿਆਰਾ ਸੰਤਰੂਪਦਵਾਲਾਹੂਆ।੧। ਕਿਉਜੋ ਉਸਨੇ ਰਸਤਾ ਪਾਯਾਹੈਅੰਦਰਕੂਚੇ ਪਿਆਰੇ ਕੇ ਕੇ) ਭਾਵ ਜੈਸੇ ਪਾਂਤਸ਼ਾਹ ਕੇ ਪਾਸ ਕੋਈ ਮਰਾਤਬੇ ਵਾਲਾ ਜਾ ਸਕਤਾ ਹੈ। ਅਰੁ ਹਜੂਰੀ ਹੋ ਸਕਦਾ ਹੈ ਐਸੇ ਓਹ ਗੁਣਾਂ ਸੇਤ ਹੋਨੇ ਤੇ ਅਰੁ ਸੰਗਤ ਕਰਨੇ ਤੇ ਅਭੇਦ ਹੂਆ।੨।੧੬੫।

ਮੂਲ ਸੁਹਬਤੇ ਸ਼ਾਂ ਜ਼ਰਹ ਰਾ ਚੂੰ ਮਾਹ ਕਰਦ ।
ਹਰਿ ਗਦਾ ਰਾ ਸੁਹਬਤੇ ਸ਼ਾਂ ਸ਼ਾਹ ਕਰਦ ।

ਟੀਕਾ—ਪੂਨਾ ਸੰਗਤਿ ਉਨਾਂ ਅਭੇਦ ਸੰਤਾਂ ਕੀ ਨੇ ਤੁਛ ਦਾਣੇ ਵੜ

Digitized by Panjab Digital Library | www.panjabdigilib.org

ਜੀਵਾਂ ਕੋ ਮਾਨਿੰਦ ਚੰਦਰਮਾਂ ਦੇ ਕੀਆ ਹੈ) ਭਾਵ ਦੋ ਹੈ ਏਕ ਚੰਦ ਸਮ ਸੀਤਲ ਤੇ ਦੂਜਾ ਪਰਗਾਸਵਾਨ ਕੀਆ ।੧। ਪੁਨਾ ਹਰ ਇਕ ਮੰਗਤਿਆਂ ਗਰੀਬਾਂ ਤਾਂਈ ਸੰਗਤਿ ਉਨਾਂ ਕੀ ਨੇ ਪਾਤਿਸਾਹ ਕੀਆ ਹੈ ਸਾਖੀ ਚਣਿਆਂ ਕੇ ਖੇਤ ਵਾਲੇ ਕੀ ਜੋ ਸੁਲਤਾਨ ਹੂਆ ਹੈ ।੨। ੧੬੬। ਐਸੇ ਸਮਰਥ ਸੰਤਾਂ ਕੋ ਅਸੀਰਵਾਦ ਕਰਤੇ ਹੈਂ ਭਾਈ ਜੀ।

**ਮੂ: ਰਹਮਤੇ ਹਕ ਬਾਦ ਬਰ ਔਜਾਇ ਸ਼ਾਂ ।**
**ਬਰ ਪਦਰ ਬਰ ਮਾਦਰੋ ਅਬ ਨਾਇ ਸ਼ਾਂ ।**

ਟੀਕਾ–ਦਯਾ ਵਾਹਿਗੁਰੂ ਕੀ ਹੋਵੇ ਉਪਰ ਉਨਾਂ ਸੰਤਾਂ ਕੇ ਸੁਭਾਵ ਦੇ ।੧। ਪੁਨਾ ਉਨਾਂ ਸੰਤਾਂ ਕੇ ਨਾਦੀ ਬਿੰਦੀ ਪਿਤਾ ਉਪਰ ਮਾਤਾ ਉਪਰ ਅਰੁ ਭਾਈਓ ਉਪਰ ਦਯਾ ਹੋਵੇ। ਭਾਵ ਸਬ ਪਰਵਾਰ ਉਪਰ ਵਾਹਿਗੁਰੂ ਕੀ ਦਯਾ ਹੋਵੇ ।੨ ।੧੬੭। ਅਬ ਉਨਾ ਕੀ ਮਹਤੱਤਾ ਕਹਿਤੇ ਹੈਂ।

**ਮੂਲ ਹਰਕਿ ਸ਼ਾਂ ਰਾ ਦੀਦਹ ਹਕ ਰਾ ਦੀਦਹਿ ਅਸਤ ।**
**ਖੁਸ਼ ਫੂਲ ਅਜ਼ ਬਾਗ਼ੇ ਮੁਹਬਤ ਚੀਦਹਿ ਅਸਤ**

ਟੀਕਾ—ਜਿਸ ਕਿਸੀ ਨੇ ਉਨ ਸੰਤਾਂ ਕੋ ਦੇਖਿਆ ਹੈ ਉਸਨੇ ਸਚੇ ਤਾਂਈ ਹੀ ਦੇਖਾ ਹੈ ।੧। ਪੁਨਾ ਚੰਗਾ ਫੂਲ ਸਾਧਨਾ ਗੁਣਾਂ ਰੂਪੀ ਹੋਗੋ ਕੇ ਸੰਤਾਂ ਕੀ ਪ੍ਰੀਤੀ ਰੂਪੀ ਬਾਗ ਸੇ ਚੁਣਿਆ ਹੈ ਉਸਨੇ ।੨।੧੬੮।

**ਮੂ: ਗੁਲ ਜ਼ਿ ਬਾਗ਼ੇ ਮਾਰਫ਼ਤ ਬਰ ਚੀਦਨ ਅਸਤ**
**ਦੀਦਨੇ ਈ ਸ਼ਾਂ ਖੁਦਾ ਰਾ ਦੀਦਨ ਅਸਤ ॥**

ਟੀਕਾ—ਪੁਨਾ ਪ੍ਰੀਤੀ ਰੂਪੀ ਬਾਗ ਕੇ ਗੁਣਾਂ ਰੂਪੀ ਫੂਲਾਂ ਸੇ ਗਯਾਨ ਰੂਪੀ। (ਬਰ) ਫਲ ਚੁਣਿਆ ਹੈ । ਭਾਵ ਜਿਸਨੇ ਗਯਾਨ ਪਾਯਾ ਹੈ ।੧। ਐ ਪਿਆਰੇ ਦੇਖਣਾ ਉਸ ਗਯਾਨਵਾਨ ਦਾ ਵਾਹਿਗੁਰੂ ਕਾ ਦੇਖਣਾ ਹੈ। ਭਾਵ ਵਾਹਿਗੁਰੂ ਸੇ ਅਭੇਦ ਹੋਣੇ ਤੇ ਤੁਲ ਹੈ ਇਸ ਤੇ।੨।੧੬੯। ਪ੍ਰਸ਼ਨ ਦੋ ਹੈਂ ਏਕ ਤੋ ਹਰੀ ਕੇ ਸਮ ਸੰਤਾਂ ਕਾ ਦੇਖਨਾ ਮਾਨਾ ਨਹੀਂ ਜਾਤਾ ਆਕਾਰ ਹੋਨੇ ਤੇ ਪੁਨਾ ਹਰੀ ਕਾ ਦੇਖਣਾ ਮਨਣ ਮੈ ਨਹੀ ਆਂਵਦਾ ਨਿਰਅਕਾਰ ਹੋਨੇ ਤੇ ਉੱਤਰ ਪ੍ਰਸ਼ਨ ਕਾ ਅਨੁਵਾਦ ਕਰਕੇ ਕਹਤੇ ਹੈਂ ਭਾਈ ਜੀ।

Digitized by Panjab Digital Library | www.panjabdigilib.org

**ਮੂਲ ਮੁਸਕਲ ਆਮਦ ਦੀਦਨੇ ਹਕ ਰਾ ਬਿਯਾਂ।**
**ਮੇਂਦਿਹਦ ਈਂ ਜੁਮਲਹ ਰਾ ਕੁਦਰਤਿ ਨਿਸਾਂ॥**

ਟੀਕਾ—ਯਦਪਿ ਸਚੇ ਦੇ ਦੇਖਨੇ ਦਾ ਅਰਥ ਹਾਲ ਔਖਾ ਅਣ ਬਣ ਕਹਣ ਮੈ ਆਯਾ ਹੈ ॥ ੧ ॥ ਕਿਸ ਤੇ ਜੋ ਏਹ ਸਮਗਰ ਜੀਵਾਂ ਕੋ ਮਾਯਾ ਨਿਸਾਨੀ ਦੇਤੀ ਹੈ) ਭਾਵੇਹ ਜੋ ਸਰਬ ਪਰਪੰਚ ਕਾ ਅਕਾਰ ਦੇਖਨ ਮੈ ਆਂਵਦਾ ਹੈ ਸੋ ਮਾਯਾ ਰੂਪ ਹੈ ਕਿਸ ਕਰਕੇ ਜੋ ਮਾਯਾ ਬਿਨਾ ਅਕਾਰ ਕਹਣਾ ਹੀ ਨਹੀ ਬਣਦਾ ਤਾਂਤੇ ਹਰੀ ਕਾ ਦੇਖਨਾ ਕੈਸੇ ਮਾਨਾ ਜਾਵੈ ਤੇ ਹਰੀ ਰੂਪ ਸੰਤਾਂ ਕਾ ਦੇਖਨਾ ਕੈਸੇ ਮਾਨੇ ਤਾਂਤੇ ਆਪ ਕਹੋ ਏਹ ਕਥਨ ਕੈਸੇ ਹੈ ॥ ੨ ॥ ੧੭੦ ॥ ਉਤ੍ਰ

**ਮੂ: ਅਜ਼ ਤੁਫ਼ੈਲੇ ਸ਼ਾਂ ਖ਼ੁਦਾ ਰਾ ਦੀਦਹ ਅਮ।**
**ਦੀਦਅਮ ਵਾ ਦੀਦਅਮ ਵਾ ਦੀਦਅਮ।**

ਟੀਕਾ—ਉਨਾਂ ਸੰਤਾਂ ਗੁਰਾਂ ਕੀ ਕ੍ਰਿਪਾ ਸੇ ਦੇਖਯਾ ਹੈ ਪਰਮੇਸਰ ਕੋ ਇਸ ਮੈ ਝੂਠ ਨਹੀਂ ਹੈ॥ ੧ ॥ ਪ੍ਰਤਗ੍ਯਾਕਰ ਕਹਤੇ ਹੈਂ ਪਰੋਢਤਾ ਵਾਸਤੇ ਹੇ ਭਾਈ ਦੇਖਿਆ ਹੈ ਜਗਯਾਸੂਆਂ ਨੇ ਮਨ ਕਰਕੇ ਔਰੁ ਦੇਖਿਆ ਹੈ ਤਨ ਕਰਕੇ ਅਰੁ ਦੇਖਿਆ ਹੈ ਬਾਣੀ ਕਰਕੇ। ੨। ੧੭੧ ।ਪ੍ਰਸਨ ਜਿਸ ਪਰਕਾਰ ਉਨਾਂ ਕੀ ਕ੍ਰਿਪਾ ਸੇ ਦੇਖਿਆ ਹੈ ਸੋ ਰੀਤੀ ਨਿਰਨੇ ਸੇ ਕਹੀਏ ਜੀ ਉਤ੍ਰ।

**ਮੂਲ ਦੀਦਨੇ ਹਕ ਮਾਨਿਈਏ ਦਾਰਦ ਸ਼ਰੀਫ਼।**
**ਮਨ ਨਿਯਮ ਈਂ ਜੁਮਲਹ ਆਂ ਜ਼ਾਤ ਲਤੀਫ਼।**

ਟੀਕਾ—ਪਰਮੇਸਰ ਕੇ ਦੇਖਨੇ ਕਾ ਅਰਥ ਜੋ ਬਾਂ ਮੈ ਮਹਾਤਮਾਂ ਅਚਾਰਜਾਂ ਈਸਰ ਨੇ ਰਖਯਾ ਹੈ ਬਡਾ(ਬੁਲੰਦ)ਖੋਲਕੈ ਸੋ ਸੁਨੀਏ॥ ੧॥ ਮੈ ਕੁਛ ਨਹੀਂ ਹਾਂ ਅਰੁ ਏਹ ਜੋ ਸਮਗਰ ਸੰਸਾਰ ਹੈ (ਉਸ ਚਤੁਰ ਹਰੀ ਕੀ ਉਤਪਤੀ ਹੈ ਵਾ ਉਸ ਚਤਰ ਵਾਹਿਗੁਰੂ ਕਾ ਸਰੂਪ ਹੈ) ਭਾਵੇਹ ਜੋ ਪ੍ਰਮੇਸਰ ਕੀ ਸਤਿਆ ਬਿਨਾ ਕੁਛ ਨਹੀਂ ਹੋ ਸਕਤਾ ਮਾਯਾ ਤੇ ਕਿਉ ਜੋ ਮਾਯਾ ਜੜ ਹੈ ਆਪਣੇ ਆਪ ਕੁਛ ਨਹੀ ਕਰ ਸਕਤੀ ਐਸੇ ਨਿਸਚਾ ਕਰਕੇ ਜੋ ਜਾਨਣਾ ਹੈ ਕਿ ਮੈ ਕੁਛ ਨਹੀਂ ਤੇ ਸਰਬ ਰੂਪ ਹਰੀ ਹੈ ਏਹੀ ਦੇਖਣਾ ਹੈ ਪਰਮਾਨ ਏਹ ਜਗਤ ਹਰਿ ਕਾ ਰੂਪ ਹੈ ਹਰਿ ਰੂਪ ਨਦਰੀ ਆਯਾ। ੨। ੧੭੨। ਸਿਧਾਂਤ।

**ਮੂ: ਹਰਕਿ ਓ ਦਾਂਨਿਸਤ ਈਂ ਹਰਫ਼ੇ ਤਮਾਮ।**

Digitized by Panjab Digital Library | www.panjabdigilib.org

ਯਾਫ਼ਤ, ਓ ਆਂ ਗੰਜ ਮਖ਼ਫ਼ੀਰਾ ਮਕਾਮ ।

ਟੀਕਾ—ਜਿਸ ਕਿਸੀ ਨੇ ਜਾਣਿਆ ਹੈ ਏਹ ਸਮਗਰ ਬਦਨ ਕਥਨ ਕਾ ਭੇਦ) ਭਾਵ ਏਹ ਭੇਦ ਜੋ ਮੈ ਕੁਛ ਨਹੀਂ ਹਾਂ ਸਰਬ ਰੂਪ ਹਰੀ ਹੀ ਹੈ ।੧। ਪਾਯਾ ਹੈ ਉਸਨੇ ਉਸ ਖਜਾਨੇ ਗੁਜੇ ਕੋ ਤਾਈ ਘਰ ਮੈ ਹੀ) ਭਾਵ ਸਰਬ ਵਸਤੂ ਹਸਤਾਮਲ ਹੋਈ ਹੈ ਪਰਮਾਨ ਜੋ ਬ੍ਰਹਮੰਡੇ ਸੋਈ ਪਿੰਡੇ, ਪੁਨਾ ਸਭ ਵਸਤੂ ਹਰੀ ਕੀ ਕਰੀ ਹੋਈ ਹੈ ਸੋ ਹਰੀ ਜਬ ਅੰਦਰ ਹਸਤਾਮਲ ਹੂਆ ਤਬ ਸਭ ਵਸਤੂ ਸਾਥ ਹੀ ਆ ਗਈਆਂ ਜੈਸੇ ਰਾਜਾ ਕੇ ਆਨੇ ਸੇ ਰਾਜਾ ਕੀ ਸਮਗਰੀ ਸਾਥ ਹੀ ਆ ਜਾਤੀ ਹੈ ਐਸੇ ਜਾਨੋ ।੨। ੧੭੩।

ਮੂਲ ਮਾਇਨੀਏ ਹੱਕ ਸੂਰਤੇ ਦਾਰਦ ਨਿਕੋਸਤ ॥
ਸੂਰਤੇ ਹੱਕ ਸੂਰਤੇ ਮਰਦਾਨਿ, ਓਸਤ

ਟੀਕਾ—ਅਰਥ ਸਚੇ ਕੀ ਸੂਰਤ ਤਰਾਂ ਦੇ ਰਖੇ ਹੈਂ ਚੰਗੇ੨) ਭਾਵ ਸਚੇ ਕੀ ਪ੍ਰਾਪਤੀ ਦੀ ਸੂਰਤ ਏਹ ਹੈ ਜੋ ਉਸਦੇ ਸੰਤਾਂ ਪਿਆਰਿਆਂ ਕੀ ਪਰਾਪਤੀ ਦੀ ਸੂਰਤ ਹੈ) ਭਾਵ ਜੋ ਜੁਗਤੀ ਸੰਤਾਂ ਕੇ ਮਿਲਨੇ ਕੀ ਹੈ ਉਸੇ ਜੁਗਤੀ ਸੇ ਪ੍ਰਮੇਸਰ ਮਿਲਤਾ ਹੈ ਅਥਵਾ ਅਰਥ ਸਚੇ ਦੀ ਸੂਰਤ ਦੇ ਰਖੇ ਹੈ ਚੰਗੇ ।੧। ਕੈਂੜੇ ਜੋ ਸਚੇ ਦੀ ਸੂਰਤ ਹੈ ਸੋ ਉਸਦੇ ਸੰਤਾਂ ਭਗਤਾਂ ਦੀ ਸੂਰਤ ਹੈ । ਭਾਵ ਸੰਤ ਦਰਸ਼ਨ ਪ੍ਰਮੇਸਰ ਦਾ ਦਰਸਨ ਹੈ ।੨। ੧੭੪। ਪ੍ਰਸ਼ਨ ਏਹ ਜੋ ਐਸੇ ਸੰਤਾਂ ਗੁਰਾਂ ਸੇ ਮਿਲੇ ਹੈਂ ਰੀਤੀ ਪੂਰਬਕ ਉਨਾਂ ਕੀ ਸੰਸਾਰ ਮੈ ਰਹਣੀ ਬੈਣੀ ਕਿਸ ਰੀਤੀ ਸੇ ਹੋਤੀ ਹੈ । ਉਤ੍ਰ ।

ਮੂਲ ਖਿਲਵਤੇ ਏਸਾਂ ਬਵੱਦ ਦਰ ਅੰਜਮਨ ॥
ਵਸਫ਼ ਏਸ਼ਾਂ ਬਰ ਜ਼ੁਬਾਂ ਹਰ ਮਰਦ ਜ਼ਨ ॥

ਟੀਕਾ—ਐ ਪਿਆਰੇ ਇਕੰਤਤਾਈ ਉਨਾ ਦੀ ਹੈ ਅੰਦਰ ਬਾਗ ਦੇਹੀ) ਭਾਵ ਸਰੀਰ ਰੂਪੀ ਬਾਗ ਮੈ ਅਰੁ ਸੰਸਾਰ ਰੂਪੀ ਬਾਗ ਮੈ ਰਹਿਕਰ ਸਰਬ ਤਰਾਂ ਸੇ ਨਿਰਲੇਪ ਰਹਿਤੇ ਹੈਂ ਕਿਸ ਤਰਾਂ ਜੋ ਸਰਬ ਵਿਹਾਰ ਕਰਦੇ ਕਰਾਂਦੇ ਉਨਾਂ ਕੀ ਬਿਰਤੀ ਅੰਤਰਮੁਖ ਰਹਤੀ ਹੈ ਵਖੇਪਾਕਾਰ ਨਹੀ ਹੋਤੀ ਸਾਖੀ ਗੁਜਰਾਤ ਵਾਲੇ ਗੁਰਮੁਖ ਸਿਖ ਭਾਈ ਭੇਖਾਰੀ ਕੀ ।੧। ਪ੍ਰਸਨ ਐਸੇ ਜੋ ਉਦਾਸ ਨਿਰਲੇਪ ਬਿਰਤੀ ਹੈ ਓਹ ਗੁਜਰੈਤੇ ਹੈਂ ਕਿ ਕੋਈ ਜਾਨਤਾ ਭੀ ਹੈ ਉਨਕੋ ਉਤ੍ਰ (ਵਸਫ) ਸਿਫਤ ਉਨਾਂ ਦੀ ਉਪਰ ਜੁਬਾਨ ਸਮਗਰ ਪੁਰਸਾਂ ਇਸਤ੍ਰੀਆਂ ਕੇ ਹੈ) ਭਾਵ ਸਰਬ ਲੋਕ ਉਪਮਾਂ ਕਰਤੇ ਹੈ ।੨। ੧੭੫। ਪ੍ਰਸ਼ਨ ਏਹ ਲੋਕ

Digitized by Panjab Digital Library | www.panjabdigilib.org

ਕਿਸੇ ੨ ਕਾਲ ਮੈ ਉਪਮਾਂ ਕਰਤੇ ਹੋਵੈਂ ਗੇਪਰੰਤੂ ਸਦਾ ਕੈਸੇ ਵਰਤਤੇ ਹੈਂ ਉਤਰ

ਮੂਲ ਈਂ ਖੱਬਰ ਵਾਕਫ ਕਸੇ ਬਾਸ਼ਦ ਕਿ ਓ ॥
ਦਾਰਦ ਅਜ਼ ਸ਼ੌਕੇ ਮੁਹਬਤ ਗੁਫਤ ਗੋ ॥

ਟੀਕਾ—ਇਸ ਹਵਾਲ ਸੇ ਭੇਦੀ ਜੋ ਜੋ ਕੋਈ ਹੁਆ ਹੈ) ਭਾਵ ਜਿਸ ੨ ਨੇ ਜਾਣਿਆ ਹੈ ਕੇ ਸੰਤ ਪ੍ਰਮੇਸਰ ਸੇ ਅਭੇਦ ਹੈ ਪ੍ਰਮਾਣ ਸੰਤ ਰਾਮ ਹੈਂ ਏਕੋ ॥ ੧ ॥ ਓਹ ਕੋਈ ਰਖਤਾ ਹੈ ਪਰੇਮ ਸੇ ਪਰੀਤ ਦਾ ਕਹਣਾ ਕਹਾਵਣਾ ਸੰਤਾਂ ਮੇ ਸਦਾ ।੨।੧੭੬।

ਮੂਲ ਸ਼ੌਕ ਮੌਲਾ ਕਿਸ ਗਰੇਬਾਂਗੀਰ ਸ਼ੁਦ ॥
ਨਾਕਸੇ ਹਮ ਸਾਹਿਬੇ ਤਦਬੀਰ ਸ਼ੁਦ ॥

ਟੀਕਾ—ਪ੍ਰੇਮ ਬ੍ਰਹਮ ਦਾ ਜਿਸ ਕਿਸੇਦੇ ਦਿਲ ਤਾਂਈ ਪਕੜਨੇਵਾਲਾ ਹੂਆ ਹੈ) ਭਾਵ ਜਿਸਨੂੰ ਪਰਮੇਸਰਦਾ ਪਰੇਮ ਪਰਾਪਤਿ ਹੂਆ ਹੈ ਮਨਮੈ ।੧। ਓਹ ਖਾਲੀ ਨਿਰਗੁਣ ਜੀਵ ਭੀ ਮਾਲਕ ਜੁਗਤੀਆਂ ਦਾ ਹੂਆ ਹੈ) ਭਾਵ ਸਮਗਰ ਗੁਣ ਤੇ ਬਿਨਾਂ ਕੇਵਲ ਪਰੇਮ ਸੇ ਪਰਮੇਸਰ ਕੀ ਪਰਾਪਤੀ ਵਾਲਾ ਹੋਯਾ ਹੈ ।੨।੧੭੭।

ਮੂਲ ਬਸੋਕਿ ਹਕ ਮੈਬਾਰਦ ਅਜ ਗੁਫਤਾਰ ਸ਼ਾਂ ॥
ਦੀਦ ਹਾਂ ਰੌਸ਼ਨ ਸ਼ੁਦ ਅਜ਼ ਦੀਦਾਰ ਸ਼ਾਂ ॥

ਟੀਕਾ—ਤਾਂਤੇ ਜੋ ਵਾਹਿਗੁਰੂ ਸੇ ਮਿਲਜਾ ਹੈ ਉਸ ਕੀ ਬਾਣੀ ਸੇ ਬਾਤੇਂ ਕਰਕੇ ਭੀ ਅਤੀ ਸਚਾ ਨਾਮ ਹੀ ਬਰਸਦਾ ਹੈ ॥ ੧ ॥ ਪੁਨਾ ਨੇਤ੍ਰ ਉਸਕੇ ਦਰਸਨ ਸੇ ਬਹੁਤ ਪ੍ਰਕਾਸ ਵਾਲੇ ਹੋਤੇ ਹੈ) ਭਾਵ ਦਿਬ ਦ੍ਰਿਸ਼ਟੀ ਪਰਾਪਤਿ ਹੋਤੀ ਹੈ ।੨। ੧੭੮। ਪ੍ਰਸਨ ਆਪ ਜੋ ਪੀਛੇ ਕਹਤਾ ਹੈ ਕਿ ਸੰਤ ਨਿਰਲੇਪ ਰਹਿਤੇ ਹੈਂ ਸਭ ਸੇ ਪਰੰਤੂ ਪਰਤਖ ਦੇਖਨ ਮੈ ਤੋ ਵਿਹਾਰਾਂ ਮੈ ਖਚਤ ਦੇਖੀਤੇ ਹੈ ਇਸਤੋਂ ਉਨ ਕੋ ਨਿਰਲੇਪ ਕੈਸੇ ਮਾਨੈ ਸੋ ਕਹੀਏ ਜੀ ਉਤਰ।

ਮੂਲ ਰੋਜ਼ ਸ਼ਬ ਬਾਸ਼ੰਦ ਦਰ ਫਿਕਰੇ ਮੁਦਾਮ ॥
ਦਰ ਲਿਬਾਸੇ ਦੁਨਜਵੀ ਮਰਦੇ ਤਮਾਮ ॥

Digitized by Panjab Digital Library | www.panjabdigilib.org

ਟੀਕਾ—ਰਾਤ ਦਿਨੇ ਰਹਿਤੇ ਹੈਂ ਬੀਚ ਧਿਆਨ ਭਜਨ ਕੇ) ਭਾਵ ਅਭ੍ਯਾਸ ਮੈ ਬਿਰਤੀ ਲਗੀ ਰਹਿਤੀ ਹੈ ਸਾਖੀ ਹਨੂਮਾਨ ਕੀ ਮਣੀਆਂ ਤੋੜਨ ਵਾਲੀ। ਪੁਨਾ ਮਨਸੂਰ ਕੀ ਜੈਸੇ ਉਸ ਕੀ ਦੇਹ ਤੋ ਜਲਾਇ ਦਿਤੀ ਸੀ ਪਰ ਉਸ ਕੀ ਜਲੀ ਹੁਈ ਰਾਖ ਸੇ ਭੀ ਅਨਲਹਕ ਸ਼ਬਦ ਨਿਕਲਦਾ ਥਾ ॥ ੧ ॥ ਅਥਵਾ ਦਿਨੇ ਰਾਤ ਓਹ ਕੁਟੰਬ ਕੇ ਧ੍ਯਾਨ ਬੀਚ ਰਹਿਤੇ ਹਨ) ਭਾਵ ਪਾਲਨਾ ਮੈ ਖਚਤ ਰਹਿਤੇ ਹਨ। ੧। ਪੁਨਾ ਦੇਖਨੇ ਮੈ ਯਦਪ ਦੁਨੀਆ ਕੇ ਸਾਜ ਬਾਜੇ ਮੇ ਖਚਤ ਰਹਿਤੇ ਹੈਂ ਪਰੰਤੂ ਅੰਦਰੋਂ ਪੂਰਨ ਸੰਤ ਹੈਂ) ਭਾਵ ਸਰਬ ਗੁਣ ਸਪੰਨ ਅਰੁ ਸਮਰਥ ਹੋਨੇ ਤੇ ਨਿਰਲੇਪ ਰਹਿਤੇ ਹੈ। ੨। ੧੭੯।

**ਮੂਲ** ਬਾ ਹਮਹਿ ਅਜ਼ ਜ਼ੁਮਲਹ ਆਜ਼ਾਦੰਦ ਸ਼ਾਂ ॥
ਦਰ ਹਮਹ ਹਾਲ ਅਜ਼ ਖ਼ੁਦਾ ਸ਼ਾਦੰਦ ਸ਼ਾਂ

ਟੀਕਾ—ਸਾਥ ਸਮਗਰ ਜੀਵਾਂ ਦੇ ਦੇਖਨੇ ਮੈ ਖਚਤ ਹੈ ਪਰ ਚਿਤ ਕਰ ਸਮਗਰ ਸੇ ਨਿਆਰੇ ਹੈ ਓਹ ਸੰਤ।੧।ਪੁਨਾ ਬੀਚ ਸਮਗਰ ਹਵਾਲਾਂਦੇ ਵਾਹਿਗੁਰੂ ਸੇ ਖੁਸੀ ਹਨ ਓਹ) ਭਾਵ ਸੰਤ ਪ੍ਰਮੇਸਰ ਦੇ ਭਾਣੇ ਮੈ ਆਨੰਦ ਰਹਿਤੇ ਹੈ ਦੁਖ ਹੋ ਸੁਖ ਹੋ ਭਾਂਵੇ। ੨। ੧੮੦।

**ਮੂਲ** ਦਰ ਲਿਬਾਸੇ ਦੁਨਜਵੀ ਓ ਰਸਮ ਦੀਂ ॥
ਹਮ ਚੁ ਏਸ਼ਾਂ ਸਾਨੀਏ ਦੀਗਰ ਮਬੀਂ ॥

ਟੀਕਾ—ਪੁਨਾ ਯਦਪ ਦੇਖਨੇ ਮੈ ਦੁਨੀਆਂ ਕੇ ਸਾਜਾਂ ਬਾਜਾਂ ਬੀਚ ਖਚਤ ਹੈ ਪਰੰਤੂ ਅੰਦਰੋ ਉਨਾਂ ਦੀ ਚਾਲ ਧਰਮ ਵਾਲੀ ਹੈ) ਭਾਵ ਧਰਮ ਮੈ ਇਸਥਿਤ ਰਹਿਤੇ ਹੈਂ ਅਰੁ ਧਰਮ ਰੂਪ ਮੈਂ ਲੀਨ ਰਹਿਤੇ ਹੈਂ। ੧। ਪੁਨਾ ਭੀ ਮਾਨਿੰਦ ਇਨਾਂ ਦੀ ਵਡਿਆਈ ਦੇ ਦੂਸਰਾ ਮਤ ਦੇਖੀਏ। ਭਾਵ ਸੰਤ ਵਡਿਆਈ ਜੋਗ ਹੈਂ ਇਨ ਕੀ ਕਰਣੀ ਚਾਹੀਏ। ੨। ੧੮੧।

**ਮੂਲ** ਹਮ ਚੁਨਾ ਯਾਦਿ ਹਕ ਦਾਰੰਦ ਦਸਤ ॥
ਹਕ ਸ਼ਨਾਸੋ ਹਕ ਪਸੰਦੋ ਹਕ ਪਰਸਤ ॥

ਟੀਕਾ—ਭੀ ਐਸੇ ਹੀ ਅੰਦਰ ਭਗਤੀ ਸਚੇ ਕੀ ਕੋ ਰਖਤੇ ਹੈ ਸਮਰਥਤਾ ਭਾਵ ਭਗਤੀ ਗ੍ਯਾਨ ਮੈ ਪੂਰਨ ਹੈ। ੧। ਪੁਨਾ ਸਚ ਨੂੰ ਹੀ ਪਛਾਣਦੇ ਹੈਂ ਅਰੁ ਸਚ ਨੂੰ ਹੀ ਦੇਖਦੇ ਹੈ ਸਭ ਮੈ ਅਰੁ ਸਚ ਨੂੰ ਹੀ ਪੂਜਨ ਕਰਦੇ

Digitized by Panjab Digital Library | www.panjabdigilib.org

ਹਨ) ਭਾਵ ਸਦ ਮੈ ਹੀ ਸਰਬ ਪਰਕਾਰ ਸੇ ਸੰਤਾਂ ਕੀ ਬ੍ਰਿਤੀ ਲਗੀ ਰਹਿਤੀ ਹੈ ।੨।੧੯੨।

**ਮੂਲ ਦਰ ਲਿਬਾਸੇ ਦੁਨਯਵੀ ਸਰ ਤਾਂ ਕਦੰਮ ॥**
**ਬੀਨੀ ਓ ਗਾਫਲ ਨ ਬੀਨੀ ਨੀਮ ਦੰਮ ॥**

ਟੀਕਾ—ਦੇਖਨੇ ਮੈ ਮਾਯਾ ਦੇ ਸਾਜ ਬਾਜ ਅੰਦਰ ਸਿਰ ਸੇ ਲੇਕਰ ਪੈਰਾਂ ਤਕ ਖਰਤ (ਬੀਨੀ ਓ) ਦੇਖੀਦੇ ਹੈ ਓਹ ਸੰਤ।੧। ਪਰੰਤੂ ਪਰਮਾਦੀ ਨਹੀ ਦੇਖੀਦੇ ਵਾਹਿਗੁਰੂ ਸੇ ਅਧਾ ਸੁਆਸ ਭੀ।੨।੧੯੩। ਪ੍ਰਸਨ ਭਜਨ ਦੇ ਜੋ ਆਪਨੇ ਬਸੇਸਤਾ ਕਹੀ ਹੈ ਸੋ ਤੋ ਠੀਕ ਹੈ ਪਰੰਤੂ ਸਰੀਰ ਤੋ ਸੰਤਾਂ ਕਾ ਹੋਰਾਂ ਜੀਵਾਂ ਸਮ ਮਿਟੀ ਆਦੀ ਤਤੋਂ ਕਾ ਦੇਖੀਦਾ ਹੈ ਉਤਰ।

**ਮੂਲ ਆਂ ਖੁਦਾਏ ਪਾਕ ਸਾਂ ਰਾ ਪਾਕ ਕਰਦ ॥**
**ਗਰ ਚਿ ਜਿਸਮੇ ਸਾਂ ਜਿ ਮੁਸ਼ਤੇ ਖਾਕ ਕਰਦ ॥**

ਟੀਕਾ—ਉਸ ਪਵਿਤ੍ਰ ਵਾਹਿਗੁਰੂ ਨੇ ਓਨਾਂ ਤਾਂਈ ਪਵਿਤ੍ਰ ਕੀਤਾ ਹੈ ।੧ ਯਦਪਿ ਸਰੀਰ ਉਨਾਂ ਸੰਤਾਂ ਕਾ ਦੇਖਨੇ ਮੈ ਮੁਠੀ ਮਿਟੀ ਆਦੀ ਤਤਾਂ ਸੇ ਕੀਤਾ ਹੋਯਾ ਦੇਖੀਦਾ ਹੈ ਜੀਵਾਂਵਤ) ਭਾਵ ਤੌ ਭੀ ਸਭ ਸੇ ਪਵਿਤ੍ਰ ਹੈ।੨।੧੯੪।

**ਮੂਲ ਈਂ ਵਜੂਦੇ ਖਾਕ ਪਾਕ ਅਜ਼ ਯਾਦਿ ਓਸਤ ॥**
**ਜ਼ਾਕਿ ਇਨਸਾਂ ਮਜ਼ਹਰੇ ਬੁਨੀਆਦਿ ਓਸਤ**

ਟੀਕਾ—ਪੁਨਾ ਯਦਪਿ ਏਹ ਸਰੀਰ ਸੰਤਾਂ ਕਾ ਭੀ ਮਿਟੀ ਆਦੀ ਤਤਾਂ ਕਾ ਰਚਤ ਦੇਖੀਦਾ ਹੈ ਪਰੰਤੂ ਉਸ ਰਖਕ ਹਰੀ ਕੀ ਭਗਤੀ ਸੇ ਪਵਿਤ੍ਰ ਹੋਤਾ ਹੈ ਭਾਵ ਭਗਤੀ ਸੇ ਹਰੀ ਪਰਤਖ ਹੋਤਾ ਹੈ ਤਾਂਤੇ ਹਰੀ ਕੇ ਪ੍ਰਤਖ ਹੋਣੇ ਸੇ ਸਰੀਰ ਭੀ ਪਵਿਤ੍ਰ ਕਹੀਤਾ ਹੈ ।੧।ਸਿਧਾਂਤ ਇਸੀ ਵਾਸਤੇ ਮਨੁਖਾਂਦੇਹ ਉਸ ਹਰੀ ਕੇ ਟਿਕਾਣੇ ਕੀ ਜੜ ਹੈ) ਭਾਵੇਹ ਜੋ ਹੋਰ ਦੇਹ ਮੈਂ ਪ੍ਰਗਟ ਨਹੀ ਹੋਤਾ ਕੇਵਲ ਮਨੁਖਾਂ ਦੇਹ ਮੈ ਪ੍ਰਤਖ ਹੋਤਾ ਹੈ।੧। ਪ੍ਰਸਨ ਆਪਦੇ ਕਥਨ ਨਸਾਰ ਸੰਤਾਂ ਮੈ ਤੋ ਪਤਖ ਹੋਤਾ ਹੈ ਪ੍ਰੰਤੂ ਹੋਰ ਜੀਵਾਂ ਮੈ ਪ੍ਰਤਖ ਨਹੀ ਹੋਤਾ ਸੋ ਪ੍ਰਤਖ ਹੋਣੇ ਦਾ ਨਮਿਤ ਕਹੀਏ ਜੀ ਉਤ੍ਰ ਜੈਸੇ ਸਭ ਲਕੜੀਓ ਮੈ ਅਗਨਿ ਹੋਤੀ ਹੈ ਪ੍ਰ ਪ੍ਰਗਟ ਉਸ ਮੈ ਹੋਤੀ ਹੈ ਜੋ ਆਪਸ ਮੈਂ ਘਸਰੇਂ ਐਸੇ ਪ੍ਰਮੇਸ੍ਰ ਸਭ ਦੇਹਾਂ ਮੈਂ ਹੈ ਪ੍ਰੰਤੂ ਅਭ੍ਯਾਸ ਵਾਲਯਾਂ ਮੈ ਪ੍ਰਗਟ ਹੋਤਾ ਹੈ ।੨। ੧੯੫। ਪ੍ਰਸਨ ਉਨਾ ਅਭ੍ਯਾਸ ਵਾਲਯਾਂ ਕਾ ਕੋਈ ਚਿੰਨ੍ਹ

Digitized by Panjab Digital Library | www.panjabdigilib.org

ਕਹਿ ੬ਜੀ ਉਤ੍ਰ

ਚਾਲ ) ਸਾਂ ਉਨਾਂਕੀ) ਆਈਨ ਨਾਮ ਜਿਉਂ ਕੀਤਿਉ ਦਿਲਦੇ ਰਖਣੇ ਵਾਲੀ

**ਮੂਲ ਰਸਮ ਸ਼ਾਂ ਆਈਨ ਦਿਲਦਾਰੀ ਬਵਦ ॥**

) ਬੀਚ) ਸਮਗ੍ਰ ਬਵਸਥਾਦੇ) ਸੇ ਦੋਸਤੀ ਹੈ

**ਦਰ ਹਮਹ ਹਾਲ ਅਜ਼ ਖੁਦਾ ਯਾਰੀ ਬਵਦ**

ਟੀਕਾ—ਉਨਾਂਕੀ ਚਾਲ ਜਿਉਂ ਕੀਤਿਉ ਦਿਲਦੇ ਰਖਨੇ ਵਾਲੀ ਹੈ) ਭਾਵ ਦਿਲਨੂੰ ਆਨੰਦ ਦਿੰਦੀ ਹੈ ॥ ੧ । ਕਿਉਜੋ ਬੀਚ ਸਮਗ੍ਰ ਬਵਸ ਥਾਦੇ ਵਾਹਿਗੁਰੂ ਸੇ ਦੋਸਤੀ ਹੈ) ਭਾਵ ਸੰਤ ਹਰ ਵਕਤ ਹਦੀਸੇ ਤਦਾ ਕਾਰ ਰੈਹੰਦੇ ਹੈਂ ਇਸਤੇ । ੨ । ੧੯੬ । ਪ੍ਰਸਨ ਐਸੀ ਅਮੋਲਕ ਵਸਤੂ ਕੋ ਜੀਵ ਕਿਉ ਨਹੀ ਧਾਰਨ ਕਰਤੇ ਉਤ੍ਰ

ਹਰਕਿਸੇਕੇ। ਤਾਂਈ। ਕਬ। ਪ੍ਰਾਪਤ। ਹੋਤੀ ਹੈ। ਏਹ ਦੌਲਤ।

**ਮੂਲ ਹਰਕਸੇ ਰਾ ਕੈ ਨਸੀਬ ਈ ਦੌਲਤ ਅਸਤ**

ਜਾਵਦ ਨਾਮ ਐਸਾਂਹੀ

**ਦੌਲਤੇ ਜਾਵਦ ਅੰਦਰ ਸੁਹਬਤ ਅਸਤ**

ਟੀਕਾ— ਹਰਕਿਸੇ ਕੇ ਤਾਂਈ ਕਬ ਪ੍ਰਾਪਤਿ ਹੋਤੀਹੈ ਏਹ ਦੌਲਤ) ਭਾਵ ਨਹੀ ਪ੍ਰਾਪਤਿ ਹੋਤੀ ਸਤ ਸੰਗ ਬਿਨਾ । ੧ । ਕਿਉਜੋ ਏਹ ਦੌਲਤ ਹਮੇ ਸਾਂਦੀ ਬੀਚ ਸਤ ਸੰਗਦੇ ਰੈਦੀਹੈ । ੨ । ੧੯੭ ।

ਏਹ। (ਸਮਗ੍ਰ) ) ਸੇ। ਸੰਤਾਂਸੇ

**ਮੂਲ) ਈਂ ਹਮਹ ਅਜ਼ ਸੁਹਬਤੇ ਮਰਦਾਨਿ ਓਸਤ ॥**

ਬੀਚ। ਘਰ

**ਦੌਲਤੇ ਹਰਦੋ ਜਹਾਂ ਦਰ ਖਾਨਹ ਓਸਤ**

ਦੌਲਤ। ਦੋਨੋ ਲੋਕਾਂ ਨਾਮ ਲੋਕਾਂਦੀ।

ਟੀਕਾ— ਏਹ ਸਮਗ੍ਰੀ ਅਭ ਯਾਸ ਆਦੀ ਗੁਣਾ ਰੂਪੀ ਅਰੁ ਦੋਸਤੀ ਰੂਪੀ ਦੌਲਤ ਉਸਰਖਕ ਹਰੀਕੇ ਸੰਤਾਂਕੀ ਸੰਗਤਿ ਸੇ ਪ੍ਰਾਪਤਿ ਹੋਤੀਹੈ । ੧ । ਕਿਉਜੋ ਦੋਨੋ ਲੋਕਾਂਦੀ ਦੌਲਤ ਪ੍ਰਤਖ ਬੀਚ ਘਰ ਉਨਾਕੇ ਹੈ) ਭਾਵ ਉਨਾਕੇ ਰਿਦੇਮੈ ਹੈ ਹੋਰ ਉਨਾਕੀ ਰਸਨਾ ਮੇਹੈ ਹੋਰ ਦੋਨੋ ਲੋਕਾਂਕੀ ਸੁਖਾਂ ਰੂਪੀ ਦੌਲਤ ਉਨਾਕੇ ਸੀਤਪ੍ਰਸਾਦ ਸੇ ਮਿਲਤੀ ਹੈ । ੨ । ੧੯੯ ।

ਉਨਾਂਕੀ। ਲਾਭ। ਬਹੁ। ਲਿਆਵਤੀ ਹੈ

**ਮੂਲ ਸੁਹਬਤੇ ਸ਼ਾਂ ਨਫਹ ਬਿਸੀਆਰ ਆਵਰੰਦ ॥**

ਮਿਟੀਦਾ। ਸ਼ਰੀਰ ਬ੍ਰਿਛ। ਫਲ॥

**ਨਖਲ ਨਖਲ ਜਿਸਮੇ ਖਾਕ ਹਕ ਬਾਰ ਆਵਰੰਦ**

) ਨਾਮ ਬ੍ਰਿਛ। ਸਰੀਰ। ਲਿਆਵਤੀ ਹੈ

ਟੀਕਾ ਪੁਨਾ ਸੰਗਤਿ ਉਨਾਂਕੀ ਲਾਭ ਬੌਤ ਲਿਆਵਤੀ ਹੈ । ੧ । ਪੁਨਾ ਸੰਗਤਿ ਉਨਕੀ ਸੇ ਮਿਟੀਦਾ ਸ਼ਰੀਰ ਰੂਪੀ ਬ੍ਰਿਛ ਸਚਕੀ ਪ੍ਰਗਟਤਾ ਰੂਪੀ ਫਲ

Digitized by Panjab Digital Library | www.panjabdigilib.org

ਲਿਆਵਤਾ ਹੈ । ਭਾਵ ਇਸ ਸ੍ਰੀਰਮੇ ਹਰੀ ਸ ਖਜ਼ਾਨ ਹੋਆ ਵਤਾਹੈ । ੨ ।੧੮੯ । ਪੁਨਾ ੨ ਐਸੇ ਉਪਦੇਸ ਕਰਨੇਸੇ ਜਗ੍ਯਾਸੂਆਂ ਕੀ ਗਫਲਤਾ ਦੇਖਕੇ ਅਫਸੋਸਸੇ ਕਹਤੇ ਹੈਂ ।

**ਮੂਲ ਹਮ ਚੁਨੀ ਸੁਹਬਤ ਕੁਜਾ ਬਾਜ਼ ਆਇਦ ਤ ॥**
**ਕਜ਼ ਬਰਾਏ ਮਰਦਮੀ ਮੇਸ਼ਾਇਦੋਤ**

ਟੀਕਾ— ਭੀ ਐਸੀ ਸੰਗਤਿ ਕਰਨੀ ਕਬ ੨ ਫਿਰ ਆਵੇਗੀ ਤੁਮਾਰੇਕੋ) ਭਾਵ ਤੁਹਾਨੂੰ ਕਹਾਂ ਮਿਲੇਗੀ ਫੇਰ ਸੰਗਤ ਕਰਨੀ ਜਿਸਕਰ ਅਬ, ਸੰਗਤਿ ਕਰਨੇਸੇ ਤੁਮ ਗਾਫਲ ਹੋ ਰਹੇ ਹੈਂ । ੧ । ਜੋ ਤਾਤੇ ਸੰਤਾਸੇ ਸੰਗਤਿ ਕਰਨੇ ਵਾਸਤੇ ਸੂਰਮਤਤਾ ਚਾਹੀਦੀ ਹੈ ਤੁਹਾਨੂੰ । ੨ । ੧੯੦ । ਪੁਨਾ ਪ੍ਰਸਨ ਕਰਨੇ ਤੇ ਮੋਨਣੇ ਖਕਰ ਜਗਜ਼ਾ ਸੂਆਂਕੋ ਭਾਈ ਜੀ ਆਪਹੀ ਜਗਜ਼ਾਸੂ ਆਂਕੀ ਦ੍ਰਿੜਤਾ ਵਾਸਤੇ ਪ੍ਰਸਨੋਤਰ ਕੀ ਰੀਤੀਸੇ ਕਹਤੇ ਹੈਂ ।

**ਮੂਲ ਮਰਦਮੀ ਯਾਇਨੇ ਬਾ ਹਕ ਪੈਵਸਤਨੇਸ ਤ ॥**
**ਗੈਰ ਜ਼ਿਕਰ ਸ਼ ਅਜ਼ ਹਮਹ ਵਾਰੁਸਤਨ ਸਤ ॥**

ਟੀਕਾ— ਹੇਭਾਈ ਸੂਰ ਮੱਤ ਤਾਕੋ ਜਾਂਣਦਾ ਹੈਂ ਸਾਥ ਸਰੀਰਦੇ ਜੋੜਾ ਲੈਣ ਤਦਾਕਾਰ ਹੋਣਾਹੈ ਏਹਹੈ । ੧ । ਪੁਨਾ ਬਿਨਾ ਭਜਨ ਉਸ ਸਚੇਕੇ ਹੋਰ ਸਮਗ੍ਰਰ ਕਰਮ ਕਾਂਡ ਆਦੀ ਕਰਤਬਾਂ ਸੇ ਜੋ ਛੁਟਣਾ ਹੈ) ਭਾਵ ਮਨ ਤਨ ਬਾਣੀਸੇ ਹੋਰ ਸਭ ਕਰਮ ਤਯਾਗ ਦੇਣੇ ਏਹੁ ਸੂਰ ਮਤ ਤਾਹੈ । ੨ । ੧੯੧ ।

**ਮੂਲ ਚੂੰ ਦਿਲੇ ਬੰਦਹ ਬ ਜ਼ਿਕਰ ਸ਼ ਰਾਹਿ ਯਾਫਤ ॥**
**ਹਾਸ਼ਲੇ ਉਮਰੇ ਦਿਲੋ ਅਗਾਹਿ ਯਾਫਤ**

ਟੀਕਾ— ਜਬ ਦਿਲ ਜਗਜ਼ਾ ਸੂਦੇਨੇ ਉਸਕੇ ਭਜਨ ਕੀ ਤਰਫ ਰਸਤ, ਪਾਯਾ )ਭਾਵ ਜਬਦਿਲ ਭਜਨ ਮੈ ਤਦਾਕਾਰ ਹੂਆ।੧।ਤਬ ਦਿਲਦੇ ਨਿਗਾਵਾ ਨਾ ਕੀ ਅਵਸਥਾ ਦਾ ਲਾਭ ਪਾਯਾ) ਭਾਵ ਜੋ ਪੀਛੇ ਭਜਨ ਕਰਕੇ ਅਭੇਦ ਹੂਏ ਹੈਂ ਐਸੇ ਅਭੇਦ ਹੂਆ ਹੈ । ੨ । ੧੯੨ ।

**ਮੂਲ ਕਾਰ ਸ਼ ਅਜ਼ ਗਰਦੂੰਨਿ ਗਰਦਾਂ ਦਰਗੁਜ਼ਸਤ ॥**

Digitized by Panjab Digital Library | www.panjabdigilib.org

## ਬਰ ਸਰੇ ਦੁਨੀਆਂ ਚੁ ਮਰਦਾਂ ਦਰਗੁਜਸਤ

ਟੀਕਾ—ਕੰਮ ਉਸਕਾ ਆਕਾਸ ਕੇ ਫਿਰਨੇ ਸੇ ਲੰਘ ਗਯਾ ਹੈ) ਭਾਵ ਓਹੁ ਜਗ੍ਯਾਸੂ ਜਨਮ ਮਰਣੇ ਕੇ ਆਵਣੇ ਜਾਣੇ ਸੇ ਰਹਿਤ ਹੂਆ ਹੈ।੧। ਪੁਨਾ ਸੰਸਾਰ ਕੇ ਸਿਰ ਉਪਰੋਂ ਮਾਨਿੰਦ ਪੂਰਨ ਸੰਤਾਂ ਦੇ ਗੁਜ਼ਰਿਆ ਹੈ) ਭਾਵ ਓਹ ਜਗ੍ਯਾਸੂ ਸੰਸਾਰ ਸੇ ਪਾਰ ਹੂਆ ਹੈ।੨।੧੯੩।

## ਮੂਲ ਈਂ ਜਹਾਨੋ ਆਂ ਜਹਾਂ ਤੁਹਸੀ ਕੁਨੰਦ ॥
## ਆਂ ਕਿ ਦਿਲ ਅਜ਼ ਜ਼ਿਕਰ ਹਕ ਰੰਗੀ ਕੁਨੰਦ

ਟੀਕਾ-ਏਹ ਲੋਕ ਅਰੁ ਓਹ ਲੋਕ ਸਿਫਤ ਕਰਦੇ ਹੈ) ਭਾਵ ਭਜਨਵਾਨ ਜਗ੍ਯਾਸੂ ਕੀ ਦੋਨੋ ਲੋਕ ਸਿਫਤ ਕਰਦੇ ਹੈਂ ਜੋ ਸਾਬਾਸੇ ਕੇ ਏਸ ਨੇ ਵਾਹਿਗੁਰੂ ਕਾ ਹੁਕਮ ਠੀਕ ਬਜਾਯਾ ਹੈ ਜਿਸ ਤੇ ਮਾਨੁਖਾਂ ਜਨਮ ਸਫਲਾ ਕੀਆ ਐਸੇ ਉਪਮਾ ਕਰਦੇ ਹੈ।੧। ਕਿਉਂ ਜੋ ਉਸ ਜਗ੍ਯਾਸੂ ਨੇ ਸਚੇ ਕੇ ਭਜਨ ਸੇ ਦਿਲ ਰੰਗਣਾ ਕੀਆ ਹੈ) ਭਾਵ ਦਿਲ ਤਦਾਕਾਰ ਕੀਆ ਹੈ ਨਾਮ ਮੈ ਅਭਯਾਸ ਕੋ ਛਡਕੇ ਕਹੀ ਨਹੀਂ ਜਾਤਾ ਇਸਤੇ।੨।੧੯੪।

## ਮੂਲ ਦਰ ਵਜੂਦ ਸ਼ ਆਫਤਾਬੇ ਤਾਫਤਹ ॥
## ਨਾਮ ਸ਼ਾਂ ਦਰ ਸੁਹਬਤੇ ਸ਼ਾਂ ਯਾਫਤਹ

ਟੀਕਾ-ਅੰਦਰ ਸਰੀਰ ਉਸਕੇ ਕੇ ਸੂਰਜ ਪ੍ਰਕਾਸਿਆ ਹੈ) ਭਾਵ ਹਰੀ ਪ੍ਰਖ ਹੋਯਾ ਹੈ)।੧।ਉਸ ਹਰੀ ਕਾ ਨਾਮ ਬੀਚ ਸੰਗਤਿ ਉਸ ਕੀ ਕੇ ਪਾਯਾ ਹੈ ਅਗੇ ਜਗ੍ਯਾਸੂਆਂ।੨।੧੯੫।

## ਮੂਲ ਨਾਮ ਹਕ ਅਜ਼ਬਸ ਕਿ ਰੋਜ਼ੋ ਸ਼ਬ ਗਰਿਫਤ।
## ਦਸਤੇ ਊਂ ਰਾ ਜ਼ਿਕਰ ਮਉਲਾ ਬਰ ਗਰਿਫਤ।

ਟੀਕਾ-ਨਾਮ ਸਚੇ ਦਾ (ਅਸਚਰਜ) ਅਤਿ ਸੇ ਕਰਕੇ ਜੋ ਜਿਨਾਂ ਨੇ ਰਾਤ ਦਿਨ ਪਕੜਿਆ ਹੈ) ਭਾਵ ਜਿਨਾਂ ਨੇ ਨਾਮ ਦਾ ਅਭਯਾਸ ਅਤੀ ਕੀਤਾ ਹੈ।੧। ਹਥ ਉਨਾਂ ਦਾ ਭਜਨ ਬ੍ਰਹਮ ਕੇ ਨੇ ਉਪਰੋਂ ਪਕੜਿਆ ਹੈ) ਭਾਵ ਉਨਕੋ ਲਾਭਦਾਇਕ ਹੂਆ ਹੈ ਨਾਮ ਦ੍ਰਿਸਟਾਂਤ ਜੈਸੇ ਹੁਮਾਂਊ ਪੰਛੀ ਦਾ ਖੰਭ ਜਿਸ ਤੀਰ ਦੀ ਮੁਠ ਮੈ ਲਗਾ ਹੋਵੈ ਉਸ ਤੀਰ ਨੂੰ ਜਬ ਲੈਕਰ ਚਲਾਵੇ ਤਾਂ ਓਹ

Digitized by Panjab Digital Library | www.panjabdigilib.org

ਖੰਭ ਆਪਣੇ ਦੇਸ ਮੈਂ ਲੈਜਾਤਾ ਹੈ ਐਸੇ ਨਾਮ ਅਪਣੇ ਨਾਮੀ ਪਾਸ ਲੈਜਾਤ ਹੈ।੨।੧੯੬।

ਮੂਲ ਜ਼ਿਕਰ ਮਉਲਾ ਆਂਕਿ ਯਾਰੀ ਦਾਦ ਸੁਦ॥
ਖ਼ਾਨਹੇ ਵੈਰਾਂ ਜਿ ਹਕ ਆਬਾਦ ਸੁਦ॥

ਟੀਕਾ–ਸਿਧਾਂਤਜਿਸ ਕਿਸੀ ਕੇ ਤਾਂਈ ਬ੍ਰਹਮ ਕਾ ਭਜਨਮਿਤਰਤਾ ਦੇਣੇ ਵਾਲਾ ਹੂਆ ਹੈ। ਭਾਵ ਜਿਸਕੇ ਚਿਤ ਮੈ ਨਾਮ ਦ੍ਰਿੜ ਹੂਆ ਹੈ)।੧। ਉਸ ਕਿਸੀ ਕਾ ਉਜਾੜ ਘਰ ਸਚ ਕੀ ਮਿਤਰਤਾ ਸੇ ਵਸੋਂ ਹੂਆ ਹੈ) ਭਾਵ ਉਸਕੇ ਹਿਰਦੇ ਮੈ ਨਾਮ ਕੀ ਦ੍ਰਿੜਤਾ ਸੇ ਮੋਖ ਵਿਦਿਆ ਆਦੀ ਗੁਣ ਸਭੀ ਆਪੇ ਹੀ ਆਕਰ ਇਸਥਿਤ ਹੋਜਾਤੇ ਹੈ ਦ੍ਰਿਸਟਾਂਤ ਜੈਸੇ ਭਗਤਾਂ ਕੋ ਪੜਨੇ ਤੇ ਬਿਨਾ ਅਗੰਮ ਬਾਣੀ ਸਫੁਰਨ ਹੋਆਵਤੀ ਹੈ।੨।੧੯੭।

ਮੂਲ ਜ਼ਿਕਰ ਮਉਲਾ ਦੌਲਤੇ ਬਾਸ਼ਦ ਅਜ਼ੀਮ॥
ਕੈਬ ਦਸਤ ਆਇਦ ਜ਼ਿ ਰੀਜ਼ੇ ਮਾਲ ਸੀਮ॥

ਟੀਕਾ–ਤਾਤੇ ਭਜਨ ਬ੍ਰਹਮ ਕਾ ਪਦਾਰਥ ਹੈ ਬਡਾ।੧। ਪ੍ਰਸਨ ਆਪਨੇ ਜੋ ਨਾਮ ਕੋ ਪਦਾਰਥ ਕਰਯਾ ਹੈ ਇਸ ਕੇਨੇ ਕਰ ਸ਼ਾਹੂਕਾਰ ਅਰੁ ਬਾਦਸ਼ਾਹ ਤੇ ਬਡੇ ੨ ਧਨੀ ਦੇਖੀਤੇ ਹੈ ਤਾਂਤੇ ਉਨਕੋ ਨਾਮ ਧੰਨ ਭੀ ਮਿਲ ਜਾਤਾ ਹੋਗਾ ਕਿਸ ਕਾਰਨ ਜੋ ਲੌਕਕ ਪਰਮਾਨਮੈ ਧੰਨਸੇ ਧੰਨਖਟਿਆਜਾਤਾਹੈ) ਭਾਵ ਮਿਲ ਜਾਤਾ ਹੈ। ਉਤਰ ਹੇ ਭਾਈ ਕਬ ਬੀਚ ਹਾਥ ਕੇ ਆਂਵਦਾ ਹੈਂ ਉਨਾਂ ਘੋੜਿਆਂ ਦੇ ਅਰੁ ਚਾਂਦੀ ਆਦੀ ਦੇ ਖਜਾਨਿਆਂ ਸੇ) ਭਾਵ ਇਸ ਧੰਨ ਕਰ ਨਾਮ ਰੂਪੀ ਧੰਨ ਹਥ ਨਹੀਂ ਆਂਵਦਾ ਪਰਮਾਨ ਕੰਚਨ ਸਿਉ ਪਾਈਐ ਨਹੀਂ ਤੋਲ॥੨।੨ਪ੍ਰਸਨ ਆਪਨੇ ਜੋ ਪਿਛੇ ਕਹਿਆਸੀ ਤੇ ਸੰਤੋਖ ਕੀ ਪ੍ਰਾਪਤਿ ... ਕੇ ਪ੍ਰਮੇਸਰ ਕਾ ਪ੍ਰਸੰਨ ਤਾਂ ਸੰਤ ਗੁਰੂ ਸੰਤ ਮਿਲਤੇ ਹੈਂ ਤਾਂਤ ਪ੍ਰਮੇਸਰ ਕੀ ਪ੍ਰਸੰਨਤਾ ਕਿਸ ਰੀਤੀ ਸੇ ਹੋਤੀ ਹੈ ਸੋ ਕਹੀਐ ਉਤ੍ਰ॥

ਮੂਲ ਹਰਕਿ ਰਾ ਹਕ ਖ਼ਾਸਤ ਹਕ ਓ ਰਾ ਬਿਖ਼ਾਸਤ॥
ਸੌਕਿ ਮਉਲਾ ਬਿਹਤਰੀਨੇ ਕੀਮੀਆਸਤ॥

ਟੀਕਾ– ਜੋਕੋਈ ਸਚੇ ਤਾਂਈ ਚਾਹੁਤਾਹੈ ਸਚਾ ਉਸਕੇ ਤਾਂਈ ਚਾਹੁਤਾਹੈ) ਭਾਵ ਜੋਕੋਈ ਪ੍ਰੇਮਸੇ ਬੇਨਤੀ ਕਰਤਾਹੈ ਉਸੁਪੁ ਰੀਝਤਾਹੈ।੧। ਹੇਭਾਈ ਬਯਾਪ ਕਸਣੇ ਕਾ ਪਰੇਮ ਚੰਗਾਹੈ ਪਾਰਸਤੇਭੀ।੨।੧੯੯। ਪ੍ਰਸਨ ਏਹ ਜੋ ਫਕੀਰੀ ਅਰੁ ਬਾਦਸਾਹੀ ਦੇਖੀ ਸੁਨੀਦੀਹੈ ਇਨਦੋਨੋਮੈ ਸੇ ਕੌਨਸੀ ਚੰਗੀਹੈ ਏਹ ਫਕੀਰ ਤੇ

Digitized by Panjab Digital Library | www.panjabdigilib.org

ਫਕੀਰੀਕਿ ਅਛਾ ਕੈਤੇਹੈਂ ਅਰੁ ਬਾਦਸਾਹਾ ਬਾਦਸਾਹੀ ਕੋ ਅਛਾ ਕੈਤੇਹੈਂ ਉਤ੍ਰ

**ਮੂਲ ਪਾਰਸਾਈ ਬਿਹ ਕਿ ਬਹਰੇ ਹਕ ਬਵੰਦ ॥**

**ਬਾਦਸਾਹੀ ਕੀਸਤ ਕਾਂ ਨਾਹਕ ਬਵੰਦ ॥**

ਟੀਕਾ— ਫਕੀਰੀ ਓਹੁ ਚੰਗੀਹੈ ਜੋ ਵਾਸਤੇ ਸਚਦੇ ਹੋਵੇ ) ਭਾਵ ਜਿਸਮੇ ਵਾਹਿਗੁਰੂ ਦਾ ਭਜਨਹੋ ਵੈ ।੧। ਅਰੁ ਓਹੁ ਬਾਦਸਾਹੀ ਕਿਆਹੈ ਜੋ ਬਿਅਰਥ ਹੋਵੇ) ਭਾਵ ਜੋ ਭਜਨਤੇ ਅਰੁ ਸੁਭਕਰ ਮਾਂਤੇ ਰੈਤ ਹੈ ਤੇ ਕੁਨੀਤੀਮੇ ਵਰਤਰਹੀ ਹੈ ਓਹੁਬਿ ਅਰਥਹੈ ਕਿਸੇ ਕੰਮਦੀਨਹੀ ਉਲਟਾ ਦੁਖ ਰੂਪਹੈ ਲੋਕ ਪ੍ਰਮਾਨ ਰਾਜੋਂ ਨਰਕ ।੨। ੨੦੦ । ਪ੍ਰਸਨ ਆਪਦੇ ਕੈਣੇ ਅਨੁਸਾਰ ਤੋ ਦੋਨੋ ਚੰਗੇ ਨਾਹੋਏਤਾਤੇ ਏਹ ਨਿਰਨੇਕਰ ਕਹੀਏ ਉਤ੍ਰ

**ਮੂਲ ਹਰਦੁ ਮੁਸਤਾਕੰਦ ਰਿੰਦੋ ਪਾਰਸਾਂ ॥**

**ਤਾਂ ਕਿਰਾ ਖਾਹਦ ਖੁਦਾਏ ਕਿਬਰੀਆਂ ॥**

ਟੀਕਾ— ਸਿਧਾਂਤ ਵਾਸਤਵਤੇ ਦੇਖੀਏ ਦੋਨੋ ਦਿਵਾਨੇ ਤੇ ਫਕੀਰ ਮੋਹਤ ਹੋਰਹੇਹੈਂ) ਭਾਵ ਬਾਦਸਾਹ ਤੇ ਫਕੀਰ ਆਪਣੀ ੨ ਤਰਾਂ ਸੇ ਕਈ ਮਿਲਨਾ ਚਾਹੁਤੇਹੈ ਫਕੀਰ ਫਕੀਰੀਸੇ ਅਰੁ ਬਾਦਸਾਹ ਬਾਦਸਹੀਸੇ ਇਨ ਦੋਨੋਕੇ ਅੰਤ੍ਰ ਕੂਤ ਸਾਰਾਸੰਸਾਰਹੀ ਆਗਿਆ ਜੈਸੇ ਪਸੂਆਂਕੀ ਗਿਣਤੀਮੈ ਹਸਤੀ ਚੀਟੀ ਤਕ ਤੇ ਮਨੁਖਾਂਦੀ ਗਿਣਤੀਮੇ ਜੀਵਤੇ ਬ੍ਰਹਮਾ ਤਕ ਕਹਤੇ ਹੈਂ ਐਸੇ ਸਭੀਚਾ ਹੁਤੇਹੈਂ ।੧। ਦੇਖੀਏਤਾਂ ਕਿਸਕੇ ਤਾਂਈ ਵਾਹਿਗੁਰੂ ਭਾਰੀ ਚਾਹੁਦਾਹੈ ।੨। ੨੦੧। ਪ੍ਰਸਨ ਏਦ ਉਤ੍ਰ ਤੋ ਆਪਨੇ ਗੋਲਸਾ ਕਹਜਾਹੈ ਤਾਂਤੇ ਇਸਕਾ ਨਿਰਨਾ ਕਰ ਕਹੀਏ ਉਤ੍ਰ

**ਮੂਲ ॥ ਲੇਕਿ ਦਰ ਜਾਹਰਕਸੇ ਬਾਸਦ ਦਰੁਸਤ ॥**

**ਆਂਕਿ ਆਰਦ ਮੁਰਸਦੇ ਕਾਮਲ ਬਦਸਤ ॥**

ਟੀਕਾ— ਹੇਭਾਈ ਯਦਪ ਚਾਹੁਤੇ ਤੋ ਦੋਨੋਹੀਹੈ ਪ੍ਰੰਤੂ ਅੰਦ੍ਰੂ ਬਾਹਰੋ ਜੋਕੋਈ ਸਫਾ ਹੋਵੇ ) ਭਾਵ ਨਿਸ੍ਰਿਤ ਅਰੁ ਭੇਕੇ ਸਹਤਹੋਵੇ ਜੋ ।੧। ਓਹੁ ਲਿਆਵਤਾਹੈ ਪੂਰਨ ਗੁਰਾਂਕੋ ਬੀਚ ਹਾਥਕੇ ) ਭਾਵ ਜਬ ਗੁਰੂ ਪ੍ਰਸੰਨ ਹੋਵੈ ਤਬ ਪ੍ਰਮੇਸੂਰੀ ਪ੍ਰਾਪਤੀ ਹੋਤੀਹੈ ।੨। ੨੦੨।

Digitized by Panjab Digital Library | www.panjabdigilib.org

**ਮੂਲ—ਦੀਨ ਦੁਨੀਯਾਂ ਹਰਦੁ ਫਰਮਾਂ ਦਾਰਿ ਓ ॥**
**ਹਰਿ ਦੁਆਲਮ ਸਾਇਕੇ ਦੀਦਾਰਿ ਓ**

ਟੀਕਾ— ਸੁਰਗ ਆਦੀ ਲੋਕ ਅਰੁ ਮਾਤਲੋਕ ਦੋਨੋਂਕੇ ਜੀਵ ਹੁਕਮ ਰਖਨੇਵਾਲੇ ਉਸਕੇ ਹੈ । ਭਾਵ ਪ੍ਰਾਪਤੀ ਵਾਲੇਕਾ ਹੁਕਮ ਮਾਨਤੇ ਹੈਂ । ੧ । ਪੁਨਾ ਦੋਨੋ ਲੋਕਾਂਕੇ ਜੀਵ ਉਸਕੇ ਦ੍ਰਸਨਦੇ ਪ੍ਰੇਮੀ ਹੋਤੇਹੈਂ । ੨। ੨੦੩ ਸਿਧਾਂਤ

**ਮੂਲ—ਹਰਕਿਰਾ ਉਲਫਤ ਜਿ ਨਾਮੇ ਹਕ ਬਵੱਦ ॥**
**ਦਰ ਹਕੀਕਤ ਆਰਫੇ ਮੁਤਲਕ ਬਵਦ**

ਟੀਕਾ—ਇਸਰੀਤੀਸੇ ਜਿਸਕਿਸੇਕੇ ਤਾਂਈ ਸਚੇਨਾਮਸੇ ਪ੍ਰੀਤੀ ਹੋਤੀਹੈ।੧ ਉਸਕੇ ਹ੍ਰਿਦੇ ਬੀਚ ਅਦੁਤੀਕਾ ਗਜਾਨ ਹੋਤਾਹੈ । ਭਾਵ ਹਰੀਕੇ ਜਾਨਣੇ ਵਾਲ ਹੋਤਾਹੈ । ੨ । ੨੦੪ ।

**ਮੂਲ—ਯਾਦਿ ਹਕ ਰਾ ਤਾਲਬੇ ਓ ਮੇਕੁਨੰਦ ॥**
**ਆਰਫੇ ਹਕ ਜੁਮਲਹ ਨੇਕੋ ਮੇਕੁਨੰਦ ।**

ਟੀਕਾ— ਓਹ ਗਜਾਨਵਾਨ ਸਚੀਭਗਤੀਦਾ, ਸਭੋਂ ਇਛਿਆਵਾਂਨ ਕਰਦਾਹੈ । ੧ । ਪੁਨਾ ਸਚਕੇ ਜਾਨਨੇ ਵਾਲੇ ਗਿਜਾਨਵਾਨ ਸਮਗ੍ਰ ਕਰਮ ਚੰਗਾਹੀ ਕਰਦੇਹੈਂ । ੨। ੨੦੫ । ਸਿਧਾਂਤ

**ਮੂਲ—ਹਕ ਹੁਮਾਂ ਬਾਸ਼ਦ ਕਿ ਬਾਸ਼ੀ ਬੰਦਹੇ ॥**
**ਬੇਅਦਬ ਦਾਯਮ ਜਿ ਹਕ ਸ਼ਰਮਿੰਦਹੇ**

ਟੀਕਾ—ਸਚ ਦੇ ਜਾਣ ਨੇ ਵਾਲੇ ਓਹੁ ਹੈਂ ਜੋ ਹੋਵੈ ਦਾਸ । ਭਾਵੇਹ ਜੋ ਕਹੇ ਕੇ ਮੈ ਦਾਸਹਾਂ ਗੁਰਾਂ ਦਾ ਸੰਤਾ ਦਾ ਪ੍ਰਮੇਸਰ ਦਾ ਓਹੁ ਸਚ ਰੂਪ ਤੇ ਓਹੀ ਸਚਦੇ ਜਾਨਨੇ ਵਾਲਾ ਹੋਤਾ ਹੈ ॥ ੧ । ਅਰੁ ਬੇ ਅਦਬ ਪੁਰਸ ਹਮੇਸ਼ਾਂ ਸਚੇ ਸੇ ਸਰਮਿੰਦਾ ਹੋਤਾ ਹੈਂ । ਭਾਵ ਜੋ ਪੁਰਸ ਕੈਤਾ ਹੈ ਕੇ ਜੋ ਕੁਛ ਹੈ ਸੋ ਮੈਹੀਹਾਂ ਗੁਰੂ ਸੰਤ ਪ੍ਰਮੇਸਰ ਕਿਆਹੈਂ ਓਹੁ ਸਚੇ ਦੀ ਦਰਗਾਹ ਮੈ ਲਜਾਵਾਨ ਹੋਂਦਾ ਹੈ ਜਿਸ ਕਾਲ ਸਜਾ ਹੋਤੀ ਹੈ ਤਬ ਆਪਣੀ ਬਾਤਾਂਕੋ ਸੋਚਤਾਹੈ ਜੋ ਮੈ ਕਿਆ ਖੋਟ । ਕੰਮ ਕੀਤਾ ਜਿਸ ਕਰ ਐਸੀ ਸਜਾ ਪਾਈ ॥ ਉਸਕੀ ਤੜਫ ਦੇਖ ਕਰ ਧਰ ਮ

Digitized by Panjab Digital Library | www.panjabdigilib.org

ਰਾਜਾ ਐਸੇ ਕਹਿਦਾ ਹੈ ॥ ੨ ॥ ੨੦੬ ॥

**ਮੂਲ-ਉਮਰ ਆਂ ਬਾਸ਼ਦ ਕਿ ਓ ਦਰ ਯਾਦਿ ਰਫਤ ॥**
**ਉਮਰ ਨਾ ਬਵੱਦ ਆਂ ਕਿ ਓ ਬਰਬਾਦ ਰਫਤ ।**

ਟੀਕਾ—ਹੇ ਭਾਈ ਅਵਸਥਾ ਓਹੁ ਸਫਲੀ ਹੈ ਜੋ ਉਸਸਚੇ ਕੀ ਭਗਤੀ ਦੇ ਬੀਚ ਬੀਤਦੀਹੈ ਅਰੁ ਤੈਂ ਅਭਿਮਾਨ ਕਰਨੇ ਮੈ ਗਵਾਈ ॥ ੧ ॥ ਪੁਨਾ ਅਵਸਥਾ ਸਫਲ ਨਹੀ ਹੈ ਓਹੁ ਜੌ ਉਸਕੀ ਭਗਤੀਤੇ ਬਿਅਰਥ ਬੀਤਦੀ ਹੈ ॥ ੨ ॥ ੨੦੭ ॥

**ਮੂਲ-ਬੰਦਹ ਪੈਦਾ ਸ਼ੁਦ ਬਰਾਏ ਬੰਦਗੀ ॥**
**ਖੁਸ਼ ਇਲਾਜ਼ੇ ਹਸਤ ਬਹਿਰੇ ਜ਼ਿੰਦਗੀ ॥**

ਟੀਕਾ—ਹੇ ਭਾਈ ਏਹ ਮਾਨੁਖ ਜੋ ਸੰਸਾਰ ਮੈ ਉਤਪਤਿ ਹੂਆ ਹੈ ਸੋ ਵਾਸਤੇ ਭਗਤੀਦੇ ਹੂਆਹੈ । ਅਰੁ ਤੂੰ ਭਗਤੀ ਕਰੀਹੀ ਨਹੀ ਆਪਣੀ ਹੀ ਗਤਾ ਮੈਹੀ ਰਹਿਆ ॥ ੧ ॥ ਤਾਂਤੇ ਏਹੀ ਚੰਗੀ ਦਵਾਈ ਹੈ ਵਾਸਤੇ ਜੀਵਣੇਦੇ ਭਾਵੇਹ ਜੋ ਭਗਤੀ ਇਸਤਾੜਨਾਤੇ ਅਰੁ ਜਨਮ ਮਰਨੇਤੇ ਛੁਡਣੇ ਵਾਲੀ ਹੈ ਤਾਂਤੇ ਅਬਜਾਕਰ ਭਗਤੀ ਕਰੁ ਜਿਸਕਰ ਛੂਟ ਜਾਂਵੈ ॥ ੨ ॥ ੨੦੮ ॥

**ਮੂਲ-ਏ ਖੁਸ਼ਾ ਚਸ਼ਮੇ ਕਿ ਦੀਦਹ ਰੋਇ ਓ ॥**
**ਬੰਦਗੀਅਸ ਜੁਮਲਹ ਮਕਬੂਲ ਨਿਕੋ**

ਟੀਕਾ—ਐ ਪਿਆਰੇ ਓਹੁ ਨੇਤ੍ਰ ਚੰਗੇ ਹੈ ਜੋ ਦੇਖਦੇ ਹੈਂ ਮੁਖ ਉਸ ਸਚੇ ਕਾ । ਭਾਵ ਜੋ ਸਚੇਕੋ ਸਰਬ ਰੂਪ ਕਰ ਦੇਖਦੇਹੈਂ ਸਚੇ ਬਿਨਾ ਹੋਰ ਕੋਈ ਨਹੀ ਦੇਖਦੇ ਪ੍ਰਮਾਣ ਏਹ ਜਗਤ ਹਰਿ ਕਾ ਰੂਪ ਹਰਿ ਬਿਨ ਹੋਰ ਨ ਦੇਖੋ ਕੋਈ ॥ ੧ ॥ ਪੁਨਾ ਏਹ ਭਗਤੀ ਉਸ ਸਚੇ ਕੀ ਸਮਗ੍ਰ ਬ੍ਰਹਮਾ ਬਿਸਨ ਆਦੀਆਂ ਦੇਵਤਿਆਂ ਕੋ ਚੰਗੀ ਮਨ ਭਾਂਵਦੀ ਹੈ । ਭਾਵ ਇਸ ਭਗਤੀ ਕਰ ਸਭੀ ਕ੍ਰਿਪਾ ਕਰਤੇ ਹੈ ਅਰੁ ਆਦਰ ਦੇਤੇ ਹੈਂ ਤਾਂਤੇ ਭਗਤੀ ਕਰੀਏ ॥ ੨ ॥ ੨੦੯ ॥

**ਮੂਲ—ਈਂ ਜਹਾਨੋ ਆਂ ਜਹਾਂ ਅਜ਼ ਹਕ ਪੁਰਸਤ ॥**
**ਲੇਕਿ ਆਂ ਮਰਦੇ ਬ ਆਲਮ ਕਮਤਰ ਅਸਤ ॥**

Digitized by Panjab Digital Library | www.panjabdigilib.org

ਟੀਕਾ—ਓਹੁ ਭਾਈ ਜੀ ਕਹਤੇ ਹੈ ਮੁੰਡਸੇ ਏਹ ਲੋਕ ਅਰੁ ਓਹੁ ਲੋਕ ਸਚੇ ਸੇ ਪੂਰਨ ਹੈਂ। ਭਾਵ ਸਚੇ ਬ੍ਰਹਮ ਕੋ ਪੂਰਨ ਜਾਨਨਾ ਏਹ ਭਗਤੀ ਕਾ ਮੁਖ ਸਾਧਨ ਹੈ ॥ ੧ ॥ ਯਦਪ ਹੈ ਤੌ ਪੂਰਨ ਪ੍ਰਭੂ ਜੋ ਜਾਨਣੇ ਵਾਲੇ ਹੈਂ ਓਹੁ ਸੰਤ ਬੀਰ ਸੰਸਾਰਦੇ ਅਤੀ ਥੋੜੇਹੈ ॥ ੨ ॥ ੨੧੦ ॥ ਪ੍ਰਸ਼ਨ ਯਦਪ ਥੋੜੇ ਹੈਂ ਪਰ ਉਨਕਾ ਕੋਈ ਚਿੰਨ ਤੌ ਕਹੀਏ ਜਿਸਕਰ ਜਾਨ ਲੇਵੈ ਉਤ੍ਰ

**ਮੂਲ—ਹਰਕਸੇ ਕੌਬਾ ਖੁਦਾ ਹਮਰੰਗ ਸ਼ੁਦ ॥**

**ਵਸਿਫ਼ ਉ ਦਰ ਮੁਲਕਰੂਮੋ ਜ਼ੰਗ ਸ਼ੁਦ ॥**

ਟੀਕਾ—ਜੋ ਕੋਈ ਸਾਥ ਵਾਹਿਗੁਰੂਦੇ ਭਦਰੂਪ ਹੂਆ ਹੈ। ਭਾਵ ਓਹੁ ਜਾਨ ਦਾ ਹੈ। ੧। ਪੁਨਾ ਸਿਫਤ ਉਸਕੀ ਅੰਦਰ ਦੇਸ ਰੂਮ ਅਰੁ ਸਾਮਦੇ ਹੋਤੀ ਹੈ। ਭਾਵ ਸਭ ਕੋਈ ਸਿਫਤ ਕਰਦਾ ਹੈ। ੨। ੨੧੧।

**ਮੂਲ—ਮਾਇਨੀਯੇ ਯਕ ਰੰਗੀ ਆਮਦ ਸ਼ਉਕਿ ਹਕ ॥**

**ਬੰਦਹ ਰਾ ਅਰਾਮ ਅੰਦਰ ਜ਼ਉਕਿ ਹਕ ॥**

ਟੀਕਾ—ਅਰਥ ਭਦਰੂਪ ਹੋਣੇਦਾ ਏਹ ਆਯਾਹੈ ਜੋ ਸਚੇਕਾ ਪ੍ਰੇਮ ਹੈ। ੧। ਪੁਨਾ ਏ ਪ੍ਰੇਮ ਕੈਸਾ ਹੈ ਜੋ ਦਾਸਾਂਕੇ ਤਾਂਈ ਆਨੰਦ ਹੋਤਾਹੈ ਸਚੇ ਕੇ ਪ੍ਰੇਮ ਹੀ ਬੀਚ। ੨। ੨੧੨।

**ਮੂਲ—ਓ ਬ ਰੰਗੇ ਸਾਹਿਬੀ ਬਾ ਇਜ਼ੁ ਜਾਹ ॥**

**ਮਾਂ ਬ ਰੰਗੇ ਬੰਦਗੀ ਅੰਦਰ ਪਨਾਹ ॥**

ਟੀਕਾ—ਹੇ ਭਾਈ ਓਹੁਸੰਤ ਸਾਥ ਪ੍ਰਕਾਰ ਪਾਤਸਾਹੀਕੀ ਵਡਿਆਈਕੇ ਹੈਂ ਅਰੁ ਸਾਥ ਸੰਤ ਪਦ ਮ੍ਰਾਤਬੇ ਕੇ ਹੈ ਭਗਤੀ ਕਰਕੇ। ੧। ਅਰੁ ਮੈ ਸਾਥ ਪ੍ਰਕਾਰ ਭਗਤੀ ਕੇ ਉਨਾ ਦੇ ਆਸਰੇ ਅੰਦਰ ਹਾਂ। ਭਾਵ ਹਮਾਰੇ ਮੈ ਭਗਤੀ ਹੈਨਹੀ ਉਨਕੇ ਪੀਛੇ ਹਮਾਰਾ ਨਾਮ ਐਂਵੇ ਭਾਈ ਪੜ ਗਯਾ ਹੈ। ੨। ੨੧੩।

**ਮੂਲ—ਓ ਬ ਰੰਗੇ ਸਾਹਿਬੀ ਫਰਮਾਂ ਰਵਾਂ ॥**

**ਮਾਂ ਬ ਰੰਗੇ ਬੰਦਗੀ ਨਿਜ਼ਦਸ਼ ਗਦਾ ॥**

ਟੀਕਾ—ਓਹ ਸਾਥ ਰੰਗ ਪਾਤਿਸਾਹੀ ਕੇ ਹੁਕਮ ਚਲਾਨੇ ਵਾਲੇ ਹੈਂ। ਭਾਵ

Digitized by Panjab Digital Library | www.panjabdigilib.org

ਓਹ ਸਮਰਥ ਅਰੁ ਦਾਤੇ ਹੈਂ।੧। ਅਰੁ ਮੈਂ ਭੰਗਤੀ ਦੇ ਰੰਗ ਵਿਚ ਨਜ਼ੀਕ ਅਗੇ ਉਨਾਕੇ ਗਰੀਬ ਮੰਗਤਾ ਹਾਂ। ਜੈਸੇ ਗਰੀਬ ਮੰਗ ਤੂੰਗਕੈ ਗੁਜਾਰਾ ਕਰਦੇ ਹੈ ਐਸੇ ਮੈ ਟਹਲ ਸੇਵਾ ਥੋੜੀ੨ ਕਰਕੇ ਗੁਜਾਰਾ ਕਰਦਾ ਹਾਂ ਅਥਵਾ ਓਹੁ ਪ੍ਰੇਮ ਕਰਕੇ ਵਿਚ ਪਾਤਸਾਹੀ ਦੇ ਸਾਥ ਵਡਿਆਈ ਕੇ ਅਰ ਮਰਾਤਬੇ ਕੇ ਹੋਏ ਹੈ।੧। ਅਰੁ ਮੈ ਵਿਚ ਪ੍ਰੇਮਾਂ ਭਗਤੀ ਦੇ ਉਨਾਂ ਕੇ ਆਸਰੇ ਅੰਦਰ ਹਾਂ।੨। ਪੁਨਾ ਓਹ ਪ੍ਰੇਮ ਕਰਕੇ ਉਪਰ ਪਾਤਿਸਾਹੀ ਦੇ ਹੁਕਮ ਚਲਾਵਨੇ ਵਾਲੇ ਹੂਏ ਹੈਂ।੧। ਅਰੁ ਮੈ ਪ੍ਰੇਮਾਭਗਤੀ ਦੇ ਵਿਚ ਨਜ਼ੀਕ ਉਨਾਂ ਦੇ ਗਰੀਬ ਮੰਗਤਾ ਹਾਂ ਤਾਂਤੇ ਵਾਹਿਗੁਰੂ ਕ੍ਰਿਪਾ ਕਰੇ ਤਾਂ ਪ੍ਰੇਮਾਭਗਤੀ ਮਿਲੇ ਮੇਰੇ ਕੋ।੨।੨੧੪।

**ਮੂਲ—ਉਮਰ ਹਾ ਜੋਯਾਇ ਈਂ ਦਉਲਤ ਸ਼ੁਦੰਦ॥**
**ਸਾਲ ਹਾ ਮੁਸ਼ਤਾਕ ਈਂ ਸੁਹਬਤ ਸ਼ੁਦੰਦ॥**

ਟੀਕਾ—ਹੇ ਭਾਈ ਆਪਣੇ ਆਪ ਬੌਤ ਅਵਸਥਾ ਢੂੰਢਣੇ ਵਾਲੇ ਹੂਏ ਇਸ ਪ੍ਰੇਮਾਂ ਭਗਤੀ ਰੂਪੀ ਦੌਲਤ ਕੋ।੧। ਪੁਨਾ ਬੌਤੇ ਬਰਸ ਮੋਹਤ ਹੂਏ ਹੈ ਇਸੀ ਤਰਾਂ ਸੰਤਾਂ ਕੀ ਸੰਗਤਿ ਉਪਰ ਭਾਵ ਸੰਗਤ ਕਰਨੇ ਸੇ ਭਗਤੀ ਪ੍ਰਾਪਤਿ ਹੋਤੀ ਹੈ।੨।੨੧੫॥

**ਮੂਲ—ਹਰ ਕਸੇ ਰਾ ਜ਼ਰਹ ਜਾਂ ਬਾਸ਼ਦ ਨਸੀਬ॥**
**ਆਂ ਬਖ਼ੂਬੀ ਗਸ਼ਤ ਖ਼ੁਰਸ਼ੈਦੇ ਨਜ਼ੀਬ॥**

ਟੀਕਾ—ਤਾਂਤੇ ਜਿਸ ਕਿਸੀ ਕੇ ਭਾਈ ਰੰਚਕ ਭਰ ਭੀ ਓਹ ਪ੍ਰੇਮਾਂ ਭਗਤੀ ਪ੍ਰਾਪਤਿ ਹੋਈ ਹੈ।੧। ਓਹ ਪੁਰਸ ਸਾਥ ਭਲਿਆਈ ਦੇ ਹੂਆ ਹੈ ਸੂਰਜ ਅਜੈਬ। ਭਾਵ ਪ੍ਰਮੇਸਰ ਰੂਪ ਹੂਆ ਹੈ।੨।੨੧੬।ਸਿਧਾਂਤ।

**ਮੂਲ—ਗ਼ੈਰ ਓ ਯਾਂਨੇ ਜ਼ਿ ਹਕ ਗਫ਼ਲਤ ਬਵੱਦ॥**
**ਯਾਦਿ ਓ ਸਰਮਾਯਹੇ ਦਉਲਤ ਬਵੱਦ,**

ਟੀਕਾ—ਬਿਨਾ ਉਸ ਸੱਚੇ ਕੇ ਜਾਣਨੇ ਸੇ ਪ੍ਰਮਾਦਤਾ ਹੈ। ਭਾਵ ਨਾਮ ਤੇ ਬਿਨਾ ਜੋ ਕੁਛ ਕਰਮ ਕਰਨਾ ਹੈ ਸੋ ਮੂਰਖਤਾ ਸੇ ਕਰਨਾ ਹੈ।੧। ਕਿਉਂਜੋ ਭਗਤੀ ਉਸਕੀ ਪੂੰਜੀ ਧੰਨਕੀ ਹੈ। ਭਾਵ ਭਗਤੀ ਸੇ ਗੁਣ ਰਿਧੀ ਸਿਧੀ ਸਭ ਪ੍ਰਾਪਤਿ ਹੋ ਜਾਤੇ ਹੈਂ ਤੇ ਹੋਰ ਕਰਮ ਕੀਤੇ ਹੂਏ ਬਿਅਰਥ ਜਾਤੇ ਹੈਂ ਪ੍ਰਮਾਣ ਹਰਿ ਬਿਨ ਅਵਰ ਕ੍ਰਿਯਾਂ ਬਿਰਥੇ। ਜਪ ਤਪ ਸੰਜਮ ਕਰਮ ਕਮਾਣੇ ਇਹ ਉਰੇ ਮੂਸੇ।੨।੨੧੭।

Digitized by Panjab Digital Library | www.panjabdigilib.org

ਮੂਲ-ਦੀਦਨੇ ਓ ਤਾ ਮੁਯਸਰ ਮੇਸਵੱਦ ॥
ਸੁਹਬਤੇ ਮਰਦਾਂ ਤਅਸਰ ਮੇਸਵੱਦ ॥

ਟੀਕਾ—ਦੇਖਣਾ ਉਸਕਾ ਤਬ ਪ੍ਰਾਪਤਿ ਹੋਤਾ ਹੈ ।੧। ਸੰਤਾਂ ਕੀ ਸੰਗਤਿ ਕਾ ਅਸਰ ਜੇ ਕਰ ਹੋਵੈ। ਭਾਵ ਸੰਗਤਿ ਕਰਕੇ ਗੁਣ ਧਾਰਨ ਕਰੇ ਭਗਤੀ ਕਰੇ ।੨।੨੧੮।

ਮੂਲ-ਹਰਕਿ ਹਕ ਦਰ ਦਿਲ ਅਗਰ ਮਾਵਾ ਕੁਨੱਦ ।
ਦਰ ਬਨ ਹਰ ਮੂਏ ਓ ਹਕ ਜਾਂ ਕੁਨਦ ॥

ਟੀਕਾ—ਜੇ ਕੋਈ ਦਿਲਦੇ ਅੰਦਰ ਸਚੇਦਾ ਜਬ ਟਿਕਾਣਾ ਕਰਦਾ ਹੈ ਭਾਵ ਨਾਮ ਜਪਨ ਮੈ ਤਦਾਕਾਰ ਹੋਤਾ ਹੈ ।੧। ਤਬ ਉਸਕੇ ਹਰ ਇਕ ਰੋਮ ਦੀ ਜੜ ਬੀਚ ਸਚਾ ਜਾਗਾ ਕਰਦਾ ਹੈ। ਭਾਵ ਉਸਕੋ ਨਾਮ ਸੈਲੀਨ ਕਰਦਾ ਹੈ ਪ੍ਰਮਾਨ ਗੁਰਮੁਖਿ ਰੋਮ ਰੋਮ ਹਰਿ ਧਿਆਵੈ। ਸਾਖੀ ਹਨੂਮਾਨ ਕੀ ਮਣੀਆ ਤੋੜਨ ਵਾਲੀ ।੨।੨੧੯।

ਮੂਲ-ਹਰਕਿ ਖੁਦ ਰਾ ਸੂਇ ਹਕ ਮੇਆਰਦਸ਼ ॥
ਅਜ਼ ਰੁਖ਼ੇ ਓ ਨੂਰ ਹਕ ਮੇਬਾਰਦਸ਼ ॥

ਟੀਕਾ—ਤਾਂਤੇ ਹੇ ਭਾਈ ਜੋ ਕੋਈ ਆਪਣੇ ਆਪ ਕੋ ਤਰਫ ਸਚੇ ਕੀ ਲਿਆਂਵਦਾ ਹੈ ।੧। ਉਸਕੇ ਮੁਖ ਸੇ ਸਚੇ ਕਾ ਪ੍ਰਕਾਸ ਬਰਸਦਾ ਹੈ।੨।੨੨੦।

ਮੂਲ—ਈ ਹਮਹ ਫਜ਼ਲੇ ਜ਼ਿ ਫ਼ੈਜ਼ੇ ਸੁਹਬਤੇ ਅਸਤ ॥
ਸੁਹਬਤੇ ਮਰਦਾਨ ਹਕ ਖ਼ੁਸ਼ ਅਨਵਰ ਅਸਤ ॥

ਟੀਕਾ—ਏਹ ਤਮਾਮ ਆਨੰਦ ਔ ਪ੍ਰਾਪਤੀ ਆਦੀ ਗੁਣ ਸੰਗਤਿ ਕੀ ਕ੍ਰਿਪਾ ਕੇ ਪ੍ਰਤਾਪ ਸੇ ਹੋਤੇ ਹੈਂ ।੧। ਇਸੀ ਤੇ ਸਚੇ ਵਾਹਿਗੁਰੂ ਕੇ ਸੰਤਾ ਕੀ ਸੰਗਤਿ ਚੰਗੀ ਪ੍ਰਕਾਸੀ ਹੈ। ਭਾਵ ਸਭ ਜਗਾ ਮੈ ਪ੍ਰਗਟ ਹੋ ਰਹੀ ਹੈ ।੨।੨੨੧।

ਮੂਲ-ਹੇਚ ਕਸ ਅਜ਼ ਹਾਲਸ਼ਾਂ ਆਗਾਹਾ ਨੇਸਤ ॥

Digitized by Panjab Digital Library | www.panjabdigilib.org

**ਹਰਕਿ ਹੋ ਮਿਹਰਾ ਦਰਾਂਜਾ ਰਾਹਿ ਨੇਸਤ**

ਟੀਕਾ–ਕੁਛ ਭੀ ਕੋਈ ਉਨਾਂ ਸੰਤਾਂ ਕੇ ਹਵਾਲ ਸੇ ਵਾਕਫ ਨਹੀਂ ਹੈ ਭਾਵ ਸੰਤਾਂਕਾ ਕੋਈ ਭੇਦ ਨਹੀਂ ਜਾਨ ਸਕਤਾ ।੧। ਜੋ ਕੋਈ ਹੈ ਨਿਕਾ ਅਥਵਾ ਵਡਾ ਉਸਕੋ ਬੀਚ ਉਸ ਜਾਗਾ ਦੇ ਰਸਤਾ ਨਹੀ ਹੈ। ਭਾਵ ਗਰੀਬ ਅਮੀਰ ਕੋਈ ਭੀ ਸੰਤਾਂ ਦੇ ਮਰਾਤਬੇ ਕੋ ਨਹੀਂ ਪਾ ਸਕਤਾ ।੨।੨੨੨।

**ਮੂਲ–ਦਰ ਨਜ਼ਰ ਆਯੰਦ ਚੂੰ ਜ਼ਾਤੇ ਅੱਲਾਹ ॥**
**ਦਰ ਹਕੀਕਤ ਹਰਦੂ ਆਲਮ ਰਾ ਪਨਾਹ**

ਟੀਕਾ–ਬੀਚ ਨਿਗਾ ਦੇ ਦੇਖਣੇ ਮੇ ਆਂਵਦੇ ਹੈਂ ਮਾਨਿੰਦ ਸਰੂਪ ਅਲਖ ਦੇ। ਭਾਵ ਪ੍ਰਮੇਸਰ ਰੂਪ ਦੇਖੀਦੇ ਹਨ ।੧। ਇਸ ਹੇਤੂ ਕਰ ਬੀਚ ਸਚ ਦੇ [illegible] ਦੇ ਦੋਨੋ ਲੋਕਾਂ ਦਾ ਆਸਰਾ ਹੈਂ ।੨।੨੨੩।

**ਮੂਲ–ਦਰ ਕਸਬ ਬਾਸ਼ੰਦ ਆਜ਼ਾਦ ਅਜ਼ ਕਸਬ ॥**
**ਉਮਰ ਗੁਜ਼ਰਾਨੰਦ ਅੰਦਰ ਯਾਦ ਰਬ ॥**

ਟੀਕਾ–ਬਾਹਰੋਂ ਦੇਖਨੇ ਮੈਂ ਬੀਚ ਕੰਮਾਂਦੇ ਦੇਖੀਦੇ ਹਨ ਅਰੁ ਅੰਦਰੋਂ ਨਿਆਰੇ ਹੈਂ ਕੰਮਾਂ ਸੇ ।੧। ਇਸ ਤੇ ਜੋ ਅਵਸਥਾ ਬੀਤਾਂਵਦੇ ਹੈਂ ਵਾਹਿਗੁਰੂ ਕੀ ਭਗਤੀ ਬੀਚ ।੨।੨੨੪।

**ਮੂਲ–ਖੇਸ਼ ਰਾ ਚੂੰ ਮੋਰ ਬਿਸਨਾਸ਼ੰਦ ਸ਼ਾਂ ॥**
**ਦਰ ਹਕੀਕਤ ਬਿਹਤਰਜ਼ ਪੀਲੇ ਦਮਾਂ**

ਟੀਕਾ–ਆਪਣੇ ਆਪ ਕੋ ਤਾਂਈ ਮਾਨਿੰਦ ਕੀੜੀ ਦੇ ਗਰੀਬ ਪਛਾਣਦੇ ਹੈਂ ਓਹ ਸੰਤ ।੧। ਬੀਚ ਸਚ ਦੇ ਚੰਗੇ ਹੈਂ ਮਸਤ ਹਾਥੀ ਕੇ ਸਮ । ਭਾਵ ਸਚੇ ਦੇ ਜਾਨਣੇ ਮੈ ਬਹੁਰ ਗੰਭੀਰ ਹੈਂ ।੨।੨੨੫।

**ਮੂਲ–ਹਰਕਿ ਮੇਬੀਨੀ ਹਮਹ ਹੈਰਾਨ ਸ਼ਾਂ ॥**
**ਸ਼ਾਨ ਸ਼ਾਂ ਬਰਤਰ ਬਵੱਦ ਅਜ਼ ਇਮਤਹਾਂ**

ਟੀਕਾ–ਜੋ ਕੋਈ ਦੇਖਦਾ ਹੈ ਉਨਾਂ ਦੀ ਰੀਤੀ ਕੋ ਤਮਾਮ ਅਸਚਰਜ ਹੋਂਦੇ ਹੈਂ ।੧। ਵਡਿਆਈ ਉਨਾਂ ਕੀ ਬਿਲੰਦ ਹੈ ਆਦ ਅੰਤ ਸੇ । ਭਾਵ ਸਦਾ ਹੋਰਹੀ ਹੈ ।੨।੨੨੬।

Digitized by Panjab Digital Library | www.panjabdigilib.org

... ਸਰਦਾਨ ਹਕ ਬਾਸ਼ਦ ਕਰਮ ॥
ਦਉਲਤੇ ਕਾਰਾਂ ਨ ਬਾਸ਼ਦ ਹੇਚ ਗ਼ਮ ॥

ਟੀਕਾ–ਪੁਨਾ ਸੰਗਤਿ ਐਸੇ ਸੰਤਾਂ ਦੀ ਸਚੇ ਦੀ ਕ੍ਰਿਪਾ ਸੇ ਪ੍ਰਾਪਤਿ ਹੋਤੀ ਹੈ। ੧। ਜੇਕਰ ਪ੍ਰਾਪਤਿ ਹੋ ਜਾਵੈ ਤਾਂ ਫੇਰ ਉਸ ਸੰਗਤਿ ਰੂਪੀ ਧੰਨ ਕੇ ਤਾਈਂ ਕੁਛ ਭੀ ਗ਼ਮ ਨਹੀਂ ਹੈ। ਭਾਵ ਬਿਅਰਥ ਨਹੀਂ ਜਾਤੀ ਆਪਣਾ ਫਲ ਦੇਂਦੀ ਹੈ। ੨। ੨੨੭।

ਮੂਲ–ਖ਼ੁਰਦ ਬਜ਼ੁਰਗੋ ਹਰਕਸੇ ਬਾ ਓ ਨਿਸ਼ਸਤ।
ਓ ਬਜ਼ੁਰਗੀ ਯਾਫ਼ਤ ਤਾ ਹਰ ਜਾ ਕਿ ਹਸਤ ॥

ਟੀਕਾ–ਛੋਟਾ ਬਡਾ ਜੋ ਕੋਈ ਸਾਥ ਉਨਕੇ ਬੈਠਾ ਹੈ। ਭਾਵ ਜਿਸਨੇ ਸੰਗਤਿ ਕੀਤੀ ਹੈ। ੧। ਉਸ ਕਿਸੀ ਨੇ ਤਬ ਬਜ਼ੁਰਗੀ ਪਾਈ ਹੈ ਹਰ ਜਗਾ ਪੈ। ੨। ੨੨੮। ਪ੍ਰਸਨ ਭਗਤੀ ਕਾ ਸਰੂਪ ਕਿਆ ਹੈ ਓਹ ਕਹੀਏ ਜਿਸਕੋ ਜਾਨਕੇ ਭਗਤੀ ਕਰੀਏ। ਉਤਰ

ਮੂਲ–ਹਰਕਸੇਕੋ ਖ਼ੇਸ਼ ਰਾ ਬਿਸ਼ਨਾਖ਼ਤਹ ॥
ਦਰ ਤਰੀਕੇ ਬੰਦਗੀ ਪਰਦਾਖ਼ਤਹ

ਟੀਕਾ—ਜੋ ਕੋਈ ਆਪਣੇ ਆਪ ਤਾਂਈ ਪਛਾਨਦਾ ਹੈ। ੧। ਓਹ ਬੀਰ ਰਸਤੇ ਭਗਤੀ ਦੇ ਚੜ੍ਹਿਆ ਹੈ। ਭਾਵ ਉਸਨੇ ਪੂਰਨ ਭਗਤੀ ਪਾਈ ਹੈ ॥ ੨ ॥ ੨੨੯ ॥

ਮੂਲ–ਈਂ ਜ਼ਮੀਨੋ ਆਸਮਾਂ ਪੁਰ ਅਜ਼ ਖ਼ੁਦਾਸਤ ॥
ਆਲਮੇ ਹਰ ਸੂ ਦਵਾਂ ਕਾ ਸੂਹਿ ਕੁਜਾਸਤ।

ਟੀਕਾ–ਸਿਧਾਂਤ ਸਾਧਾਰਨ ਸਾਂਝਾ ਉਪਦੇਸ ਕਹਤੇ ਹੈ। ਹੇ ਭਾਈ ਭਗਤ ਐਸੇ ਜਾਨਤੇ ਹੈਂ ਜੋ ਇਹ ਧਰਤੀ ਅਰੁ ਆਕਾਸ ਵਾਹਿਗੁਰੂ ਸੇ ਪੂਰਨ ਹੈ। ੧। ਅਰੁ ਇਹ ਲੋਕ ਵਾਹਿਗੁਰੂ ਨੂੰ ਭੁਲਾ ਕਰ ਹਰ ਇਕ ਦੇਵੀ ਦੇਵਤੇ ਮੜੀਆਂ ਕੀ ਤਰਫ ਦੌੜਦੇ ਹੈਂ ਅਰੁ ਪੁਛਨੇ ਸੇ ਕੈਂਹਦੇ ਹਨ ਜੋ ਓਹ ਵਾਹਿਗੁਰੂ ਕਿਥੇ ਹੈ ਜਿਸ ਨੂੰ ਪੂਰਨ ਕੈਂਦੇ ਹਨ ਪ੍ਰੰਤੂ ਬਿਆਪਕ ਜਾਨਕੇ ਭਜਨ ਨਹੀ ਕਰਦੇ। ੨ ॥ ੨੩੦ ॥

Digitized by Panjab Digital Library | www.panjabdigilib.org

ਸੰਪਦਾਈ ਟੀਕਾ

**ਮੂਲ-ਦੀਦਹ ਬਰ ਦੀਦਾਰ ਹਕ ਗਰ ਸੂਖਤਹ ॥**
**ਹਰਚਿ ਮੇਬੀਨੀ ਬਚਸਮਤ ਹਕ ਨੁਮਾਸਤ ॥**

ਟੀਕਾ–ਨੇਤ੍ਰ ਸਚ ਦੇ ਸਰੂਪ ਉਪਰ ਜੇਕਰ ਮੋਹਤ ਹੋਵਣ ।੧। ਤਾਂ ਫੇਰ ਜੋ ਕੁਛ ਦੇਖੀਦਾ ਹੈਂ ਓਹ ਬੀਚ ਨੇਤ੍ਰਾਂ ਦੇ ਸਚ ਹੀ ਦੇਖੇਂ ਤੂੰ । ਭਾਵ ਐਸੇ ਸੰਤਾਂ ਦੀ ਦ੍ਰਿਸਟੀ ਪ੍ਰਮੇਸਰ ਮੈ ਤਦਰੂਪ ਹੋਈ ਹੁੰਦੀ ਹੈ ਇਸ ਤੇ ਪ੍ਰਮੇਸਰ ਰੂਪ ਕਹੀਦੇ ਹੈ ।੨।੨੩੧।

**ਮੂਲ-ਹਰਕਿ ਸਾਰਾ ਦੀਦ ਹਕ ਰਾ ਦੀਦਹ ਅਸਤ ॥**
**ਓ ਤ੍ਰੀਕੇ ਬੰਦਗੀ ਫਹਮੀਦਹ ਅਸਤ ॥**

ਟੀਕਾ–ਜਿਸ ਕਿਸੀ ਨੇ ਉਨਾਂ ਕੇ ਤਾਂਈ ਦੇਖਿਆ ਹੈ ਉਸਨੇ ਸਚੇ ਕੇ ਤਾਂਈਂ ਦੇਖਿਆ ਹੈ ।੧। ਪੁਨਾ ਉਸਨੇ ਹੀ ਰਸਤਾ ਭਗਤੀਕਾ ਪਛਾਣਿਆ ਹੈ ।੨।੨੩੨।

**ਮੂਲ-ਤਰਜ਼ ਯਕ ਰੰਗੀ ਅਜਬ ਰੰਗ ਆਰਦਸ਼ ॥**
**ਕਜ਼ ਬਦਨ ਨੂਰੇ ਖੁਦਾ ਮੇਬਾਰਦਸ਼ ॥**

ਟੀਕਾ–ਰੀਤੀ ਇਕ ਭਗਤੀ ਦੇ ਪ੍ਰੇਮ ਦੀ ਅਸਚਰਜ ਆਨੰਦ ਲਿਆਈਹੈ ਉਸਨੂੰ । ਭਾਵ ਬ੍ਰਹਮਾਨੰਦ ਪ੍ਰਾਪਤਿ ਹੂਆ ਹੈ ।੧। ਮੁਖ ਉਸ ਕੇ ਸੇ ਪ੍ਰਕਾਸ ਵਾਹਿਗੁਰੂ ਦਾ ਬਰਸਦਾ ਹੈ ।੨।੨੩੩।

**ਮੂਲ-ਓ ਬਰੰਗੇ ਸਾਹਿਬੀ ਈ ਹਸਤ ਬੂਦ ॥**
**ਬੰਦਗੀ ਦਾਯਮ ਬਾ ਆਦਾਬੇ ਸਜੂਦ ॥**

ਟੀਕਾ–ਪ੍ਰਸਨ ਓਹ ਸੰਤ ਗੁਰੂ ਸਾਥ ਰੰਗ ਸਾਹਿਬੀ ਦੇ ਹੈਂ ਅਰੁ ਏਹ ਜੋ ਜਗਯਾਸੂ ਹੂਏਹੈਂ ਇਨਾਂ ਨੂੰ ਕਿਆ ਕਰਮ ਕਰਨਾ ਚਾਹੀਏ ।੧। ਉਤਰ ਜਗਯਾਸੂ ਸਿਖ ਭਗਤੀ ਕਰੈਂ ਹਮੇਸਾਂ ਪੁਨਾਂ ਸਾਥ ਅਦਬ ਦੇ ਨਿਮਸਕਾਰਾਂ ਕਰੈਂ ਸੰਤਾਂ ਕੋ ਗੁਰਾਂ ਕੋ ।੨।੨੩੪।

**ਮੂਲ-ਸਾਹਿਬੀ ਬਾ ਸਾਹਿਬਾਂ ਜ਼ੇਬਦ ਮੁਦਾਮ ॥**
**ਬੰਦਹ ਰਾ ਦਰ ਬੰਦਗੀ ਬਾਸ਼ਦ ਕਿਯਾਮ ॥**

Digitized by Panjab Digital Library | www.panjabdigilib.org

ਟੀਕਾ- ਵਡਿਆਈ [illegible] ਸਾਥ ਸੰਤਾ ਗੁਰ ਅਵਤਾਰਾਂ ਕੇ ਸੋਭਾ ਦੇਂਦੀਹੈ ਹਮੇਸਾਂਹੀ ।੧। ਅਰੁ ਦਾਸਾਂ ਜਗਯਾਸੂਆਂ ਭਗਤਾਂ ਕੇ ਤਾਂਈ ਅੰਦਰ ਭਗਤੀ ਦੇ ਹੋਵੈ ਇਸਥਿਰਤਾ। ਭਾਵ ਭਗਤੀ ਕਰੈਂ ਨਿਮਰਤਾ ਧਾਰੈਂ।੨।੨੩੫।

**ਮੂਲ-ਸਾਹਿਬਾਂ ਰਾ ਸਾਹਿਬੀ ਬਾਸ਼ਦ ਸੁਆਰ**
**ਬੰਦਹਾਂ ਰਾ ਦਰ ਬੰਦਗੀ ਫਸਲੇ ਬਹਾਰ॥**

ਟੀਕਾ-ਸੰਤਾਂ ਗੁਰਾਂ ਤਾਈਂ ਵਡਿਆਈ [illegible] ਦਾ ਹੋਵੇ ਹੈ ਸੁਭਾਵ ।੧। ਅਰੁ ਦਾਸਾਂ ਕੋ ਤਾਈ ਅੰਦਰ ਭਗਤੀ ਦੇ ਆਨੰਦ ਖੁਸੀ ਹੋਵੇ ਹੈ । ਭਾਵ ਨਵੀਨ ਤੇ ਨਵੀਨ ਆਨੰਦ ਹੋਤਾ ਹੈ। ੨ ।੨੩੬।

**ਮੂਲ—ਸਾਹਿਬਾਂ ਰਾ ਸਾਹਿਬੀ ਦਾਯਮ ਬਵੱਦ॥**
**ਬੰਦਹ ਹਮ ਦਰ ਬੰਦਗੀ ਕਾਯਮ ਬਵੱਦ॥**

ਟੀਕਾ-ਸੰਤਾਂ ਗੁਰਾਂ ਤਾਈਵਡਿਆਈ ਹਮੇਸਾਂ ਹੋਵੇਹੈ) ਭਾਵ ਮਿਲਦੀਹੈ ।੧। ਤਮਾਮ ਦਾਸ ਬੀਚ ਭਗਤੀ ਦੇ ਇਸਥਿਰ ਹੋਵੇਹੈ। ਭਾਵ ਇਸਥਿਰ ਹੋਤੇ ਹੈ ਹੋਣਾ ਚਾਹੀਦਾ ਹੈ ਨਿਸਚੇ ਸੇਂ ।੨।੨੩੭। ਐਸਾ ਉਪਦੇਸ ਜਬ ਭਾਈਨੇ ਸੰਗਤ ਕੋ ਸੁਨਾਯਾ ਤਬ ਉਤਮਤੋ ਮਗਨ ਹੋਗਏ ਅਰੁਮਧਮ ਆਪਸਮੇ ਬੀਚਾਰ ਕਰਨੇ ਲਗਗਏ ਅਰੁ ਕਨਿਸਟਤੋ ਅਧਮ ਉਦਾਸ ਹੋਕਰ ਡਉਰਡਉਰ ਹੋਏ ੨ ਸ਼ਹਜ਼ਾਦੀ ਖਿਚ ਸੇ ਉਠਨੇ ਲਗੇ ਤਬ ਭਾਈਜੀ ਤਿਨਾਂ ਦੀ ਬਵਸਥਾ ਦੇਖਕਰ ਇਕ ਤਾੜਨਾ ਰੀਤੀ ਸੇ ਮਿਲਵਾਂ ਉਪਦੇਸ ਕਹਤੇ ਭੁਏ। ੨। ੨੩੭।

**ਮੂਲ—ਅਜ਼ਬਰਾਏ ਆਂ ਕਿ ਤੋ ਸਰਗਸਤਈ॥**
**ਅਜ਼ ਪਏ ਦੁਨੀਯਾਂ ਜ਼ਿ ਹਕ ਬਰਗਸਤਈ॥**

ਟੀਕਾ—ਹੇ ਭਾਈ ਦੇਖ ਜਿਸਮੇ ਪ੍ਰੇਮ ਕਰਨੇ ਤੇ ਜੀਵ ਦੁਖੀ ਹੋਤੇ ਹੇ ਵਾਸਤੇ ਉਸ ਮਾਯਾ ਦੇ ਜੋ ਤੂੰ ਖੁਆਰ ਹੋ ਰਹਿਆ ਹੈਂ।੧। ਪੁਨਾ ਵਾਸਤੇ ਮਾਯਾ ਦੇ ਸਚੇ ਸੇ ਫਿਰਿਆ ਹੈਂ ਤੂੰ। ਭਾਵ ਸਚੇ ਸੇ ਭੁਲ ਰਹਿਆ ਹੈਂ ਤੂੰ ।੨।੨੩੮।

**ਮੂਲ—ਦਉਲਤੇ ਗੇਤੀ ਨ ਬਾਸ਼ਦ ਪਾਇਦਾਰ॥**

Digitized by Panjab Digital Library | www.panjabdigilib.org

## ਯਕ ਨਫਸ ਖੁਦ ਰਾ ਬਸੂਏ ਹਕ ਬਿਯਾਰ ॥

ਟੀਕਾ—ਜਿਸ ਮੇਂ ਤਦਾਕਾਰ ਹੋਰਿਆ ਹੈਂ ਓਹ ਸੰਸਾਰ ਦੀ ਮਾਯਾ ਨਹੀਂ ਹੈ ਪੈਰ ਰਖਨ ਵਾਲੀ । ਭਾਵ ਇਸਥਿਰ ਰੈਨੇ ਵਾਲੀ ਨਹੀ ਹੈ । ੧ । ਤਾਂਤੇ ਤਿਸਕੋ ਤਯਾਗਕਰ ਇਕ ਸੁਆਸ ਤਾਂ ਆਪਨੇ ਆਪਕੋ ਤਾਂਈਂ ਤਰਫ ਸਚੇ ਕੀ ਲਿਆ ਤੂੰ । ੨ । ੨੩੯ ।

## ਮੂਲ-ਚੂੰ ਦਿਲੇ ਤੋ ਮਾਯਲੇ ਯਾਰੇ ਖੁਦਾਸਤ ॥
## ਆਂ ਖੁਦਾਇ ਪਾਕ ਕੈ ਅਜ਼ ਤੋ ਜੁਦਾਸਤ ॥

ਟੀਕਾ—ਜਬ ਦਿਲ ਤੇਰਾ ਮੋਹਿਤ ਵਾਹਿਗੁਰੂ ਕੀ ਯਾਦਗੀਰੀ ਉਪ ਹੋਵੇ । ੧ । ਤਾਂ ਫਿਰ ਓਹ ਵਾਹਿਗੁਰੂ ਪਵਿਤ੍ਰ ਕਬ ਤੇਰੇ ਸੇ ਨਿਆਰਾ ਹੈ, ਭਾਵ ਭਗਤਾਂ ਕੇ ਅੰਗ ਸੰਗ ਸਾਖਯਾਤ ਰਹਿਤਾ ਹੈ ਇਸਤੇ ਭਗਤ- ਵਾਹਿਗੁਰੂ ਕਾ ਰੂਪਹੀਹੈਂ ਤਾਂਤੇ ਇਕ ਰੂਪ ਹੋਨੇਤੇ ਮਾਯਾ ਤੇਰਾ ਸੰਕਲਪ ਹੈ । ੨ । ੨੪੦

## ਮੂਲ-ਗਰ ਤੋ ਗਾਫਲ ਬਾਸ਼ੀ ਅਜ਼ ਫਿਕਰੇ ਬੁਲੰਦ ॥
## ਤੋ ਕੁਜਾ ਓ ਆਂ ਕੁਜਾਇ ਹੋਸ਼ ਮੰਦ ॥

ਟੀਕਾ— ਅਰੁ ਜੇਕਰ ਮਾਯਕ ਸੁਖਾਂਮੇ ਲਗਕਰ ਤੂੰ ਪ੍ਰਮਾਦੀ ਹੋਵੇ ਬਡੇ ਵਾਹਿਗੁਰੂਕੇ ਧਿਆਨ ਸੇ । ਭਾਵ ਪ੍ਰਮੇਸ਼੍ਰ ਕੋ ਭੁਲਾਦੇ ਵੈਂ ।੧।ਤਾਂ ਫਿਰ ਤੂੰ ਕਿਥੇਂ ਅਰੁ ਓ । ਹਰੀ ਕਿਥੇ ਐ ਅਕਲਵਾਲੇ ਭਾਵ ਜਬ ਹੰਕਾਰੀ ਹੋਆ ਮਾਯਾਕੋ ਪਾਕਰ, ਰੈਨੇ ਲਗਾਕੇ ਮੈਹੀਂ ਪ੍ਰਮੇਸਰਹਾਂ ਹੋਰਕਿਥੇਹੈ ਐਸੇ ਕਹਨੇਤੇ ਤੇਰਾ ਅਰੁ ਹਰੀ ਕਾ ਦੂ ਖਾਂ ਕੋਹਾਂਕਾ ਫਰਕਹੈਤਾਤੇ ਤੂੰ ਹੰਕਾਰਤੇ ਮੀਂ ਵਹੀ ਹੈ ਤੇ ਓਹ ਸਰਬਗ ਹੀ ਹੈ।੨।੨੪੧।

## ਮੂਲ—ਯਾਦਿ ਓ ਬੁਨੀਯਾਦ ਉਮਰੇ ਜਾਵਿਦਾਂ ॥
## ਯਾਦਿ ਓ ਸਰਮਾਯਹੇ ਸਾਹਿਬ ਦਿਲਾਂ ॥

ਟੀਕਾ — ਭਗਤੀ ਉਸਕੀ ਹਮੇਸਾਂ ਅਵਸਥਾਦੀ ਜੜ੍ਹ ਹੈ । ਭਾਵ ਭਗਤੀ ਸੇ ਅਵਸਥਾ ਸਫਲੀ ਹੋਂਦੀਹੈ । ੧ । ਇਸੀਤੇ ਭਗਤੀ ਉਸਕੀ ਪੂੰਜੀ ਹੈ ਬਡੇ ਦਿਲਵਾਲਿਆਂ ਸੰਤਾਕੀ । ੨ । ੨੪੨ ।

## ਮੂਲ—ਯਾਦਿ ਓ ਦਰਦੇ ਦੁ ਆਲਮ ਰਾ ਦਵਾਸਤ ॥

Digitized by Panjab Digital Library | www.panjabdigilib.org

ਯਾਦਿ ਓ ਹਰ ਗੁਮ ਸੁਦਹ ਰਾ ਰਹਿ ਨੁਮਾਸਤ ॥

ਟੀਕਾ– ਯਾਦਗੀਰੀ ਉਸਕੀ ਦਨੋ ਲੋਕਾਂਕੇ ਦਰਦ ਦੀ ਦਵਾਈ ਹੈ।੧। ਪੁਨਾ ਭਗਤੀ ਉਸਕੀ ਤਮਾਮ ਭੁਲਿਆਂਹੋਯਾਂਕੇ ਤਾਂਈ ਰਸਤਾ ਦਿਖਾਵਣਵਾਲੀ ਹੈ।੨।੨੪੩।

ਮੂਲ-ਯਾਦਿ ਓ ਈਂ ਜੁਮਲਹ ਰਾ ਲਾਜ਼ਮ ਬਵੱਦ ॥
ਹਰਕਿ ਗਾਫ਼ਿਲ ਸੁਦ ਅਜ਼ੋ ਮੁਲਜ਼ਮ ਸਵੱਦ ॥

ਟੀਕਾ— ਤਾਂਤੇ ਭਗਤੀ ਉਸਕੀ ਇਸ ਤਮਾਮ ਸ੍ਰਿਸਟੀਕੇ ਤਾਂਈ ਜੋਗਹੈ ਕਰਨੀ।੧। ਜੋਕੋਈ ਪਰਮਾਦੀ ਹੁਆਹੈ ਉਸ ਸੇ ਓਹੁ ਤਕਸੀਰੀ ਗੁਨਹ ਗਾਰ ਹੋਵੈਹੈ।੨।੨੪੪। ਐਸਾਂ ਉਸਦੇਸ ਕਰਦੇ ੨ ਜੀਵਾਂ ਕੀ ਪ੍ਰਾਧੀਨਤਾ ਅਸਮ੍ਰਥਤਾ ਦੇਖਬੀਚਾਰਕੈ ਜੀਵਾਂਕੀ ਤਰਫੋਂ ਪ੍ਰਮੇਸਰ ਅਗੇ ਪ੍ਰਾਰਥਨਾਂ ਕਰਦੇਭਏ ਭਾਈਜੀ।

ਮੂਲ-ਯਾ ਇਲਾਹੀ ਬੰਦਹ ਰਾ ਤਉਫ਼ੀਕ ਦਿਹ ॥
ਤਾ ਬ ਯਾਦ ਤ ਬੁਗੁਜ਼ਰਦ ਈਂ ਉਮਰ ਬਿਹ ॥

ਟੀਕਾ—ਹੇ ਵਾਹਿਗੁਰੂ ਇਨਾਂ ਬੰਦਿਆਂਕੇ ਤਾਂਈ ਸਮਰਥਤਾ ਦਿਹ।੧। ਜੇਕਰ ਸਮ੍ਰਥਤਾ ਦੇਵੈਂ ਹੇ ਵਾਹਿਗੁਰੂ ਤਾਂ ਬੀਚ ਭਗਤੀ ਤੇਰੀਦੇ ਗੁਜਰੇ ਇਨਾਦੀ ਅਵਸਥਾ ਚੰਗੀ। ਭਾਵ ਭਗਤੀਮੇਂ ਲਗਕਰ ਸਫਲੀਹੋਵੈ।੨।੨੪੫।

ਮੂਲ-ਉਮਰ ਆਂ ਬਾਸ਼ਦ ਕਿ ਦਰ ਯਾਦੇ ਖ਼ੁਦਾ ॥
ਬੁਗੁਜ਼ਰਦ ਦੀਗਰ ਨ ਬਾਸ਼ਦ ਮੁਦਆ ॥

ਟੀਕਾ— ਅਵਸਥਾ ਓਹੁ ਚੰਗੀਹੈ ਜੋ ਬੀਚ ਭਗਤੀ ਵਾਹਿਗੁਰੂਕੀਕੇ ਗੁਜਰਦੀਹੈ।੧। ਅਰੁ ਦੂਸਰਾ ਨਹੀਹੈ ਪ੍ਰੋਜਨ। ਭਾਵ ਦੇਵੀ ਦੇਵਤੇਦੀ ਭਗਤੀ ਦਾ ਤੇ ਕਰਮ ਕਾਂਡਦਾ ਸੰਕਲਪ ਨਹੀ ਉਠਦਾ।੨।੨੪੬।

ਮੂਲ-ਮੁਦਆਏ ਬਿਹਤਰੇ ਜੁਜ਼ ਯਾਦ ਨੇਸਤ ॥
ਗੈਰ ਯਾਦਿਸ ਈਂ ਦਿਲੇ ਮਾਂ ਸ਼ਾਦ ਨੇਸਤ ॥

Digitized by Panjab Digital Library | www.panjabdigilib.org

ਟੀਕਾ—ਤਾਂਤੇ ਓਹੁ ਪ੍ਰੋਜਨ ਚੰਗਾਹੈ ਜੋ ਬਿਨਾ ਭਗਤੀ ਦੇ ਨਾ ਹੋਵੈ।੧। ਬਿਨਾ ਭਗਤੀ ਉਸਕੀ ਕੇ ਐਮੇਰੇਪਿਆਰੇ ਖੁਸੀ ਨਹੀ ਹੋਵੇਹੈ ਵਾ ਇਸਦਿਲ ਬੀਚ ਆਨੰਦ ਨਹੀ ਹੋਵੇਹੈ।੨।੨੪੭।

**ਮੂਲ-ਸ਼ਾਦੀਏ ਦਾਯਮ ਬਵੱਦ ਯਾਦੇ ਖ਼ੁਦਾ॥**
**ਏ ਜ਼ਿਹੇ ਦਉਲਤ ਕਿ ਬਾਸ਼ਦ ਰਹਿਨੁਮਾ॥**

ਟੀਕਾ—ਖੁਸੀ ਹਮੇਸਾਂਦੀ ਵਾਹਿਗੁਰੂਦੀ ਭਗਤੀਹੀਹੈ। ਭਾਵ ਭਗਤੀ ਕਰ ਸਭ ਸੁਖ ਪ੍ਰਾਪਤਿਹੋਂਦੇ ਹੈ।੧। ਤਾਂਤੇ ਐਪਿਆਰੇ ਵਾਂਵਾਹੈ ਓਹੁ ਦੌਲਤ ਜੋ ਰਸਤਾ ਸੁਭ ਦਿਖਾਵਣ ਵਾਲੀ ਹੋਵੈ। ਭਾਵ ਐਸੀ ਧੰਨਤਾ ਜੋਗ ਭਗਤੀਹੀ ਹੈ ਅਰੁ ਭਗਤੀ ਕਰਪ੍ਰਮੇਸ੍ਰ ਸਾਖਜਾਤਹੋਂਦਾਹੈ।੨।੨੪੮। ਪ੍ਰਸ਼ਨ ਆਪਨੇ ਜੋਕਹਜਾ ਕੇ ਭਗਤੀ ਕਰ ਸਾਖਜਾਤ ਹੋਂਦਾਹੈ ਅਰੁ ਕਈਕ ਮਤਾਂਵਾਲੇ ਸਭ ਸ੍ਰੀਰਾਂਮੇ ਕੈਂਦੇਹੈਂ। ਉਤ੍ਰ

**ਮੂਲ-ਗਰਚਿਹਕ ਦਰ ਜੁਮਲਹੇ ਦਿਲਹਾ ਬਵੱਦ॥**
**ਲੇਕਿ ਆਰਫ਼ ਸਾਹਿਬੇ ਈਮਾਂ ਬਵੱਦ॥**

ਟੀਕਾ—ਯਦਪ ਸਚਾ ਬੀਚ ਤਮਾਮ ਦਿਲਾਂਦੇ ਪ੍ਰਾਪਤਿਹੈ।੧। ਪ੍ਰੰਤੂ ਸਚੇਕੇ ਜਾਨਨੇਵਾਲੇ ਗਜਾਨਵਾਨ ਭਗਤਹੈ ਪੁਨਾ ਓਹੁ ਮਾਲਕ ਧਰਮਦੇਹੈਂ ਭਾਵ ਪ੍ਰਮੇਸ੍ਰ ਅਗੇ ਸੁਰਖਰੂ ਹੋਏਹਨ।੨।੨੪੯।

**ਮੂਲ-ਚਸ਼ਮ ਆਰਫ਼ ਕਾਬਲੇ ਦੀਦਾਰ ਹਸਤ॥**
**ਮਰਦ ਆਰਫ਼ ਵਾਕਫ਼ੇ ਇਸਰਾਰ ਹਸਤ॥**

ਟੀਕਾ—ਨੇਤ੍ਰ ਗਜਾਨਵਾਨਾਦੇ ਇਛਿਆਵਾਨ ਸਰੂਪਕੇ ਹੋਂਦੇਹੈਂ।੧ ਕਿਉਂਜੋ ਗਜਾਨਵਾਨ ਸੰਤ ਮਹਰਮ ਭੇਦੋਂਕੇ ਹੈ। ਭਾਵ ਸੰਤ ਵਾਹਿਗੁਰੂਨੂੰ ਸੁਖ ਰੂਪ ਜਾਨਦੇਹਨ।੨।੨੫੦।

**ਮੂਲ-ਸੁਹਬਤੇ ਮਰਦਾਨ ਹਕ ਰਾ ਦੋਸਤ ਦਾਰ॥**
**ਤਾ ਤੋਹਮ ਗਰਦੀ ਜ਼ਿ ਯਮਨਸ਼ ਪਾਇ ਦਾਰ॥**

ਟੀਕਾ—ਸਚੇਕੇ ਸੰਤਾਕੀ ਸੰਗਤਿ ਤਾਂਈ ਦੋਸਤ ਰਖੇਂ। ਭਾਵ ਸੰਤਾਂਕ

Digitized by Panjab Digital Library | www.panjabdigilib.org

ਸੰਗਤਿ ਕਰੇ ।੧। ਤਾਂ ਤੂੰਬੀ ਹੋਵੇ ਦੌਲਤ ਪ੍ਰੇਰ ਟਿਕਣ ਵਾਲੀ ਸੇ) ਭਾਵ ਇਸਥਿਰ ਮਾਯਾ ਵਾਲਾ ਵੇਵੀ ਸੰਪਤੀ ਲਾਮ ਆਦੀ ਥੰਨ ਵਾਲਾ ।੨।੨੫੧।

ਮੂਲ—ਹਰਚਿ ਹਸਤ ਅਜ਼ ਸਹਬਤ ਏਸ਼ਾਂ ਬਵੱਦ ॥
ਜਾਕਿ ਜਿਸਮ ਜਾਂ ਸ਼ਰਾ ਪਾ ਜਾਂ ਬਵੱਦ ॥

ਟੀਕਾ— ਜੋਕੁਛ ਭਲੇ ਗੁਣਾਂਦੀ ਪ੍ਰਾਪਤੀ ਹੈ ਐਪਿਆਰ ਉਨਾਂ ਸੰਤਾਂਕੀ ਸੰਗਤਿ ਸੇ ਹੈ ।੧। ਇਸਵਾਸਤੇ ਜੋ ਉਨਾਂ ਸੰਤ ਕਾ ਸ੍ਰੀਹਮੈ ਸਿਰ ਅਰੁ ਪੈਰ ਸਰੂਪ ਉਸੀਕਾ ਹੈ ।੨।੨੫੨।

ਮੂਲ—ਮਰਦਮਾਨੇ ਦੀਦਹ ਰਉਸ਼ਨ ਸ਼ੁਦ ਅਜ਼ੋ ॥
ਖਾਕਿ ਜਿਸਮੇ ਜੁਮਲਹ ਗੁਲਸ਼ਨ ਸ਼ੁਦ ਅਜ਼ੋ ॥

ਟੀਕਾ—ਪੁਤਲੀਆਂ ਨੇਤ੍ਰਾਂਦੀਆਂ ਪ੍ਰਕਾਸਮਾਨ ਹੂਈਆਂ ਉਸਕੀ ਪ੍ਰਾਪਤੀ ਸੇ ।੧। ਪੁਨਾ ਮਿਟੀ ਆਦੀ ਤਤਾਂਦਾ ਸ੍ਰੀਰ ਤਮਾਮ ਬਾਗ ੨ ਹੁਆਹੈ ਉਸਕੀ ਸਾਖਯਾਤਕਾਰਤਾ ਸੇ । ਭਾਵ ਸੰਤਾਕੇ ਸਭ ਅੰਗ ਪ੍ਰਕਾਸਮਾਨ ਅਰੁ ਪੂਜਨੀਕ ਪ੍ਰਭਖ ਹੋਏਹੈਂ ਇਸ ਤੇ ਜੋ ਜੈਸੇ ੨ ਭਾਵਨਾ ਕਰਕੇ ਪੂਜਤੇ ਹੈਂ ਸੋ ਪੂਰਨ ਹੋਤੀਆਹੈਂ ।੨।੨੫੩।

ਮੂਲ—ਏ ਜਿਹੇ ਸੁਹਬਤਕਿ ਖਾਕ ਅਕਸੀਰ ਕਰਦ ॥
ਨਾਕਸੇਰਾ ਸਾਹਿਬੇ ਤਦਬੀਰ ਕਰਦ ॥

ਟੀਕਾ— ਐਪਿਆਰੇ ਵਾਹਵਾਹਹੈ ਐਸੇ ਸੰਤਾਂਕੀ ਸੰਗਤਿ ਜੋ ਮਿਟੀਸ ਪਾਰਸ ਕਰਤੀਹੈ ਅਰੁ ਕੀਆਹੈ ।੧। ਪੁਨਾ ਖਾਲੀ ਨਿਗੁਣਾਂ ਅਵਿਦਕਾਂ ਤਾਂਈ ਮਾਲਕ ਜੁਗਤੀਆਂਦਾ ਕਰਦੀਹੈ ਅਰੁ ਕੀਆਹੈ ।੨।੨੫੪।

ਮੂਲ—ਗਉਹਰੋ ਲਾਲੋ ਜਵਾਹਰ ਪੇਸ਼ਿ ਸ਼ਾਂ ॥
ਹਰਦਮੇ ਕੋ ਬੁਗੁਜ਼ਰਾਂਦ ਦਰ ਯਾਦਿ ਆਂ ॥

ਟੀਕਾ—ਮੋਤੀ ਅਰੁ ਲਾਲ ਅਰੁ ਜਵਾਹਰ ਅਗੇ ਉਨਾਕੇ ਹਾਜਰਹੈ ।੧। ਪ੍ਰਸਨ ਏਹਜੋ ਮੋਤੀ ਆਦੀ ਆਪਨੇ ਕਹੇਹੈਂ ਪ੍ਰਭਖ ਜੋ ਦੇਖੀਦੇ ਹੈਂ ਏਹ

Digitized by Panjab Digital Library | www.panjabdigilib.org

ਕਹੇ ਹੈ ਕੇ ਇਨਾਂ ਤੇ ਅਲਾਵਾ ਹੋਰਕੋਈ ਕਹੇਹੈਂ ਕਿਉਜੋ ਪ੍ਰਤਖ ਤੇ ਸੰਤਾਂ ਪਾਸ ਕੋਈ ਨਿਗਾ ਨਹੀ ਆਵਤੇਂ ਤਾਤੇ ਆਪਨਿਰਨੇਸੇ ਕਹੀਏ ।੧। ਉਤ੍ਰ ਹਰਇਕ ਸੁਆਸ ਜੋ ਉਨਾ ਸੰਤਾਕਾ ਬੀਤਦਾਹੈ ਅੰਦ੍ਰ ਭਗਤੀ ਉਸ ਕੀ ਕੇ। ਏਹੁ ਲਾਲ ਮੋਤੀਆਦੀ ਹੈ ਹੋਰ ਜੇੜੇ ਸੰਤ ਭਗਤੀ ਕਰਤੇ ਹੈਂ ਓਹੁ ਏਹ ਪ੍ਰਤਖ ਪਦਾਰਥ ਤੋ ਕਬੂਲਹੀ ਨਹੀ ਕਰਦੇ ਅਰੁ ਜਿਸਕੋ ਚਾਂਵੈ ਉਸਕੋ ਬੇਗਿਣਤ ਧਨ ਦੇ ਦੇਤੇ ਹੈਂ ।੨।੨੫੫। ਪ੍ਰਸਨ ਮਾਯਾਬਿਨਾ ਤੇ ਸੰਸਾਰਦਾ ਵਿਹਾਰਹੀ ਕੋਈ ਨਹੀ ਤੁਰਦਾ ਤਾਤੇ ਸੰਤਮਾਯਾਕੋ ਕ੍ਰਿਸਕਾਰਨ ਕਬੂਲਨਹੀ ਕਰਦੇ ਉਤ੍ਰ

**ਮੂਲ-ਈਂ ਜਵਾਹਰ ਹਾ ਹਮਹ ਫ਼ਾਨੀ ਬਵੱਦ ॥**
**ਯਾਦਿ ਹਕ ਬਰ ਬੰਦਹ ਅਰਜ਼ਾਨੀ ਬਵਦ ॥**

ਟੀਕਾ— ਏਹਜੋ ਪ੍ਰਤਖ ਜਵਾਹਰ ਆਦੀ ਪਦਾਰਥ ਬੋਤਤੇ ਬੋਤ ਦੇਖੀ ਦੇਹੈਂ ਏਹ ਤਮਾਮ ਨਾਸ ਰੂਪਹੈਂ ਇਸਤੇ ਨਹੀ ਗ੍ਰਹਣ ਕਰਦੇ ।੧। ਇਸੀ ਹੇਤੂਤੇ ਓਹੁ ਐਸੇ ਕਹਤੇ ਹੈਂ ਕੇ ਭਗਤੀ ਸਚੇਕੀ ਉਪ੍ਰ ਬੰਦਿਆਂ ਦੇ ਬਣੀ ਹੈ। ਭਾਵ ਭਗਤੀ ਕਰਨੇ ਕਾ ਸਭਕੋ ਹੁਕਮ ਹੈ ਇਸਤੇ ਆਪ ਕਰਤੇ ਹੈਂ ਤੇਹੋਰਾਂਕੋ ਕਰਨੇਕਾ ਉਪਦੇਸ ਕਰਦੇ ਹੈਂ । ਤਾਂਤੇ ਤੁਸੀਂ ਭੀ ਐਸੇਜਾਨ ਕੈ ਭਗਤੀ ਸਚੇਕੀ ਕਰੋ ।੨।੨੫੬। ਸਿਧਾਂਤ

**ਮੂਲ-ਰਸਮ ਮਰਦਾਨੇ ਖ਼ੁਦਾ ਦਾਨੀ ਕਿਰੀਸਤ ॥**
**ਫ਼ਾਰਗ ਅੰਦ ਅਜ਼ ਕੈਦ ਹਾਇ ਮਰਗੁ ਜੀਸਤ ॥**

ਟੀਕਾ— ਰੀਤੀ ਅਸਲੀ ਗੁਹਜ ਸੰਤਾਂਕੀ ਵਾਹਿਗੁਰੂ ਜਾਨਦਾਹੈ ਜੋ ਕਿਆਹੈ ।੧। ਹੇਭਾਈ ਪ੍ਰਤਖ ਦੇਖਨੇਮੈ ਨਿਆਰੇ ਹੈਂ ਮਰਨ ਜੀਵਨੇਦੀ ਅਤੀ ਕੈਦ ਸੇ। ਭਾਵ ਏਹਚਾਲਹੈ ਸੰਤਾਦੀ ਪ੍ਰਤਖ ਆਪਜਨਮ ਮਰਨਤੇਰੈਤਹੈਂ ਅਰੁ ਜਗਜਾਸੂਆਂਕੋ ਛੁਡਾਵਤੇਹੈਂ । ਪ੍ਰਮਾਨ ਜਨਮ ਮਰਨ ਦੋਊ ਮੈਨਾਹੀ ਜਨ ਪਰਉਪਕਾਰੀਆਏ। ਜੀਅਦਾਨ ਦੇਹ ਭਗਤੀ ਲਾਇਨ ਹਰਿਸਿਉ ਲੈਨ ਮਿਲਾਇ। ਸੂਹੀ ਮਃ ੫ ।੨।੨੫੭। ਸੋਈ

**ਮੂਲ-ਯੱਕ ਨਫ਼ਸ ਬੇ ਯਾਦਿ ਓ ਨ ਗੁਜ਼ਾਸਤੰਦ ॥**
**ਖ਼ੁਸ਼ ਅਲਮਬਰ ਨੁਹ ਤਬਕ ਅਫ਼ਰਾਸਤੰਦ ॥**

ਟੀਕਾ - ਇਕ ਸੁਅਸਭੀ ਬਿਨਾ ਭਜਨ ਉਸਕੇ ਸ ਨਹੀ ਗੁਜਾਰਦੇ ਹੈਂ

Digitized by Panjab Digital Library | www.panjabdigilib.org

।੧। ਤਾਂਤੇ ਚੰਗਾ ਨੇਜਾ ਹੁਕਮ ਰੂਪੀ ਉਪ੍ਰ ਨੌਆਂ ਖੰਡਾ ਦੇ ਜੜਿਆਹੈ । ਭਾਵ ਐਸੇ ਸੰਤਾਂਦਾ ਹੁਕਮ ਸਭ ਸੰਸਾਰ ਮਾਨਤਾਹੈ ਜੇਨਾਮਨੈ ਓਹ ਸਜਾ ਪਾਂਵਦਾਹੈ ।੨।੨੫੮। ਪ੍ਰਸਨ ਜਬ ਐਸੇ ਅਮੋੜ ਹੁਕਮ ਵਾਲੇਹੈਂ ਬਾਹਿਰ ਇਹਿ ।ਕ੍ਰੋ ਪੂਰਬਕ ਸਭਨੂੰ ਦੁਖ ਦੇਂ ਦੇਹੋਨਗੇ। ਉਤ੍ਰ

**ਮੂਲ-ਖੈਰ ਖਾਹੇ ਜੁਮਲਹ ਪੈਦਾਯਸ਼ਅੰਦ ॥**

**ਜ਼ੇਬ ਬਖ਼ਸ਼ਹ ਈਂ ਹਮਹ ਅਰਾਯਸ਼ਅੰਦ ॥**

ਟੀਕਾ—ਭਲਾਕਰਨਾ ਚਾਹੁਦੇਹੈਂ ਸਮਗ੍ਰ ਸ੍ਰਿਸਟੀ ਕਾ ।੧। ਪੁਨਾ ਸੋਭਾ ਬਖਸਦੇਹੈਂ ਏਹੁਜੋ ਤਮਾਮ ਸੰਸਾਰ ਬਣਿਆਂ ਹੁਆਹੈ ਇਸਨੂੰ ।੨।੨੫੯।

**ਮੂਲ-ਨਾਮ ਹਕ ਮਰਦਾਨ ਹਕ ਰਾ ਜ਼ੇਵਰ ਅਸਤ ॥**

**ਜਿਸ਼ਮ ਸ਼ਾਂ ਅਜ਼ ਨੂਰ ਹਕ ਪੁਰ ਗੌਹਰ ਅਸਤ ॥**

ਟੀਕਾ— ਨਾਮ ਸਚੇਕਾ ਸਚੇ ਕੇ ਸੰਤਾ ਤਾਂਈ ਭੂਖਨ ਹੈ । ਭਾਵ ਸੰਤਾਂਨੇ ਭੂਖਨ ਜਾਣਿਆਹੈ ਅਰੁ ਨਾਮਸੰਤਾਕੋਂ ਸੋਭਨੀਕ ਕਰਦਾਹੈ ।੧। ਪੁਨਾ ਸ੍ਰੀਰ ਉਨਾਕਾ ਸਚੇਕੇ ਪ੍ਰਕਾਸ ਸੇ ਪੂਰਨ ਮੋਤੀ ਸਮ ਪ੍ਰਕਾਸਤਾ ਹੈ ।੨।੨੬੦।

**ਮੂਲ-ਹਰਫਿ ਸ਼ਾਂ ਤਾਲੀਮ ਉਮਰੇ ਜਾਵਿਦਾਂ ॥**

**ਯਾਦਿ ਹਕ ਦਾਰੰਦ ਦਾਯਮ ਬਰ ਜ਼ੁਬਾਂ ॥**

ਟੀਕਾ— ਬਚਨ ਉਨਾਂਕਾ ਹਮੇਸਾਂ ਅਵਸਥਾ ਨੂੰ ਸਿਖਿਆਦਾ ਹੈ ॥ ਇਸਤੇਜੋ ਭਗਤੀ ਵਾਹਿਗੁਰੂਦੀਰਖਦੇਹੈਂ ਹਮੇਸਾਂ ਉਪਰ ਹਸਨਾਂਦੇ। ।੨੬੧।

**ਮੂਲ-ਯਾਦ ਮੇਗੋਯੰਦ ਇਰਸ਼ਾਦ ਅਸਤ ਬਸ ॥**

**ਬਰ ਨ ਮੇਆਰੰਦ ਗੈਰ ਅਜ਼ ਹਕ ਨਫਸ ॥**

ਟੀਕ—ਪੁਨਾ ਭਜਨ ਕਰਨੇ ਦਾ ਓਹੁ ਸੰਤ ਕਹਤੇ ਹੈਂ ਹੁਕਮ ਬੌਤ ਅਗੇ ਜਗਜਾਸੂਆਂਨੂੰ ।੧। ਅਰੁ ਆਪ ਬਾਹਰ ਨਹੀ ਲਿਆਂਵਦੇ ਓਹੁ ਬਿਨਾਂ ਸਚੇ ਨਾਮ ਸੇ ਇਕ ਸੁਆਸਭੀ ।੨।੨੬੨।

**ਮੂਲ-ਈਂ ਹਮਹ ਮੁਸ਼ਤਾਕ ਦੀਦਾਰੇ ਖੁਦਾਸਤ ॥**

**ਬੋਸਤਾਨੇ ਦਹਿਰ ਗੁਲਜ਼ਾਰੇ ਖ਼ੁਦਾਸਤ ॥**

ਟੀਕਾ–ਤਾਂਤੇ ਦੇਖੀਏ ਏਹ ਤਮਾਮ ਸ੍ਰਿਤ ਮੋਹਤ ਹੂਏ ੨ ਹੈਂ ਵਾਹਿਗੁਰੂ ਕੇ ਦਰਸਨ ਊਪਰ।੧। ਬਾਗ ਸੰਸਾਰ ਰੂਪੀ ਖਿੜਿਆ ਹੂਆ ੨ ਹੈ ਵਾਹਿਗੁਰੂ ਸੇ ਏਹ ਜਾਣ ਕੇ ਪ੍ਰਸੰਨ ਹੋਤੇ ਹੈ ।੨।੨੬੩।

**ਮੂਲ–ਹਰਕਿ ਬਾ ਮਰਦਾਨ ਹਕ ਸ਼ੁਦ ਆਸ਼ਨਾ ॥**
**ਸਾਯਹੇ ਓ ਬਿਹਤਰ ਅਜ਼ ਬਾਲੇ ਹੁਮਾ ॥**

ਟੀਕਾ–ਸਿਧਾਂਤ ਜੋ ਕੋਈ ਸਚੇ ਕੇ ਮਿੱਤ੍ਰਾ ਸਾਥ ਹੂਆ ਹੈ ਪ੍ਰੇਮੀ ।੧ ਪ੍ਰਛਾਵਾਂ ਉਸ ਪ੍ਰੇਮੀ ਦਾ ਚੰਗਾ ਹੈ ਹੁਮਾਉ ਪੰਛੀ ਕੇ ਖੰਭ ਸੇ ਭੀ।੨।੨੬੪। ਪ੍ਰੋਉਪਕਾਰ ਦ੍ਰਿਸਟੀ ਕੋਲੋਂ ਕਰ ਦਿਆਲਤਾ ਸੇ ਜਗਾਸੂਆਂ ਕੋ ਰਸਤਾਂ ਪ੍ਰਾਪਤੀ ਕਾ ਕੈਹਦੇ ਹੈਂ

**ਮੂਲ–ਯਾਦਿ ਹਕ ਯਾਨੇ ਜ਼ਿ ਖ਼ੁਦ ਬੁਗੁਜ਼ਸਤਨ ਅਸਤ ॥**
**ਅਜ਼ ਖ਼ਿਆਲੇ ਗ਼ੈਰ ਹਕ ਵਾਰੁਸਤਨ ਅਸਤ ॥**

ਟੀਕਾ–ਯਾਦ ਗੀਰੀ ਸਚੇ ਦੀ ਜਾਣਦਾ ਹੈ ਜੋ ਕਿਆ ਹੈ ਉਤ੍ਰ ਆਪਨੇ ਆਪਸੇ ਜੋੜਾ ਲੰਘਣਾ ਹੈ। ਭਾਵ ਆਪਣੇ ਪਦਾਰਥਾਂ ਕਾ ਜੋੜਾ ਮੋਹਤਜਾਗਨਾ ਹੈ ਏਹੀ ਭਗਤੀ ਹੈ ।੧। ਪੁਨਾ ਹੋਰ ਧਿਆਨ ਵਲੋਂ ਬਿਨਾ ਸਚੇ ਸੇ ਜੋੜਾ ਛੁਟਣਾ ਹੈ ਏਹੀ ਭਗਤੀ ਹੈ ।੨।੨੬੫।

**ਮੂਲ–ਰਸਤਗੀ ਅਜ਼ ਖ਼ੁਸ਼ ਤਨ ਵਾਰੁਸਤਗੀਸਤ ॥**
**ਬਾ ਖ਼ੁਦਾਇ ਖ਼ੇਸ਼ ਤਨ ਦਿਲ ਬਸਤਗੀਸਤ ॥**

ਟੀਕਾ–ਪ੍ਰਸਨ ਛੁਟਣਾ ਜਾਣਦਾ ਹੈਂ ਜੋ ਕਿਆ ਹੈ ਉਤ੍ਰ ਆਪਣੇ ਤਨ ਸੇ ਜੋੜਾ ਛੁਟਣਾ ਹੈ ਏਹ ਛੁਟਣਾ ਜਾਣ। ਭਾਵ ਆਪਣੀ ਦੇਹ ਹੰਗਤਾ ਕਾ ਜੋੜਾ ਤਜਾਗਨਾ ਹੈ ਏਹੀ ਛੁਟਣਾ ਹੈ ਕਿਉਂ ਜੋ ਹੰਕਾਰ ਕੇ ਤਜਾਗਨੇ ਸੇ ਹਰੀ ਕੀ ਪ੍ਰਸੰਨਤਾ ਹੋਤੀ ਹੈ ਅਰੁ ਹਰੀ ਕੀ ਪ੍ਰਸੰਨਤਾ ਸੇ ਜਨਮ ਮਰਨ ਆਦੀ ਦੁਖਾਂ ਤੇ ਛੁਟਣਾ ਹੋਤਾ ਹੈ ।੧। ਪ੍ਰਸਨ ਜਬ ਤੁਕ ਕਿਸੇ ਵਸਤੂ ਸੇ ਦਿਲ ਨਾ ਬੰਨੀਏ ਕਿਆ ਪ੍ਰੇਮ ਕਰੀਏ ਨਾ ਤਬ ਤਕ ਓਹ ਵਸਤੂ ਪ੍ਰਾਪਤਿ ਨਹੀ ਹੋਤੀ ਤਾਂ ਤੇ ਸੋ ਬੰਨਣਾਂ ਕਹੀਏ ਜਿਸ ਕੇ ਬੰਨਣੇ ਸੇ ਸੁਖ ਪਰਾਪਤਿ ਹੋਵੈ ਉਤ੍ਰ ਸਾਥ ਵਾਹਿਗੁਰੂ ਕੇ ਆਪਣੇ ਤਨ ਨੂੰ ਅਰੁ ਦਿਲ ਨੂੰ ਜੋੜਾ ਬੰਨਣਾ ਹੈ ਏਹੀ ਸਚਾ ਬੰਨਣਾ ਹੈ ।੨।੨੬੬।

Digitized by Panjab Digital Library | www.panjabdigilib.org

(ਮੂਲ) ਹਰਕਸੇਕੋ ਬਾ ਖੁਦਾ ਦਿਲ ਬਸਤ ਅਸਤ ॥
ਓ ਜ਼ਿ ਚਰਖ਼ੇ ਨੁਹ ਤਬਕ ਬਰ ਜੁਸਤਹ ਅਸਤ ॥

(ਟੀਕਾ) ਤਾਂਤੇ ਹੇ ਭਾਈ ਜੋ ਜਿਸ ਕਿਸੀ ਨੇ ਸਾਥ ਵਾਹਿਗੁਰੂ ਦੇ ਦਿਲ ਨੂੰ ਬੰਨਿਆ ਹੈ। ੧। ਓਹ ਜਗਜਾਸੂ ਫਿਰਨੇ ਸੇ ਨਵਾਂ ਖੰਡਾ ਦੇ ਉਪਰ ਕੁਦਿਅ ਹੈ। ਭਾਵ ਸੰਸਾਰ ਮੇ ਪੁਨਾ ੨ ਜਨਮ ਮਰਨ ਵਲੋਂ ਰਹਿਤ ਹੂਆ ਹੈ। ੨। ੨੬੭। ਪ੍ਰਸ਼ਨ। ਜਿਸਸੇ ਦਿਲ ਬੰਨਣੇ ਕਰ ਐਸਾ ਫਲ ਹੋਤਾ ਹੈ ਤ ਉਸਸੇ ਦਿਲ ਬੰਨਣਾ ਕਿਸ ਰੀਤੀ ਸੇ ਹੋਤਾ ਹੈ ਸੋ ਕਹੀਏ ਉਤ੍ਰ।

(ਮੂਲ) ਸੁਹਬਤੇ ਦਿਲ ਬਸਤ ਗਾਂਨੇ ਬਾਖੁਦਾ ॥
ਕੈ ਮੁਯਸਰ ਆਯਦ ਤੁ ਈਂ ਕੀਮਿਆ ॥

(ਟੀਕਾ) ਸੰਗਤਿ ਸੰਤਾਂ ਕੀ ਦਿਲ ਕੋ ਬੰਨਣੇ ਵਾਲੀ ਹੈ ਸਾਥ ਵਾਹਿਗੁਰੂ ਕੇ। ੧। ਪਰੰਤੂ ਕਬ ਪ੍ਰਾਪਤਿ ਹੋ ਆਵੇਗੀ ਤੇਰੇ ਕੋ ਏਹ ਜੋ ਪਾਰਸ ਵਤ ਸੰਗਤਿ ਹੈ। ਭਾਵ ਏਹ ਜੋ ਮਨੁਖਾਜਨਮ ਛੂਟ ਗਿਆ ਤੋਂ ਤੂੰ ਚੌਰਾਸੀਦੇ ਫੇਰੇ ਮੇ ਪੜ ਜਾਂਇਗਾ ਤਾਂਤੇ ਕਬ ਫੇਰ ਮਨੁਖਾਜਨਮਦੀ ਵਾਰੀ ਆਵੇ ਅਰੁ ਤੂੰ ਜਨਮ ਪਾਕਰ ਫੇਰ ਸੰਗਤਿ ਮੇਂ ਪ੍ਰਾਪਤਿ ਹੋਵੈ ਕਿ ਨਾ ਹੋਵੇਂ ਕਿਆ ਜਾਣੀਏ ਤਾਂਤੇ ਅਬੀ ਸੰਗਤਿ ਕਰਕੇ ਛੁਟਜਾਹ ॥ ੨ ॥ ੨੬੮ ॥ ਸਿਧਾਂਤ

(ਮੂਲ) ਦੀਨ ਦੁਨੀਯਾਂ ਹਰਦੁ ਹੈਰਾਂ ਮਾਂਦਹ ਅੰਦ ॥
ਬਸ ਜ਼ਿ ਹੈਰਾਂਨੀ ਪਰੇਸ਼ਾਂ ਮਾਂਦਹ ਅੰਦ ॥

(ਟੀਕਾ) ਤਾਂਤੇ ਦੇਖ ਹੇ ਭਾਈ ਮਾਤਲੋਕ ਸੁਰਗ ਲੋਕ ਦੋਨੋਂ ਲੋਕਾਂਕੇ ਜੀਵ ਅਸਚਰਜ ਹੋਰਹੇ ਹੈਂ। ਭਾਵ ਸੰਤਾਂ ਤੇ ਭੁਲ ਰਹੇ ਹੈਂ। ੧। ਇਸ ਰੀਤ ਅਸਚਰਜਤਾਸੇ ਖਰਾਬ ਹੋ ਰਹੇਹੈਂ। ਭਾਵੇਹਜੋ ਐਸੇ ਕਹਤੇ ਹਂ ਕਿ ਏਹ ਸੰਤ ਕਿਆ ਕਰ ਰਹੇਹੈਂ ਪ੍ਰਤਾਪ ਸੰਤਾਂਕਾ ਸਹਾਰ ਨਹੀ ਸਕਤੇ ਇਸਕਰ ਦੁਖੀ ਹੋਤੇਹੈਂ। ੨। ੨੬੯।

(ਮੂਲ) ਹਰਕਿ ਰਾ ਈਂ ਆਰਜ਼ੂਏ ਪਾਕ ਹਸਤ ॥
ਕਾਮਲੇ ਓ ਸਾਹਿਬੇ ਇਦਰਾਕ ਹਸਤ ॥

(ਟੀਕਾ) ਭਾਂਤੇ ਜਿਸ ਕਿਸੀਕੇ ਤਾਂਈ ਏਹ ਇੱਛਿਆ ਪਵਿਤ੍ਰ ਸੰਗਤਿ ਪ੍ਰਾਪਤੀ ਕੀ ਹੋਤੀ ਹੈ । ੧ । ਓਹ ਪੂਰਨ ਬੁਧੀਕਾ ਮਾਲਕ ਹੋਤਾ ਹੈ । ੨ । ੨੭੦ ।

(ਮੂਲ) ਵਾਸਲਾਨੇ ਹਕ ਤੁਰਾ ਵਾਸਲ ਕੁਨੰਦ ॥
ਦਉਲਤੇ ਜਾਵੇਦ ਰਾ ਹਾਸਲ ਕੁਨੰਦ ॥

(ਟੀਕਾ) ਸਚਕੇ ਮਿਲਣਵਾਲੇ ਜੋ ਹੈ ਉਨਾਕੋ ਮਿਲ ਤੇਰੇ ਤਾਂਈ ਭੀ ਮਿਲਨ ਵਾਲਾ ਕਰਨਗੇ । ੧ । ਪੁਨਾ ਹਮੇਸ਼ਾਂਦੀ ਮਾਯਾਕੋ ਪ੍ਰਾਪਤਿ ਕਰਦੇ ਹੈਂ ਤੇਰੇਕੋ ਭੀ ਪ੍ਰਾਪਤਿ ਕਰਨਗੇ ਉਨਾਕੋ ਮਿਲ । ੨ । ੨੭੧ ।

(ਮੂਲ) ਦਉਲਤੇ ਜਾਵੇਦ ਪੇਸ਼ੇ ਆਰਫ਼ ਅਸਤ ॥
ਈਂ ਹਰਫ਼ ਮਸ਼ਹੂਰ ਬਸ ਮੁਤਆਰਫ਼ ਅਸਤ ॥

(ਟੀਕਾ) ਹਮੇਸ਼ ਰਹਿਣੇ ਵਾਲੀ ਮਾਯਾ ਭਜਨ ਪ੍ਰਾਪਤੀ ਗੁਣਾ ਰੂਪੀ ਪਾਸ ਗਜਾਨਵਾਨਾਂ ਕੇ ਹੈ ਪ੍ਰਤੱਖ । ੧ । ਏਹ ਮਾਯਾ ਵਾਲਾ ਬਚਨ ਬੋਤ ਮਸ਼ਹੂਰ ਹੈ ਅਰੁ ਪ੍ਰਤੱਖ ਹੈ । ੨ । ੨੭੨ ।

(ਮੂਲ) ਆਰਫ਼ਾਨੇ ਕਾਮਲਾਨੇ ਵਾਸਲਾਂ ॥
ਨਾਮ ਓ ਦਾਰੰਦ ਦਾਯਮ ਬਰ ਜ਼ੁਬਾਂ ॥

(ਟੀਕਾ) ਓਹ ਗਜਾਨਵਾਨ ਕਾਮਲ ਹੈਂ ਇਸ ਤੇ ਜੋ ਹਰੀ ਸੇ ਮਿਲਨੇ ਵਾਲੇ ਤੇ ਮਿਲਾਵਣੇ ਵਾਲੇ ਹੈਂ । ੧ । ਪੁਨਾ ਨਾਮ ਵਾਹਿਗੁਰੂ ਦਾ ਓਹੁ ਰਖਦੇ ਹੈਂ ਹਮੇਸ਼ਾਂ ਉਪਰ ਰਸਨਾ ਦੇ । ਭਾਵ ਆਪ ਤੇ ਜਪਦੇ ਹੈਂ ਨਾਮ ਤੇ ਹੋਰਾਂ ਨੂੰ ਜਪਾਂਵਦੇ ਹੈਂ ਏਹ ਦੌਲਤ ਹੈ ਤਿਨਾਂ ਪਾਸ । ੨ । ੨੭੩ ।

(ਮੂਲ) ਬੰਦਗੀਏ ਸ਼ਾਂ ਬਵੱਦ ਜ਼ਿਕਰੇ ਖ਼ੁਦਾ ॥
ਦਉਲਤੇ ਜਾਵੇਦ ਬਾਸ਼ਦ ਹਕ ਨੁਮਾ ॥

(ਟੀਕਾ) ਪੁਨਾ ਤਾਂਤੇ ਐ ਪਯਾਰੇ ਭਗਤੀ ਉਨਾਂਦੀ ਏਹ ਹੈ ਜੋ ਵਾਹਿਗੁਰੂ ਦਾ ਭਜਨ ਕਰਨਾ । ੧ । ਪੁਨਾ ਮਾਯਾ ਹਮੇਸ਼ਾਂਦੀ ਏਹੁ ਭਜਨ ਕਰਨਾ ਰੂਪੀ ਸਚੇ ਕੇ ਦਿਖਲਾਵਣ ਵਾਲੀ ਹੈ । ੨ । ੨੭੪ ।

(ਮੂਲ) ਚੂੰ ਨੁਮਾਇਦ ਦਉਲਤੇ ਜਾਵੇਦ ਰੋ ॥

Digitized by Panjab Digital Library | www.panjabdigilib.org

**ਤੋ ਜ਼ਿ ਹਕ ਬਾਸ਼ੀ ਵ) ਹਕ ਬਾਸ਼ਦ ਜ਼ਿਤੋ ॥**

(ਟੀਕਾ) ਜਬ ਦਿਖਲਾਵੈ ਮਾਯਾ ਹਮੇਸ਼ਾਂਦੀ ਮੁਖ। ਭਾਵ ਸਬ ਭਜਨ ਕੇਵਲ ਦ੍ਰਿੜ ਹੋ ਜਾਵੈ ਤੇਰੇ ਕੋ। ੧। ਫਿਰ ਤੂੰ ਸਬੈ ਸੇ ਹੋ ਵੈਂ ਅਭੇਦ ਅਰੁ ਸਚਾ ਤੇਰੇ ਸੇ ਹੋਵੈ ਅਭੇਦ। ਪ੍ਰਮਾਨ ਜਿਉਂ ਜਲ ਮੈ ਜਲ ਆਇ ਖਟਾਨਾ। ਤਿਉਂ ਜੋਤੀ ਸੰਗ ਜੋਤਿ ਸਮਾਨਾ। (ਸੁਖਮਨੀ ਸਲੋਕ) ਭਾਵ ਸਰੀਰ ਦੇ ਅੰਤ ਨੂੰ ਲੀਨ ਤੇ ਸਰੀਰ ਹੋਂਦਿਆਂ ੨ ਤੇਰੇ ਕੋ ਸਾਖਸ਼ਾਤ ਹੋਵੈ। ੨। ੨੭੫॥

**(ਮੂਲ) ਦਰ ਦਿਲ ਤੋ ਗਰ ਹਕ ਪਰਤੋ ਬਰ ਫ਼ਿਕੰਦ॥**
**ਖ਼ਾਰ ਹਿਜਰ ਤੁਰਾ ਜ਼ਿ ਪਾਇ ਦਿਲ ਬਿਕੰਦ॥**

[ਟੀਕਾ] ਪੁਨਾ ਓਹੀ ਅੰਦਰ ਦਿਲ ਤੇਰੇ ਦੇ ਜਬ ਸਦਨੇ ਪ੍ਰਕਾਸ ਸੁਸਟ ਡਾਲਿਆ। ਭਾਵ ਆਪਣੇ ਆਪਦਾ ਗਿਆਨ ਦੀਆ ਸਾਖਸ਼ਾਤ ਹੂਆ।੧। ਕੰਡਾ ਵਿਛੋੜੇ ਤੇਰੇ ਦਾ ਦਿਲਰੂਪੀ ਪੈਰਾਂ ਸੇ ਕਢਿਆ। ਭਾਵ ਵਿਛੋੜਾ ਜਨਮਾਂ ੨ ਦਾ ਦੂਰ ਹੋਗਾ। ੨। ੨੭੬।

**(ਮੂਲ) ਖ਼ਾਰ ਹਿਜਰ ਅਜ਼ ਪਾਇ ਦਿਲ ਚੂੰ ਦੂਰ ਸ਼ੁਦ॥**
**ਖ਼ਾਨਹ ਦਿਲ ਅਜ਼ ਖ਼ੁਦਾ ਮਾਮੂਰ ਸ਼ੁਦ॥**

(ਟੀਕਾ) ਪੁਨਾ ਕੰਡਾ ਵਿਛੋੜੇਦਾ ਦਿਲਰੂਪ ਪੈਰਾਂ ਸੇ ਜਬ ਦੂਰ ਹੂਆ। ਭਾਵ ਜਬ ਭਰਮ ਜਨਮਾਂਦਾ ਜਮਾਦਾ ਦੂਰ ਭਯਾ। ੧। ਤਬ ਦਿਲ ਰੂਪੀ ਘਰ ਵਾਹਿਗੁਰੂ ਸੇ ਲਬਾਲਬ ਹੂਆ ਜਾਣ॥੨।੨੭੭।

**(ਮੂਲ) ਹਮ ਚੂ ਕਤਰਹ ਕੋ ਬਾ ਦਰੀਯਾ ਦਰ ਫ਼ਿਤਾਦ॥**
**ਊਨ ਦਰੀਆ ਗਸ਼ਤ ਵਸਲ ਸ ਦਸਤ ਦਾਦ॥**

(ਟੀਕਾ) ਪੁਨਾ ਨਿਸਚਤ ਮਾਨਿੰਦ ਦਰੀਆ ਕੀ ਬੂੰਦ ਦੇ ਜੋ ਜਗਜਾਸੂ ਕਾ ਰਿਦਾ ਬੀਚ ਹਰੀ ਰੂਪੀ ਦਰੀਆ ਦੇ ਪੜਿਆਂ। ਭਾਵ ਜਬ ਰਿਦਾ ਤਦਾਕਾਰ ਹੂਆ ਨਾਮ ਮੈ। ੧। ਤਬ ਜਿਉ ਕਾ ਤਿਉ ਦਰੀਆ ਰੂਪ ਹੂਆ ਮਿਲਾਪ ਉਸ ਕੇ ਨੇ ਹਥ ਦਿਤਾ। ਭਾਵ ਸਾਖਸ਼ਾਤ ਹੋਯਾ।੨।੨੭੮।

**(ਮੂਲ) ਕਤਰਹੇ ਚੂੰ ਸ਼ੁਦ ਬਾ ਦਰੀਯਾ ਆਸ਼ਨਾ॥**

Digitized by Panjab Digital Library | www.panjabdigilib.org

## ਬਾਦ ਅਜ਼ਾਂ ਤਫਰੀਕ ਨਾਤਵਾਂ ਸੁਦ ਜਿਜ਼ਾਂ ॥

[ਟੀਕਾ] ਰਿਦਾ ਜਬ ਹੋਗਿਆ ਸਾਥ ਦਰੀਯਾਰੂਪ ਵਾਹਿਗੁਰੂ ਦੇ ਅਸਲੀ ਪ੍ਰੇਮੀ ।੧। ਇਸ ਅਸੂਲੀ ਪ੍ਰੇਮ ਹੋਣੇਤੇ ਫਿਰ ਨਿਆਰਾ ਨਹੀ ਹੋ ਸਕਦਾ ਉਸਸੇ । ੨ ੨੮੯

## (ਮੂਲ) ਕਤਰਹੇ ਚੂੰ ਜਾਨਬੇ ਦਰੀਯਾ ਸਿਤਾਫਤ ॥

## ਅਜ਼ ਰਹੇ ਤਫਰੀਕ ਖੁਦਰਾ ਕਤਰਹਯਾਫਤ ॥

[ਟੀਕਾ] ਰਿਦਾਰੂਪੀ ਤਰੰਗ ਜਬ ਹਰੀਰੂਪੀ ਦਰੀਆਕੀ ਤਰਫ ਦੌੜਿਆ ਭਾਵ ਜਗਾਸੂਕਾ ਰਿਦਾ ਜਬ ਸਾਧਨਾਮੇ ਅਭਯਾਸਮੈ ਲਗਾ ।੧। ਤਬ ਸੰਸਾਰ ਵਲੋਂ ਰਸਤੇ ਜੁਦਾਈਕੇ ਜਾਣੇਸੇ ਆਪਣੇਆਪ ਤਾਂਈ ਜੀਵਨੇ ਪਾਯਾ।੨।੨੯੦।

## (ਮੂਲ) ਕਤਰਹ ਰਾ ਈਂ ਦਉਲਤੇ ਚੂੰ ਦਸਤ ਦਾਦ ॥

## ਕਤਰਹ ਸੁਦ ਅੰਦਰ ਹਕੀਕਤ ਬਾਮੁਰਾਦ ॥

(ਟੀਕਾ) ਜਗਿਆਸੂਕੇ ਰਿਦੇਤਾਂਈ ਇਸ ਭਗਤੀ ਅਰੁ ਸੰਗਤਰੂਪੀ ਮਾਯਾਨੇ ਜਬ ਹਥ ਦਿਤਾ ਭਾਵ ਜਬਦ੍ਰਿੜ ਹੋਗਈ ਭਗਤੀ ।੧। ਤਬ ਜਗਾਸੂ ਹੂਆ ਰਿਦੇ ਅੰਦਰ ਸਾਥ ਮੁਰਾਦਾਂਦੇ) ਭਾਵ ਰਿਦੇਦੀਆਂ ਮੁਰਾਦਾਂ ਪੂਰੀਆਂ ਹੋਈਆਂ ।੨ ।੨੯੧। ਪ੍ਰਸਨ ਐਸੇ ਪ੍ਰਾਪਤ ਵਾਲੇਸੰਤ ਜਗਜਾਸੂ ਜਬਆਪਸਮੈ ਮਿਲਕੈ ਬੈਠਤੇਹੈ ਤਬ ਓਹ ਆਪਣੀ ਸਾਧਨਾਕਾਲਦਾਹਾਲ ਅਰੁ ਫਲਦੀ ਪ੍ਰਾਪਤੀਦਾਹਾਲਭੀਕਭੀਕੁਛ ਕਹਤੇਹੈਂਤਾਂਤੇ ਜੋਕਹਤੇਹੈਂ ਸੋਆਪਕਹੀਏਜੀ ਉਤ੍ਰ

## (ਮੂਲ) ਗੁਫਤੇਮਨ ਯਕ ਕਤਰਹ ਆਬ ਬੂਦਹਅਮ ॥

## ਪ੍ਰਹਿਨ ਦਰੀਯਾ ਰਾ ਚੁਨਾ ਪੈਮੂਦਹਅਮ ॥

[ਟੀਕਾ] ਪ੍ਰਾਪਤੀਵਾਲੇ ਸੰਤ ਜਗਜਾਸੂਐਸੇਕਹਤੇਹੈਂ ਜੋ ਹੇਭਾਈਓ ਦੇਖੀਏ ਮੈ ਇਕ ਬੂੰਦ ਜਲਦੀ ਥਾ ।੧। ਅਬ ਪਾੜੇ ਦਰੀਯਾਕੇ ਤਾਂਈ ਐਸੇਹੀ ਮਿਣ ਲਿਆਹੈ । ਭਾਵ ਸੰਤਾਂਤੇਗੁਰਾਂਦੀ ਦਯਾਤੇ ਸੰਸਾਰਦਾ ਤੇ ਬ੍ਰਹਮਦਾ ਭੇਦਜਾਣ ਲਿਆਹੈ ਕੇ ਸੰਸਾਰ ਬ੍ਰਹਮ ਰੂਪਹੈ ਅਥਵਾ ਬ੍ਰਹਮ ਸਤਰੂਪਹੈ ਅਰੁ ਜਗਤ ਮਥਯਾਰੂਪਹੈ ।੨।੨੯੨।

Digitized by Panjab Digital Library | www.panjabdigilib.org

(ਮੂਲ) ਗਰ ਮਰਾ ਦਰੀਯਾ ਜ਼ਿ ਰਾਹੇ ਲੁਤਫ ਖ਼ੇਸ਼ ॥
ਵਾਸਲੇ ਖ਼ੁਦ ਕਰਦ ਅਜ਼ ਅੰਦਾਜ਼ਹ ਬੇਸ਼ ॥

(ਟੀਕਾ) ਜਬ ਮੇਰੇਤਾਂਈ ਦਰੀਯਾਰੂਪ ਬ੍ਰਹਮਨੇ ਰਸਤਾ ਮਿਲਨੇ ਦਾ ਕ੍ਰਿਪਾ ਆਪਣੀ ਸੇ ਦਿਖਾਯਾ । ਭਾਵ ਸਤਸੰਗ ਪ੍ਰਾਪਤਕੀਤਾ । ੧ । ਤਬ ਆਪਣੇ ਸਾਥ ਮਿਲਨੇ ਵਾਲਾ ਕੀਤਾ ਤਿਸਕਰ ਅੰਦਾਜ਼ੇਸੇ ਬੇਅੰਦਾਜ਼ਾ ਕੀਤਾ । ਭਾਵ ਆਪਣਾਰੂਪ ਕਰਲੀਆ । ੨ । ੨੯੩ ।

(ਮੂਲ) ਹਮ ਚੁ ਮਉਜ ਅਜ਼ ਪਹਿਨ ਦਰੀਯਾ ਰੁਨਮੂਦ ॥
ਮਉਜ ਗਸ਼ਤੇ ਕਰਦ ਦਰੀਯਾ ਰਾ ਸਜੂਦ ॥

(ਟੀਕਾ) ਪੁਨਾ ਜਬ ਲਹਰਨੇ ਪਾੜੇ ਸੇ ਦਰੀਯਾਕਾ ਮੁਖ ਦੇਖਣਾ ਵਾ ਲਹਰਨੂੰ ਪਾੜੇਸੇ ਦਰੀਯਾਨੇ ਮੁਖ ਦਿਖਾਯਾ । ੧ । ਤਬ ਲਹਰ ਕਰਦੀ ਹੋਈ ਦਰਯਾਕੇਤਾਂਈ ਨਿਮਸਕਾਰ ਭਾਵ ਸਬਜੀਵਕੋ ਸਾਖਸ਼ਾਤਕਾਰ ਬ੍ਰਹਮਹੂਆ ਤਬ ਦੇਖਕੇ ਸਾਮਨੇ ਬ੍ਰਹਮਕੋ ਜੀਵਨਿਮ੍ਰਤਾਸੇ ਨਿਮਸਕਾਰ ਕਰਦਾ ਭੂਯਾ । ੨ । ੨੯੪ ।

(ਮੂਲ) ਹਮ ਚੁਨਾ ਹਰ ਬੰਦਹੇ ਕੋ ਵਾਸਲ ਅਸਤ ॥
ਦਰ ਤਰੀਕੇ ਬੰਦਗੀ ਬਸ ਕਾਮਿਲ ਅਸਤ ॥

(ਟੀਕਾ) ਭੀ ਐਸੇਹੀ ਹਰਇਕ ਬੰਦਿਆਂਸੇ ਜੋ ਮਿਲਨੇਵਾਲੇ ਹੂਏ ਹੈਂ । ੧ । ਓਹੁ ਬੀਚ ਰਸਤੇ ਭਗਤੀਕੇ ਬਹੁਤਹੀ ਪੂਰਨ ਹੂਏ ਹੈਂ । ੨ । ੨੯੫ । ਪ੍ਰਸਨ ਆਪਨੇ ਜੀਵਦਾ ਈਸ਼੍ਵਰਸੇ ਮਿਲਨਾ ਕਹਣਾ ਹੈ ਸੋ ਮਿਲਨਾ ਭਿੰਨ ੨ ਵਸਤੂਦਾ ਹੋਂਦਾ ਹੈ ਅਰੁ ਜੀਵਤੇ ਈਸੁ ਵਾਸਤਵਤੇ ਇਕ ਕਹਿੰਦੇ ਹੈਂ ਫੇਰ ਭੇਦਕੈਸੇ ਜਾਨੀਏ ਉਤ੍ਰ

(ਮੂਲ) ਮਉਜ ਦਰੀਯਾ ਗਰ ਚਿ ਦਰ ਮਾਯਨੀ ਯਕੇ ਅਸਤ ॥
ਬਾਜ਼ਿ ਅੰਦਰ ਈਂ ਦੁਆਂ ਫਰਕੇ ਬਸੇ ਅਸਤ ॥

[ਟੀਕਾ] ਲਹਰ ਅਰੁ ਦਰੀਯਾ ਯਦਪਿ ਬੀਚ ਅਰਥਦੇ ਜਲ ੨ ਭਾਵਸੇ ਇਕੋ ਹੀ ਹੈਂ । ੧ । ਫਿਰਭੀ ਬੀਚ ਇਸ ਲਹਰਦੇ ਅਰ ਉਸ ਦਰੀਯਾਦੇ ਭੇਦ ਬਹੁਤ ਹੈ ਭਾਵ ਹੈ ਜੋ ਲਹਰ ਛੁਟੀ ਹੈ ਅਰੁ ਲਹਰਦਾ ਅੰਤ ਜਾਨਾ ਜਾਤਾ ਹੈ ਤੇ ਲਹਰਦੇ ਆਸਰੇ ਵਾਲੇ ਜੰਤੂ ਫੜੇ ਜਾਤੇ ਹੈਂ ਸੀਘ੍ਰਤੇ ਉਨਾਕਾ ਬਚਨਾ ਨਹੀ ਹੋਸਕਤਾ ਅਰੁ ਦਰੀਯਾਕਾ ਅੰਤ ਨਹੀ ਜਾਨਾ ਜਾਤਾ ਤੇ ਦਰੀਯਾਕੇ ਜੰਤੂ ਫੜਨੇ ਭੀ ਔਖੇ ਹੋਤੇ ਹੈਂ

Digitized by Panjab Digital Library | www.panjabdigilib.org

। ਓਹੀ ਫੜਿਆ ਜਾਤਾਹੈ ਜੋ ਲੋਭਸੇ ਬਾਹਰ ਆਜਾਵੈ ਐਵੇਨਹੀ ਫੜਿਆਜਾਤਾ ਜੋਬੀਚਹੀਰਹੇਹੈਂਰਉਨਾਜੰਤੂਆਂਕੋਕੋਈਭੈ ਨਹੀਐਸੇਹੀਦ੍ਰਸ਼ਾਂਤਮੈਯਦਪਅਸਅੰਸ਼ੀ ਭਾਵਸੇ ਇਕੋਹੈਂ ਪਰੰਤੂ ਸਰਬਗਤਾਆਦੀ ਤੇ ਅਲਪਗਤਾਆਦੀ ਬੌਤ ਭੇਦਹੈ ਕ੍ਯੋਂਕੇ ਜੀਵ ਅਲਪਗ ਤੇ ਬਾਹਾਵਾਲਾਹੈ ਇਸਤੇ ਜੀਵਦੇਆਸਰੇ ਵਾਲਾ ਬਰਨਹੀ ਸਕਤਾਅਰੁਪ੍ਰਮੇਸਰਸਰਬਗਹੈ ਉਸਕੇ ਆਸਰੇ ਵਾਲਾ ਚੌਰਾਸੀ ਮੈ ਨਹੀਜਾਤਾ ਇਤਨਾਭੇਦ ਹੈ। ੨ । ੨੯੬। ਪ੍ਰਸ਼ਨ ਆਪਦੇਕਹੇ ਅਨਸਾਰ ਸੰਤ ਪ੍ਰਮੇਸਰ ਇਕ ਰੂਪ ਹੈ ਪਰੰਤੂ ਸੰਤ ਪ੍ਰਮੇਸਰਰੂਪਹੋਨੇਤੇ ਫੇਰ ਆਪ ਕੋ ਕਿਆ ਜਨਾਵਤੇਹੈਂ ਉਤ੍ਰ ਯਦਪ ਸੰਤਜਨ ਭਜਨ ਕਰਨੇਵਾਲੇ ਪ੍ਰਮੇਸਰ ਰੂਪ ਹੈਂ ਤੌ ਭੀ ਆਪਨਾਆਪ ਨਹੀ ਜਨਾਵਤੇ ਉਨਕਾ ਜੋ ਨਿਸਚਾ ਹੋਤਾਹੈ ਸੋ ਕਹਤੇ ਹੈਂ।

(ਮੂਲ) ਮਨ ਯਕੇ ਮਉਜੇ ਤੂ ਬਹਿਰੇ ਬੇਕਿਰਾਂ ॥
ਫ਼ਰਕ ਬਾਸ਼ਦ ਅਜ਼ ਜ਼ਿਮੀਨੋ ਆਸਮਾਂ ॥

(ਟੀਕਾ) ਸੰਤ ਸਦਾ ਐਸੇ ਕਹਤੇ ਹੈਂ। ਹੇ ਵਾਹਿਗੁਰੂ ਹਮਤੋ ਇਕ ਲਹਰਦੇ ਮਾਨਿੰਦ ਤੁਛਹੈਂ ਅਰੁ ਤੂੰ ਦਰੀਆ ਬਿਨਾਕਨਾਰੇਤੇਹੈਂ (ਭਾਵ) ਬੇ ਅੰਤ ਹੈ ਤੂੰ ॥੧। ਜੀਵਕੋ ਪ੍ਰਮੇਸਰਰੂਪ ਹੋਨੇ ਮੈ ਬੌਤ ਭੇਦ ਹੈ ਪਾੜਾਹੈ ਕਿਤਨਾਕ ਜਿਤਨਾ ਧਰਤੀਸੇ ਆਕਾਸਦਾਹੈ। ੨ ।੨੯੭।

(ਮੂਲ) ਮਨ ਨਿਯਮ ਈਂ ਜੁਮਲਹ ਅਜ਼ ਇਲਤਾਫ਼ਤੋ ॥
ਮਨ ਯਕੇ ਮਉਜਮ ਜ਼ਿ ਤਬਏ ਸਾਫ਼ੇਤੋ ॥

(ਟੀਕਾ) ਪੁਨਾ ਹੇ ਵਾਹਿਗੁਰੂ ਮੈ ਕੁਛ ਨਹੀਹਾਂ ਏਹ ਤਮਾਮ ਗੁਣ ਵਡਿਆਈ ਅੰਦਰ ਹੋਣੀ ਕ੍ਰਿਪਾ ਤੇਰੀ ਸੇ ਹੈ। ਪ੍ਰਮਾਨ ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਮ ਨ ਜਾਣੈ ਮੇਰਾ (ਮਹਲਾ੫)। ੧ । ਪੁਨਾ ਹੇ ਵਾਹਿਗੁਰੂ ਮੈ ਇਕ ਲਹਰ ਉਤਪਤਿ ਹੂਆ, ਹਾਂ ਤੇਰੇ ਸੁਧਸੁ ਭਾਵ ਕਿਆ ਸੰਕਲਪ ਸੇ। ੨ । ੨੯੮॥

(ਮੂਲ) ਬਾ ਬਜ਼ੁਰਗਾਂ ਸੁਹਬਤੇ ਮੇਬਾਯਦਤ ॥
ਅਜ਼ ਹਮਹ ਅਵੱਲ ਹਮੀ ਮੇਸ਼ਾਇਦਤ ॥

(ਟੀਕਾ) ਐਸੇਨਿਸਚੇ ਵਾਲੇਅਰੁ ਨਿੰਮਰਤਾਵਾਲੇ ਜੋ ਹੈਸਾਧ ਉਨਾਂ ਸੰਤਾਂ

Digitized by Panjab Digital Library | www.panjabdigilib.org

ਦੇ ਸੰਗਤਿ ਕਰਨੀ ਚਾਹੀ ਦੀ ਹੈ।੧। ਜਾਂਤੇ ਤਮਾਮ ਸਾਧਨਾ ਸੇ ਪਹਲਾਂ ਭੀ ਸੰਗਤਿ ਕਰਨੀ ਚਾਹੀਦੀ ਹੈ।੨।੨੮੯।

(ਮੂਲ) ਕਾਦਰੇ ਮੁਤਲਕ ਬਕੁਦਰਤਿ ਜ਼ਾਹਰ ਅਸਤ ॥
ਦਰਮਿਆਨੇ ਕੁਦਰਤੇ ਖ਼ੁਦ ਕਾਦਰ ਅਸਤ ॥

(ਟੀਕਾ) ਪੁਨਾ ਸੰਤ ਐਸੇ ਉਪਦੇਸ ਕਰਤੇ ਹੈਂ ਜੋ ਹੇ ਭਾਈ ਸਮ੍ਰਥ ਅਦੁਤੀ ਵਾਹਿਗੁਰੂ ਜੋ ਹੈ ਓਹੁ ਬੀਚ ਮਾਯਕ ਸੰਸਾਰ ਦੇ ਪ੍ਰਗਟ ਹੈ।੧। ਪੁਨਾ ਬੀਚ ਮਾਯਕ ਸਰੀਰਾਂ ਦੇ ਓਹੁ ਆਪ ਵਾਹਿਗੁਰੂ ਸਮਰਥ ਹੈ। ਭਾਵ ਸਭ ਮੈ ਪੂਰਨ ਹੈ।੨।੨੯੦।

(ਮੂਲ) ਕਾਦਰੋ ਕੁਦਰਤਿ ਬਹਮ ਆਮੇਖਤੰਦ ॥
ਆਂ ਮਤਾਇ ਗ਼ੈਰ ਹਕ ਰਾ ਰੇਖਤੰਦ ॥

(ਟੀਕਾ) ਪੁਨਾ ਹੇ ਭਾਈ ਪ੍ਰਮੇਸਰ ਅਰੁ ਮਾਯਾ ਆਪਸ ਬੀਚ ਮਿਲੇ ਹੂਏ ਹੈਂ। ਭਾਵ ਦ੍ਰਿਸਟਮਾਨ ਆਕਾਰ ਮਾਯਾ ਹੈ ਅਰੁ ਚਿਤੰਨਤਾ ਚੇਤਨ ਕੀ ਹੈ।੧। ਜਾਂਤੇ ਓਹੁ ਸੰਤ ਜਨ ਬਿਨਾ ਉਸ ਸਦੇਸੇ ਮਾਯਾ ਤਾਂਈ ਡੋਲਤੇ ਹੈ। ਭਾਵ ਮਾਯਾ ਭਾਗਕੋ ਤਿਆਗਤੇ ਹੈਂ ਜੜਰੂਪ ਜਾਨਕੈ ਅਰੁ ਚੇਤਨਕੋ ਗ੍ਰਹਣ ਕਰਤੇ ਹੈ ਚਿਤੰਨਰੂਪ ਤੇ ਸਤਰੂਪ ਜਾਨਕੈ ਪੁਨਾ ਚੇਤਨ ਕਰ ਮਾਯਾ ਚੇਸਟਾ ਕਰਤੀ ਹੈ ਅਰੁ ਚੇਤਨ ਬਿਨਾ ਆਪਣੇ ਆਪ ਜੜ ਹੈ ਕੁਛ ਨਹੀ ਕਰ ਸਕਤੀ ਇਸ ਰੀਤੀ ਕਰ ਗ੍ਰਹਣ ਤਿਆਗ ਕਰਤੇ ਹੈ।੨।੨੯੧।

(ਮੂਲ) ਪਸ ਤੁਰਾ ਹਮ ਬਾਯਦ ਏ ਯਾਰੇ ਅਜ਼ੀਜ਼ ॥
ਹਕ ਕੁਦਾਮੇ ਤੋ ਕੁਦਾਮੀ ਕੁਨ ਤਮੀਜ਼ ॥

[ਟੀਕਾ] ਐਸੇ ਨਿਰਨਾ ਕਰਕੈ ਗ੍ਰਹਣ ਤਿਆਗ ਵਾਲੇ ਜੋ ਸੰਤ ਹੈਂ ਉਨਾ ਕੇ ਪਾਸ ਜਾਕਰ। ਫੇਰ ਭੀ ਤੇਰੇ ਤਾਂਈ ਚਾਹੀਦਾ ਹੈ ਐ ਮਿਤ੍ਰ ਪਿਆਰੇ ਜੋ ਉਨਾ ਕੇ ਬਚਨ ਸੁਣੈ।੧। ਓਹ ਸੰਤ ਕਿਆ ਉਪਦੇਸ ਕਰਤੇ ਹੈਂ ਜੋ ਹੇ ਭਾਈ ਸਚੁ ਕਵਨ ਵਸਤੂ ਹੈ ਅਰੁ ਤੂੰ ਕਿਆ ਵਸਤੂ ਹੈਂ ਕਰ ਖਾਂ ਬੀਚਾਰ (ਭਾਵ) ਜਬ ਬੀਚਾਰ ਕੀਆ ਤਾ ਮਿਲਨੇ ਕਾ ਸੌਕ ਹੂਆ ਫਿਰ ਸੌਕ ਸੇ ਜਬ ਦਿਨੋ ਦਿਨ ਸੰਗਤਿ ਕਰਨੇ ਲਗਾ ਅਰੁ ਪੂਛਨੇ ਲਗਾ ਜੀ ਉਸ ਸਚੇ ਸੇ ਮਿਲਨਾ

Digitized by Panjab Digital Library | www.panjabdigilib.org

ਕੈਸੇ ਹੋਤ ਹੈ ਤੁਬਸਨ ਕੈ ਸੰਤ ਕਹਤੇ ਹੈਂ । ੨ । ੨੯੨ ॥

(ਮੂਲ) ਗਰ ਤੂ ਵਾਸਲ ਗਸਤਹੇ ਦਰ ਜਾਤਿ ਓ ॥

ਗੈਰ ਹਰਫੇ ਬੰਦਗੀ ਦੀਗਰ ਮਗੋ ॥

[ਟੀਕਾ] ਹੇ ਭਾਈ ਜੇ ਕਰ ਤੂੰ ਮਿਲਨੇ ਵਾਲਾ ਹੂਆ ਹੈਂ ਅੰਦਰ ਸਰੂਪ ਉਸਕੇ ਕੇ । ੧ । ਤੋ ਬਿਨਾ ਅਖਰ ਭਗਤੀ ਦੇ ਦੂਸਰਾ ਅਖਰ ਮਤਪੜ । ਭਾਵ ਭਗਤੀ ਬਿਨਾ ਹੋਰ ਕਰਮ ਨਾ ਕਰ । ੨ । ੨੯੩ ।

(ਮੂਲ) ਈਂ ਹਮਹ ਅਜ਼ ਦਉਲਤੇ ਈਂ ਬੰਦਗੀਸਤ ॥

ਜ਼ਿੰਦਗੀ ਬੇ ਬੰਦਗੀ ਸ਼ਰਮਿੰਦਗੀਸਤ ॥

[ਟੀਕਾ] ਤਾਂਤੇ ਦੇਖੀਏ ਹੇ ਭਾਈ ਏਹ ਤਮਾਮ ਜੋ ਮਾਯਾ ਹੈ ਪ੍ਰਤਖ ਅਰੁ ਦੈਵੀ ਸੰਪਤੀ ਰੂਪੀ ਏਹ ਸਭ ਭਗਤੀ ਸੇਹੀ ਪ੍ਰਾਪਤ ਹੋਤੀ ਹੈ । ੧ । ਅਰੁ ਜੀਵਣਾ ਬਿਨਾ ਭਗਤੀ ਤੇ ਖਰਾਬੀ ਹੈ ਸਾਰੀ ਉਮ੍ਰ ਲੋਕ ਪਰਲੋਕ ਮੈ । ੨ । ੨੯੪ ॥

(ਮੂਲ) ਹਕ ਤਆਲਾ ਬੰਦਗੀ ਫਰਮੂਦਹ ਅਸਤ ॥

ਹਰਕਸੇ ਦਰ ਬੰਦਗੀ ਆਸੂਦਹ ਅਸਤ ॥

[ਟੀਕਾ] ਕਿਉਂਜੋ ਸਚੇ ਵਾਹਿਗੁਰੂ ਨੇ ਭਗਤੀ ਕਰਨੀ ਫੁਰਮਾਈ ਹੈ । ੧ । ਜੋ ਕੋਈ ਬੀਚ ਭਗਤੀ ਦੇ ਹੈ ਉਸਨੂ ਖੁਸੀ ਪ੍ਰਸੰਨ ਤਾ ਹੋਤੀ ਹੈ । ੨ । ੨੯੫ ।

(ਮੂਲ) ਚੂੰ ਅਨਲ ਹਕ ਬਰ ਜ਼ੁਬਾਂ ਇਜ਼ਹਾਰ ਕਰਦ ॥

ਸ਼ਰੈਈਂ ਮਨਸੂਰ ਰਾ ਬਰ ਦਾਰ ਕਰਦ ॥

[ਟੀਕਾ] ਦੇਖੀਏ ਭਗਤੀ ਤੇ ਬਿਨਾ ਜਬ ਮਨਸੂਰਨੇ ਮੈ ਸਚਾ ਪ੍ਰਮੇਸਰ ਹਾਂ ਰੂਪ ਰਸਨਾ ਦੇ ਪ੍ਰਗਟ ਕੀਤਾ । ੧ । ਤਬੀ ਸਰਈਆਂ ਕਰਮਕਾਂਡੀਆਂ ਨੇ ਮਨਸੂਰ ਕੇ ਤਾਂਈ ਉਪਰ ਸੂਲੀ ਦੇ ਚੜਾਉਣਾ ਕੀਤਾ । ਭਾਵ ਐਸੇ ਪ੍ਰਗਟ ਨਹੀ ਕਹਨਾ ਚਾਹੀਏ ਕਿਉਂਜੋ ਇਕਤਾ ਹੰਕਾਰ ਸਿਧ ਹੋਤਾ ਹੈ ਦੂਜਾ ਸੰਸਾਰ ਸਾਧਨਾ ਕੋ ਤਯਾਗ ਕੈ ਕੁਕਰਮ ਕਰਨੇ ਲਗ ਜਾਤਾ ਹੈ । ੨ । ੨੯੬ । ਪ੍ਰਸਨ ਆਪ ਕਾ ਕਹਨਾ ਠੀਕ ਹੈ ਪ੍ਰੰਤੂ ਜਬ ਬ੍ਰਹਮ ਕੀ ਸਾਖਯਾਤ ਤਾ ਹੋਤੀ ਹੈ ਤਬ ਸਰੀਰ ਕੀ ਬਾਣੀ ਕੀ ਰਾਜਾਤ ਨਹੀ ਹੈਤੀ ਬੇਹੋਸੀ ਸੇ ਸੁਤੇ ਕਹਨੇ ਲਗ ਜਾਤੇ ਹੈ ਜਾਨ ਕੈ ਨਹੀ ਕਹਤੇ ਉਤ੍ਰ ।

Digitized by Panjab Digital Library | www.panjabdigilib.org

(ਮੂਲ) ਮਸਤੀਏ ਹਕ ਮਾਯਨੀਏ ਹਸ਼ਿਆਰੀ ਅਸਤ ॥
ਆਰਫਾਂ ਰਾ ਖਾਬ ਹਮ ਬੇਦਾਰੀ ਅਸਤ ॥

(ਟੀਕਾ) ਸਚੇ ਕੇ ਆਨੰਦਕੀ ਪ੍ਰਾਪਤੀਕਾ ਅਰਥ ਹੁਸਿਆਰੀ ਹੈ । ਭਾਵ । ਸਾਖਸਾਤਕਾਰ ਕੇ ਆਨੰਦਮੇ ਬੇਹੋਸੀ ਨਹੀਹੋਤੀ ਸਾਖਸਾਤਕਾਰ ਸਹੇ ਹੁਸਿਆਰੀ ਮਿਲਆ ਕਰਤੀ ਹੈ । ੧। ਤਾਂਤੇ ਹੇਭਾਈ ਆਨੰਦ ਵਾਲੇ ਗਿਆਨਵਾਨਾਂਦਾ ਸੌਣਾ ਜੋ ਹੈ ਓਹ ਭੀ ਜਾਗਣਾਹੀ ਜਾਣ ਕਿਉਂਜੋ ਆਨੰਦਵਾਲੇ ਕਭੀ ਵਿਹਾਰ ਪ੍ਰਮਾਰਥਸੇ ਭੁਲ ਦੇ ਨਹੀ ।ਪ੍ਰਮਾਨ ਊਠਤ ਬੈਠਤ ਸੋਵਤ ਨਾਮ । ਕਹੁ ਨਾਨਕ ਜਨਕੇ ਸਦ ਕਾਮਾ । ਜੈਸੇ ਅਚਾਰਜ ਗੁਰੂਕਾ ਮਤ ਹੋਵੈ ਉਸਮੇਹੀ ਵਰਤਤੇਹੈਂ ਹਰ ਵਖਤ ਜੇੜਾ ਨਾਮ ਜਪਣਾ ਹੈ ਇਸਮੇ ਓਹੁ ਭੀਨੇਰੀ ਸਾਧਨਆਂਵਾਲੇ ਹੈਂ । ੨ । ੨੯੭ ਪ੍ਰਸਨ ਜੇੜੇ ਜੀਵ ਭਗਤੀ ਕੋ ਭੁਲਾਕਰ ਕੁਛ ਆਪਣੀ ਹੰਗਤਾ ਕਰਤੇ ਹੈਂ ਤਿਨਾਕੀ ਦਸਾ ਕਹੀਏ ਜੀ। ਉਤ੍ਰ

(ਮੂਲ) ਦਰ ਹਕੀਕਤ ਬੇ ਅਦਬ ਯਾਬਦ ਸਜ਼ਾ॥
ਚੂੰ ਅਦਬ ਆਮਦ ਹਮਹਰਾਂ ਰਹਿਨੁਮਾ ॥

(ਟੀਕਾ) ਬੀਚ ਸਚਿਆਈ ਦੇ ਬਿਅਦਬੀ ਕਰਨੇਵਾਲੇ ਸਜਾ ਪਾਂਵਦੇ ਹੈਂ। ਭਾਵ । ਹੰਕਾਰੀ ਜਮਦੇ ਮਰਦੇ ਹੈਂ ਪੁਨਾ ੨ । ੧ । ਇਸੇ ਵਸਤੇ ਜੋ ਅਦਬ ਨਿਰਅਭਿਮਾਨਪਦ ਆਯਾਹੈ ਸੰਸਾਰ ਮੈ ਤਮਾਮ ਜੀਵਾ ਤਾਂਈ ਰਸਤਾ ਜਨਮਾਤੇ ਛੁਟਨੇਦਾ ਦਿਖਲਾਨਵਾਲਾ । ਭਾਵ। ਅਦਬ ਕਰਨੇਸੇ ਸਭੀ ਗੁਣ ਅਰੁ ਮਰਾਤਬਜਾਂਕੋ ਪ੍ਰਾਪਤੀ ਹੋਤੀ ਹੈ ਤਾਂਤੇ ਏਹ ਅਦਬ ਕਰਨਾ ਭੀ ਭਗਤੀਮੇਹੈ। ੨ । ੨੯੮ । ਪ੍ਰਸਨ ਆਪਦਾ ਭੀਸਿਧਾਂਤ ਤੇ ਹੋਰ ਸਾਸਤ੍ਰਾਂਦਾ ਭੀ ਸਿਧਾਂਤ ਏਹੀਹੈ ਕੇ ਭਗਤੀ ਗਿਆਨ ਕਰ ਪ੍ਰਮੇਸਰ ਰੂਪ ਹੋਜਾਤਾ ਹੈ ਜਬ ਪ੍ਰਮੇਸਰਸੇ ਅਭੇਦ ਹੋਗਿਆ ਤਬ ਫੇਰ ਨਿਸਕਰਤਬ ਹੋਤਾਹੈ ਕੋਈ ਕਰ ਤਬ ਕਰਨਾ ਨਹੀ ਰੈਹਤਾ ਏਹ ਭੇਦ ਕਹੀਏ ਜੀ । ਉਤ੍ਰ

(ਮੂਲ) ਗਰ ਤੂ ਸਰ ਤਾ ਪਾ ਹਮਹ ਹਕ ਗਸ਼ਤਈ ॥
ਵਾਸਲੇ ਬੇਚੂੰਨ ਮੁਤਲਕ ਗਸ਼ਤਈ ॥

[ਟੀਕਾ] ਜੇਕਰ ਤੂੰ ਸਿਰਸੇ ਲੇਕਰ ਪੈਰਾਂਤਕ ਤਮਾਮ ਸਚੇਦਾ ਰੂਪਹੀ ਹੁਆਹੈਂ । ੧ । ਪੁਨਾ ਮਿਲਨੇਵਾਲਾ ਨਿਸਚੇ ਕਰਕੇ ਅਦੁਤੀ ਵਾਹਿਗੁਰੂਕਾ ਹੂਆਹੈਂ । ਭਾਵ । ਅਭੇਦ ਹੂਆਹੈਂ ।੨।੨੯੯।

Digitized by Panjab Digital Library | www.panjabdigilib.org

(ਮੂਲ) ਬਾਜ਼ ਰਾਹੇ ਬੰਦਗੀ ਦਰਪੇਸ਼ ਗੀਰ ॥
ਬੰਦਹ ਓ ਬਾਸ਼ ਰਾਹੇ ਖੇਸ਼ ਗੀਰ ॥

[ਟੀਕਾ] ਤੋਂ ਫੇਰ ਭੀ ਰਸਤਾ ਭਗਤੀ ਕਾ ਅਗੇ ਨੂੰ ਪਕੜ । ਭਾਵ । ਅਚਾਰਜ ਗੁਰਮਤ ਧਾਰਕੈ ਜਗਜਾਸੂਆਂ ਨੂੰ ਭਗਤੀ ਕਰਾਵਣੀ ਕਿਉਂਕਿ ਕਲਿਜੁਗ ਕਾ ਸਮਾ ਹੈ ਇਸ ਮੈ ਹੋਰ ਕੋਈ ਸਾਧਨ ਪੂਰਾ ਨਹੀ ਹੋਂਦਾ ਦੂਜਾ ਭਗਤੀ ਦੀ ਦ੍ਰਿੜਤਾ ਵਾਲਾ ਗਿਆਨ ਅਭਿਮਾਨ ਨਹੀਂ ਹੋਂਦਾ ਨਿਰਹੰਕਾਰ ਹੋਨੇ ਤੇ । ੧ । ਤਾਂ ਤੇ ਨਿਰੰਕਾਰ ਭਜ ਜਾਗਕੈ ਦਾਸ ਉਸ ਵਾਹਿਗੁਰੂ ਕਾ ਹੋਹੁ ਬਾਣੀ ਕਰ ਅਰੁ ਰਸਤਾ ਆਪਣਾ ਦਾਸੀਭਾਵ ਦਾ ਪਕੜ ਤਨ ਕਰ । ਭਾਵ । ਭਗਤੀ ਕਰ ਬਾਣੀ ਤੇ ਨਾਮ ਦਾ ਉਚਾਰਨ ਅਰੁ ਸੁਭ ਸਿਖਯਾ ਅਰੁ ਤਨ ਕਰ ਸੇਵਾ ਨਿਮ੍ਰਤਾ ਕਰਨੀ । ਤੇ ਜਨਮ ਮਰਨ ਜੋਮੈ ਛੁਟਹਾਂ । ੨ । ੩੦੦ ।

(ਮੂਲ) ਦਰ ਹਮਹ ਹਾਲਤ ਖ਼ੁਦਾ ਹਾਜ਼ਰ ਬਿਬੀਂ ॥
ਹਾਜ਼ਰੋ ਮਨਜ਼ੂਰ ਹਮ ਨਜ਼ਰ ਬਿਬੀਂ ॥

[ਟੀਕਾ] ਪੁਨਾ ਬੀਚ ਤਮਾਮ ਹਵਾਲਾਂ ਦੇ ਵਾਹਿਗੁਰੂ ਨੂੰ ਪ੍ਰਗਟ ਦੇਖ ਤੂੰ ਮਨ ਕਰਕੇ । ੧ । ਪੁਨਾ ਇਹ ਜਾਣ ਜੋ ਵਾਹਿਗੁਰੂ ਨੇੜੇ ਹੈ ਅਰੁ ਭਗਤਾਂ ਦਾਸਾਂ ਦੇ ਦਿਲ ਦੀਆਂ ਬਾਤਾਂ ਮਨਜ਼ੂਰ ਕੀਆ ਪੂਰੀਆ ਕਰਤਾ ਹੈ ਪੁਨਾ ਸਾਖੀ ਭੂਤ ਦੇਖ ਤੂੰ । ੨ । ੩੦੧ । ਸ੍ਰੋਤਜਾਂ ਕਾ ਮਗਨ ਹੋਣਾ ਦੇਖ ਕੈ ਅਰੁ ਕਈ ਤਰਾਂ ਦੇ ਸੰਕਲਪ ਉਠਾਂਵਦੇ ਜਾਨਕਰ ਪਿਛਲੇ ਪ੍ਰਸੰਗ ਕੀ ਪੋੜ੍ਹਤਾ ਵਾਸਤੇ ਪੁਨਾ ਓਹੀ ਪ੍ਰਸੰਗ ਕਹਤੇ ਹੈਂ ।

(ਮੂਲ) ਦਰ ਰਹੇ ਹਕ ਜੁਜ਼ ਅਦਬ ਤਾਲੀਮ ਨੇਸਤ ॥
ਤਾਲਬੇ ਓਰਾ ਬਜੁਜ਼ ਤਸਲੀਮ ਨੇਸਤ ॥

(ਟੀਕਾ) ਸਚੇ ਕੀ ਪ੍ਰਾਪਤੀ ਕੇ ਰਸਤੇ ਬੀਚ ਬਿਨਾ ਅਦਬ ਕਰਨੇ ਤੇ ਹੋਰ ਸਿਖਿਆ ਨਹੀ ਮੁਖ ਏਹੀ ਸਿਖਿਆ ਹੈ । ੧ । ਤਤੇ ਇਛਿਆਵਾਂਨ ਉਸ ਕੀ ਪ੍ਰਾਪਤੀ ਦਾ ਬਿਨਾ ਨਮਸਕਾਰਾਂ ਸੇਂ ਨਹੀ ਹੈ । ਭਾਵ । ਨਮਸਕਾਰ ਆਦੀ ਨਿੰਮ੍ਰਤਾ ਕੇ ਸਹਤ ਹੋਤਾ ਹੈ । ੨ । ੩੦੨ ।

(ਮੂਲ) ਤਾਲਬਾਨੇ ਹਕ ਹਮੇਸ਼ਹ ਬਾ ਅਦਬ ॥
ਬਾ ਅਦਬ ਬਾਸ਼ੰਦ ਦਾਯਮ ਬਾ ਅਦਬ ॥

Digitized by Panjab Digital Library | www.panjabdigilib.org

[ਟੀਕਾ] ਇਛਿਆ ਵਾਨ ਸਚੇਕੇ ਸਦੀਵ ਸਾਥ ਅਦਬਦੇ ਹੋਤੇਹੈਂ। । ਭਾਵ ।ਗੁਰਾਂਦਾ ਪ੍ਰਮੇਸ੍ਰ ਦਾ ਸੁਆਮੀ ਜਾਨਕੈ ਅਰੁ ਸੰਤਾਂਦਾ ਮਿਤ੍ਰ ਜਾਨਕੈਅਰੁ ਹੋਰਸੰਸਾਰਦਾ ਹਰੀ ਪੂਰਨ ਜਾਨਕੈ ਤੇ ਆਪਣਾ ਰੂਪਜਾਨਕੈ ਅਦਬ ਕਰਦੇਹੈਂ । ੧ । ਤਾਂਤੇ ਸਾਥ ਅਦਬਦੇ ਹੋਹੁ ਸਦੀਵ ਸਾਥ ਅਦਬਦੇ ਹੋਹੁ । ੨ । ੩੦੩ ।

(ਮੂਲ) ਬੇ ਅਦਬ ਰਾ ਕੇ ਜਿ ਰਾਹੇ ਸ਼ਾਂ ਖ਼ਬਰ ॥
ਬੇ ਅਦਬ ਅਜ਼ ਹਕ ਹਮੇਸਹ ਬੇਖ਼ਬਰ ॥

(ਟੀਕਾ) ਬੇ ਅਦਬਾਕੇ ਤਾਂਈ ਕਬ ਉਸਕੀ ਪ੍ਰਾਪਤੀਕੇ ਰਸਤੇ ਸੇ ਖਬ੍ਰ ਹੈ (ਭਾਵ) ਖਬ੍ਰ ਨਹੀ ਹੋਤੀ।੧। ਤਾਤੇ ਬੇਅਦਬ ਜੋ ਹੈਂ ਸੋ ਸਚੇ ਸੇ ਸਦੀਵ ਅਗਜਾਤ ਹੋਤੇਹੈਂ । ਭਾਵ । ਪ੍ਰਮੇਸ੍ਰ ਸੇ ਅਪ੍ਰਾਪਤਿ ਰੈਹਤੇਹੈਂ । ੨ । ੩੦੪ ।

(ਮੂਲ) ਬੇ ਅਦਬ ਹਰਗਿਜ਼ ਬਹਕ ਰਾਹੇ ਨ ਯਾਫ਼ਤ॥
ਰਾਹਿ ਹਕ ਰਾ ਹੇਚ ਗੁਮਰਾਹੇ ਨ ਯਾਫ਼ਤ ॥

ਟੀਕਾ) ਬੇਅਦਬ ਕਦਾਚਿਤ ਸਚੇਕੀ ਤਰਫਕਾ ਰਸਤਾ ਨਹੀ ਪਾਂਵਦੇ ।੧। ਪੁਨਾ ਸਚੇਕੀ ਪ੍ਰਾਪਤੀਦੇ ਰਸਤੇਨੂੰ ਕੁਛਭੀ ਭੁਲੇਹੋਏ ਬੇਅਦਬ ਨਹੀ ਪਾਂਵਦੇ । ੨ । ੩੦੫ ।

(ਮੂਲ) ਹਾਦੀਏ ਰਾਹੇ ਖੁਦਾ ਆਮਦ ਅਦਬ॥
ਬੇ ਅਦਬ ਖਾਲੀਸਤ ਅਜ਼ ਇਲਤਾਫ਼ ਰਬ ॥

[ਟੀਕਾ] ਪੁਨਾ ਵਾਹਿਗੁਰੂਦਾ ਰਸਤਾ ਦਿਖਾਲਣ ਵਾਲਾ ਅਦਬਹੀ ਸੰਸਾਰਮੈ ਆਯਾਹੈ ਤਾਂਤੇ ਸੰਤਾਂ ਗੁਰਾਂਕਾ ਅਦਬ ਕਰ । ੧ । ਕਿਉਂਜੋ ਜੋੜੇ ਬੇ ਅਦਬਹੈ ਉਹੁ ਖਾਲੀ ਹੈ ਵਾਹਿਗੁਰੂਕੀ ਕ੍ਰਿਪਾ ਸੇ । ਭਾਵ । ਅਪ੍ਰਾਪਤ ਰੈਹਤੇਹੈਂ । । ੨ । ੩੦੬ ।

(ਮੂਲ) ਬੇ ਅਦਬ ਰਾਹੇ ਖੁਦਾ ਕੈ ਦਾਨਦਸ॥
ਹਰਕਿ ਰਾ ਕਹਰੇ ਖੁਦਾ ਮੇਰਾਨਦਸ ॥

( ਟੀਕਾ ) ਪੁਨਾ ਬੇਅਦਬ ਰਸਤਾ ਵਾਹਿਗੁਰੂਦਾ ਕਬ ਜਾਣਦੇ ਹੈ । । ਭਾਵ । ਨਹੀ ਜਾਣਦੇ । ੧ । ਇਸੀਤੇ ਹਰ ਕਿਸੇ ਬੇਅਦਬ ਤਾਂਈ ਕਹਰ ਵਾਹਿਗੁਰੂਦਾਮਾਰਦਾ ਹੈ । ੨ । ੩੦੭ । ਪ੍ਰਸਨ । ਅਦਬਦਾ ਰਸਤਾ, ਕਿਸਸੇ ਮਿਲਤਾ ਹੈ ਸੋਕਹੀਏਜੀ ਉਤ੍ਰ

Digitized by Panjab Digital Library | www.panjabdigilib.org

(ਮੂਲ) ਦਰ ਪਨਾਹੇ ਸਾਯਹੇ ਮਰਦਾਨਿ ਹਕ ॥
ਗਰ ਰਵੀਦ ਆਂ ਜਾ ਅਦਬ ਯਾਬਦ ਸਬਕ ॥

( ਟੀਕਾ ) ਹੇ ਭਾਈ ਵਾਹਿਗੁਰੂਕੇ ਸੰਤਾਂਕੀ ਛਾਯਾ ਕੇ ਆਸਰ ਬੀਚ ।੧। ਜੇਕਰ ਜਾਵੈ ਤੂੰ ਤਾਂ ਉਸ ਜਗਾਸੇ ਪਾਵੈ ਤੂੰ ਅਦਬਦੀ ਸੰਥਾ ।੨। ।੩੦੮।

(ਮੂਲ) ਬੇ ਅਦਬ ਇੰਜਾ ਅਦਬ ਆਮੋਜ਼ ਸ਼ੁਦ ॥
ਈਂ ਚਰਾਗ਼ੇ ਗੁਲ ਜਹਾਂ ਅਫਰੋਜ਼ ਸ਼ੁਦ ॥

(ਟੀਕਾ) ਕਿਉਂਕੇ ਬੇਅਦਬ ਇਸ ਸਤਸੰਗਤਿਕੀ ਜਗਾਂ ਸੇ ਅਦਬ ਸਿਖਨੇ ਵਾਲੇ ਹੂਏ ਹੈਂ ਅਰੁ ਹੋਂਦੇ ਹੈਂ ।੧। ਫੁੱਤੇ ਏਹ ਅਦਬ ਰੂਪੀ ਸਮਾਂਦਾਨ ਬਲਿਆ ਹੂਆਂ ਸੰਸਾਰਮੇਂ ਪ੍ਰਕਾਸਮਾਨ ਹੂਆਹੈ ਅਰ ਹੋਤਾਹੈਸੰਗਤਸੇ।੨।੩੦੯॥

(ਮੂਲ) ਏ ਖੁਦਾ ਹਰ ਬੇਅਦਬ ਰਾ ਦਿਹ ਅਦਬ ॥
ਤਾ ਗੁਜ਼ਾਰਦ ਉਮਰ ਰਾ ਦਰ ਯਾਦਿ ਰਬ ॥

[ਟੀਕਾ]ਪੁਨਾ ਸੰਤ ਜੀਵਾਂਕੀ ਬੁਛਬੁਧੀ ਬਿਖਾਰਕੇਉਪਕਾਰ ਦ੍ਰਿਸਟੀਸੇ ਜੀਵਾਂਵਾਸਤੇ ਹਰੀ ਪਾਸੋ ਪ੍ਰਾਰਥਨਾਂ ਕਰਤੇਹੈਂ। ਹੇਵਾਹਿਗੁਰੂ ਹਰਇਕ ਬੇਅਦਬ ਕੋ ਤਾਂਈ ਅਦਬ ਕਰਨਾ ਦੇਹ।੧। ਜੇਕਰ ਹੇਰਬ ਤੂੰ ਅਦਬ ਕਰਨਾਦੇਵੈਂ ਤਾਂ ਜੀਵ ਗੁਜ਼ਾਰਨ ਕਰੈਂ ਅਵਸਥਾਕੇ ਤਾਂਈ ਅੰਦਰ ਭਗਤੀਦੇ।੨।੩੧੦।

(ਮੂਲ) ਗਰ ਬਿਯਾਬੀ ਲਜ਼ਤੇ ਅਜ਼ ਯਾਦਿਓ ॥
ਜ਼ਿੰਦਹ ਬਾਸ਼ੀ ਦਾਯਮਾ ਏ ਨੇਕ ਖੋਇ ॥

(ਟੀਕਾ) ਐਸੇ ਪ੍ਰਉਪਕਾਰੀ ਸੰਤਾਪਾਸਜਾਕੇ ਜੇਕਰ ਪਾਵੈ ਸੁਆਦ ਉਸਕੀ ਭਗਤੀ ਸੇ। ਭਾਵ। ਅਦਬ ਕਰਨਾ ਤੇ ਭਜਨ ਕਰਨਾ ਧਾਰਨ ਕਰੈਂ ।੧। ਤੌ ਐਭਲੇਸੁਭਾਵਵਾਲੇ ਤਬ ਜੀਵਣਾ ਹੋਵੈ ਤੇਰਾ ਹਮੇਸਾਹੀ । ਭਾਵ। ਜਨਮ ਮਰਨਤੇ ਰਹਿਤ ਹੋਜਾਂਵੈਂ।੨।੩੧੧।

(ਮੂਲ) ਈਂ ਵਜੂਦੇ ਖ਼ਾਕ ਰਾ ਕਾਇਮ ਮਦਾਂ ॥
ਕਾਯਮ ਆਮਦ ਸ਼ਉਕਿ ਓ ਦਰ ਹਰ ਜ਼ਮਾਂ ॥

Digitized by Panjab Digital Library | www.panjabdigilib.org

(ਟੀਕਾ) ਪੁਨਾ ਏਹ ਜੋ ਸ਼ਰੀਰ ਮਿਟੀ ਆਦੀ ਅਨਿਸਥਰਤਤਾਦਾ ਹੈ ਇਸਕੋ ਇਸਥਿਰ ਮਤਜਾਣ । ਭਾਵ । ਏਹਨਾਸੀ ਹੈ । ੧ । ਤਾਂਤੇ ਇਸਥਿਰ ਰੈਣੇਵਾਲਾ ਆਯਾ ਹੈ ਪ੍ਰੇਮ ਉਸਕਾ ਬੀਚ ਹਰਇਕ ਸਮੇਂਦੇ । ਭਾਵ । ਪ੍ਰੇਮ ਕਰਨੇ ਵਾਲੇ ਇਸਥਿਰ ਰੈਂਦੇ ਹੈਂ । ੨ । ੩੧੨ ।

(ਮੂਲ) ਸ਼ਉਕਿ ਮਉਲਾ ਜ਼ਿੰਦਗੀ ਏ ਜਾਂ ਬਵੱਦ ॥
ਯਾਦਿ ਓ ਸਰਮਾਯਹ ਈਮਾਂ ਬਵੱਦ ॥

[ਟੀਕਾ] ਪ੍ਰੇਮ ਵਾਹਿਗੁਰੂਦਾ ਜੋਹੈ ਏਹ ਜੀਵਣ ਰੂਪ ਜਾਨਕਾ ਹੈ । ਭਾਵ । ਸੂਖਮ ਅਸਥੂਲ ਸ਼ਰੀਰਤੇ ਸੁਖਰੂਪ ਹੈ ਜੈਸੇ ਬ੍ਰਿਛਕੋ ਜਲਦੇਈਦਾ ਹੈ ਤਾਂ ਬ੍ਰਿਛ ਸੈਤ ਫੁਲਾਂ ਫਲਾਂਦੇ ਹੋਕਰ ਸੁਖਰੂਪ ਹੋਤਾ ਹੈ ਐਸੇਹੀ ਜਬਸ਼ਰੀਰਮੇ ਅਰੁ ਬੁਧੀਮੇ ਪ੍ਰੇਮਹੋਵੇ ਤਾਂਗੁਰਾਂਦੇ ਮਿਲਨੇਸੇ ਪ੍ਰਫੁਲਤ ਹੋਕਰ ਗੁਣਾਦੇ ਸਹਤ ਸੁਖ ਰੂਪ ਹੋਤਾ ਹੈ । ੧ । ਪੁਨਾ ਭਗਤੀ ਉਸਕੀ ਜੋਹੈ ਏਹ ਪੂੰਜੀ ਧਰਮਦੀ ਹੈ । ਭਾਵ । ਭਗਤੀਸੇ ਧਰਮਹੋਤਾ ਹੈ ਸੋਧਰਮ ਤੀਨ ਪ੍ਰਕਾਰਕਾ ਹੈ ਏਕਤੋ ਏਹਹੈ ਜੋ ਇਸਜੀਵਨੇ ਹਰੀਸੇ ਧਰਮਕੀਆਥਾ ਜੋਮੈ ਤੇਰੀ ਭਗਤੀ ਕਰੂੰਗਾ ਇਸਦੁਖਤੇ ਛੁਡਾਇ ਸੋਧਰਮਕੀਆ ਹੁਆ ਭਗਤੀ ਕਰਨੇਸੇ ਸਫਲਾ ਹੋਜਾਤਾ ਹੈ ਪੁਨਾ ਭਗਤੀ ਕਰਨੇਸੇ ਆਪਣੇ ਗੁਰੂ ਅਚਾਰਜਕਾਮਤ ਪ੍ਰਫੁਲਤ ਹੋਤਾ ਹੈ ਤੀਜਾ ਭਗਤੀਸੇ ਆਸ੍ਰੀਆਂਕੋਜੀਤਕਰ ਮੋਖਕੋ ਪਾਵਤਾ ਹੈ ਹੋਰਾਂਕੋ ਉਪਦੇਸ ਦੇਕਰ ਮੋਖਵਾਨ ਕਰਤਾ ਹੈ । ੨ । ੩੧੩ ।

(ਮੂਲ) ਸ਼ਉਕਿ ਓ ਦਰ ਹਰ ਦਿਲੇ ਕੈ ਜਾ ਕੁਨਦ ।
ਦਰ ਵਜੂਦੇ ਖਾਕ ਕੈ ਮਾਵਾ ਕੁਨਦ ॥

(ਟੀਕਾ) ਪ੍ਰੇਮ ਉਸ ਰਖਕਦਾ ਬੀਚ ਹਰ ਇਕ ਦਿਲ ਦੇ ਕਬ ਜਾਗਾ ਕਰਦਾ ਹੈ । ਭਾਵ । ਹਰ ਇਕਦੇ ਦਿਲਮੇ ਪ੍ਰਾਪਤਿ ਨਹੀਂ ਹੋਤਾ ਕਿਸੇ ੨ ਦੇ ਦਿਲ ਮੇ ਹੋਤਾ ਹੈ । ੧ । ਪੁਨਾ ਜੜ ਮਿਟੀਆਦੀ ਤਤਾਂ ਰਚਤ ਸਰੀਰ ਅੰਦਰ ਕਬ ਵਤਨ ਕਰਦਾ ਹੈ । ਭਾਵ । ਛੋਤੀ ਨਿਵਾਸ ਨਹੀਂ ਕਰਦਾ । ੨ । ੩੧੪ ।

(ਮੂਲ) ਸ਼ਉਕਿ ਮਉਲਾ ਮਰ ਤੁਰਾ ਚੂੰਦਸਤ ਦਾਦ ॥
ਦਉਲਤੇ ਦਾਯਮ ਬ ਦਸਤ ਤੁ ਓ ਫ਼ਿਤਾਦ ॥

(ਟੀਕਾ) ਪ੍ਰੇਮ ਵਾਹਿਗੁਰੂਕੇਨੇ ਨਿਸਚੇਸੇ ਤੇਰੇ ਤਾਈ ਜਬ ਹਥ ਦਿਤਾ । ਭਾਵ । ਪ੍ਰੇਮ ਜਬ ਪ੍ਰਾਪਤਿ ਹੂਆ । ੧ । ਤਬ ਮੁਖ ਹਮੇਸਾਂਦੀ ਬੀਚ ਹਥ ਤੇਰੇ ਦੇ ਓਹੁ ਪੜਗਏ । ਭਾਵ । ਪ੍ਰਾਪਤਿ ਹੋਈ ੨ ਜਾਣ । ੨। ੩੧੫ ।

Digitized by Panjab Digital Library | www.panjabdigilib.org

(ਮੂਲ) ਖਾਕ ਰਾਹ ਸ ਸੁਰਮਹੇ ਚਸਮੇ ਸਰ ਅਸਤ॥
ਆਰਫਾਂ ਰਾ ਬਿਹਜ ਤਾਜ਼ੇ ਅਫਸਰ ਅਸਤ॥

[ਟੀਕਾ] ਜਿਨਾਂ ਕੋ ਭਗਤੀ ਗਜਾਨ ਆਦੀ ਦੌਲਤ ਪ੍ਰਾਪਤ ਹੂਈ ਹੈ ਉਨਾਂ ਕੇ ਚਲਨੇ ਵਾਲੇ ਰਸਤੇ ਕੀ ਧੂੜੀ ਸੁਰਮਾਂ ਹੈ ਨੇਤਰਾਂਦਾ ਅਰੁ ਸਿਰ ਦਾ ਮੁਕਟ ਹੈ।੧। ਪੁਨਾ ਗਜਾਨਵਾਨਾਂ ਦਾ (ਤਾਜ) ਛਤਰ ਬਿਹਤ੍ਰ ਹੈ ਪਾਤਿਸਾਹੋਂ ਕੇ ਛਤਰੋਂ ਸੇ ਭੀ।੨।੨੧੬।

(ਮੂਲ) ਦਉਲਤੇ ਦੁਨੀਆਂ ਨ ਬਾਸ਼ਦ ਪਾਇਦਾਰ।
ਦਰ ਤਰੀਕੇ ਆਰਫਾਨੇ ਹਕ ਗੁਜ਼ਾਰ॥

[ਟੀਕਾ] ਏਹ ਜੋ ਪੁਰਖ ਸੰਸਾਰ ਦੀ ਮਾਯਾ ਦੇਖਦਾ ਹੈਂ ਏਹ ਨਹੀ ਹੈ ਪੈਰ ਰਖਣ ਵਾਲੀ। ਭਾਵ। ਇਸਥਿਰ ਰੈਣੇ ਵਾਲੀ ਨਹੀਂ ਹੈ।੧ ਪ੍ਰਸਨ ਏਹ ਲੋਕ ਤੋ ਸਭੀ ਮਾਯਾਕੋ ਇਸਥਿਰ ਮਾਨਤੇ ਦੇਖੀਦੇਹੈਂ ਕਿਉਂ ਜੋ ਜੋੜੇ ਅਡੰਬਰ ਬਨਾਨੇ ਤੇ ਵੈਰ ਵਿਰੋਧ ਕਰਨੇ ਤੇ ਹੰਕਾਰੀ ਹੋਣਾ ਏਹ ਸਭ ਮਾਯਾਕੇ ਇਸਥਿਰ ਮਾਨਨੇਤੇ ਹੋਤਾਹੈ ਤਾਂਤੇ ਜੋ ਇਨਾਂ ਤੇ ਭਿੰਨ ਮਾਯਾਕੋ ਅਨਿਸਥਰ ਮਾਨਨੇ ਵਾਲੇ ਹੈਂ ਉਨਾਂ ਕਾ ਕੋਈ ਲਖਣ ਕਹੀਏ।ਉਤਰ।ਬੀਚ ਰਸਤੇ ਗਯਾਨਵਾਨਾਂਦੇ ਜੋ ਸਚੇ ਦਾ ਨਾਮ ਰਸਨਾ ਉਪਰ ਗੁਜਾਰਦੇਹੈਂ। ਭਾਵ। ਜਦਪ ਬਾਹਰੋ ਹੋਰਾਂ ਜੀਵਾਂਵਤ ਸਭ ਕੰਮ ਕਰਦੇ ਦੇਖੀਦੇਹੈਂ ਪਰੰਤੂ ਅੰਦਰੋਂ ਸਭ ਕੰਮਾਤੇ ਅਲੇਪ ਰਹਿੰਦੇ ਹੈਂ ਤੇ ਨਾਮ ਜਪਦੇ ਹੈਂ ਗੁਰਮਤ ਅਨੁਸਾਰ ਓਹ ਅਨਿਸਥਰ ਮਾਨਤੇ ਹੈਂ।੨।੨੧੭।

(ਮੂਲ) ਯਾਦਿ ਓ ਲਾਜ਼ਮ ਬਵੱਦ ਦਾਯਮ ਤੁਰਾ॥
ਜ਼ਿਕਰ ਓ ਕਾਇਮ ਕੁਨਦ ਕਾਯਮ ਤੁਰਾ॥

[ਟੀਕਾ] ਤਾਂਤੇ ਭਗਤੀ ਉਸਕੀ ਕਰਨੀ ਜੋਗ ਹੈ ਹਮੇਸਾਂ ਤੇਰੇ ਤਾਂਈ ੧।ਇਸਤੇ ਭਜਨ ਉਸਕਾ ਇਸਥਿਰਕਰੇਗਾ ੨ ਤੇਰੇ ਤਾਂਈ ਤਾਂਤੇ ਭਜਨ ਕਰ।੨।੨੧੮।ਸਿਧਾਂਤ।

(ਮੂਲ) ਆਰਫਾਂ ਦਾਰੰਦ ਬਾ ਇਰਫਾਂਨ ਖੇਸ।
ਹਾਸਲੇ ਇਰਫਾਂਦਰੂੰਨੇ ਜਾਨਿ ਖੇਸ॥

Digitized by Panjab Digital Library | www.panjabdigilib.org

(ਟੀਕਾ) ਗਜਾਨਵਾਨ ਰਖਦੇ ਹੈਂ ਸਾਥ ਗਜਾਨਦੇ ਅਪਨਾ ਇਤ । ੧। ਨਫਾ ਗਜਾਨਦਾ ਅੰਦ ਜਾਨ ਆਪਣੀਦੇ ਪਾਯਾਹੈ ਗਿਆਨਵਾਨਾਂਨੇ।੨।੩੧੯।

(ਮੂਲ) ਮਸਨਦ ਸ਼ਉਕੇ ਇਲਾਹੀ ਬੇ ਜ਼ਵਾਲ ॥
ਵਰਨਹ ਬੀਨੀ ਹਰ ਕਮਾਲੇ ਰਾ ਜ਼ਵਾਲ ॥

(ਟੀਕਾ) ਵਾਹਿਗੁਰੂਕੇ ਪ੍ਰੇਮਕੀ ਗਦੀ ਬਿਨ ਪੀੜਾ ਸੇ ਹੈ। ਭਾਵ। ਹਰੀਕੇ ਵਿਛੋੜੇ ਰੂਪੀ ਪੀੜਾਕੋ ਪ੍ਰੇਮ ਦੂਰਕਰਦਾ ਹੈ । ੧। ਨਹੀਤਾਂ ਪ੍ਰੇਮਬਿਨਾ ਦੇਖਤੂੰ ਤਮਾਮ ਬਡਤਾਂਰ ਕੇ ਤਾਂਈ ਪੀੜਾਹੀ ਹੋਂਦੀਹੈ। ਭਾਵ। ਪ੍ਰੇਮਬਿਨਾ ਚੌਰਾਸੀ ਮੈ ਫਿਰਤੇ ਹੈਂ।੨।੩੨੦।

(ਮੂਲ) ਬੇ ਜ਼ਵਾਲ ਆਮਦ ਕਮਾਲੇ ਜ਼ਉਕਿ ਹਕ ॥
ਵਾਂ ਕਿ ਯਾਬਦ ਜ਼ਰਹ ਅਜ਼ ਸ਼ਉਕਿ ਹਕ ॥

[ਟੀਕਾ] ਬਿਨਾ ਪੀੜਾਥੀ ਆਯਾ ਹੈ ਪੂਰਨ ਪ੍ਰੇਮ ਸਚੇਕਾ। ਭਾਵ। ਜਨਮ ਮਰਨਤੇ ਰੈਤ ਕਰਨੇ ਵਾਲਾ ਪ੍ਰੇਮਹੈ। ੧। ਜਿਸਕਿਸੀਨੇ ਪਾਯਾਹੈ ਥੋੜਾ ਥੋੜਾ ਲਾਭ ਉਸਨੇ ਸੁਚੇਰੇ ਪ੍ਰੇਮਸੇਹੀ ਪਾਯਾਹੈ।੨।੩੨੧।

[ਮੂਲ] ਹਰ ਕਸੇਕ ਯਾਫਤ ਓ ਜਾਵੇਦ ਸ਼ੁਦ ॥
ਦਰ ਹਕੀਕਤ ਸਾਹਿਬੇ ਉਮੈਦ ਸ਼ੁਦ ॥

[ਟੀਕਾ] ਜਿਸਕਿਸੀਨੇ ਪ੍ਰੇਮ ਪਯਾਹੈ ਓਹੁ ਹਮੇਸ਼ ਸੁਖ ਰੂਪ ਹੂਆ ਹੈ। ਭਾਵ। ਜਨਮ ਮਰਨ ਤੇ ਰਹਿਤ ਹੂਆ ਹੈ ।੧। ਪੁਨਾ ਅੰਦਰ ਹਿਰਦੇ ਦੇ ਮਾਲਕ ਇਛਿਆਦਾ ਹੂਆ ਹੈ। ਭਾਵ। ਸਭ ਇਛਿਆ ਪੂਰਨ ਹੋਈਆਂ ਅਤੁ ਹੋਂਦੀਆਂ ਹੈ।੨।੩੨੨।

(ਮੂਲ) ਚੂੰ ਉਮੈਦਸ ਸੂਰਤੇ ਹਾਸਲ ਗਰਿਫਤ ॥
ਜ਼ਰਹੇ ਅਜ਼ ਸ਼ਉਕਿ ਦਰ ਦਿਲ ਜਾ ਗਰਿਫਤ ।

(ਟੀਕਾ) ਪੁਨਾ ਜਬ ਉਸਕੇ ਪ੍ਰੇਮਕੀ ਇਛਿਆਨੇ ਰੀਤੀ ਪ੍ਰਾਪਤੀਦੀ ਪਕੜੀ। ਭਾਵ। ਜਬ ਇਛਿਆ ਪ੍ਰਾਪਤੀ ਦੀ ਹੋਈ। ੧। ਤਬ ਪ੍ਰੇਮ ਸੇ ਅੰਦਰ ਦਿਲਦੇ ਜਰਾਮਾਤ੍ਰ ਜਾਗਾ ਪਕੜੀ ਹਰੀ ਨੇ। ਭਾਵ। ਅੰਤ੍ਰਮੁਖ ਬ੍ਰਿਤੀ ਖਿਚ ਕੈ ਲਗਾਈ ਹਰੀ ਨੇ।੨।੩੨੩।

Digitized by Panjab Digital Library | www.panjabdigilib.org

(ਮੂਲ) ਆਬਹੈਵਾਂ ਮੇਚਿਕਦ ਅਜ਼ ਮੂਇਓ ॥
ਜਿੰਦਹ ਮੇਗਰਦਦ ਜਹਾਂ ਅਜ਼ ਬੂਇਓ ॥

(ਟੀਕਾ) ਜਿਨਾਂਨ ਬ੍ਰਿਤੀ ਅੰਤ੍ਰਮੁਖ ਕਰਕੇ ਨਾਮ ਦੇ ਅਭਿਆਸਮੇ ਲਗਾਈ ਹੈ ਉਨਾਂ ਦੇ ਰੋਮੋਂ ਸੇ ਅੰਮ੍ਰਿਤ ਚੋਂਦਾ ਹੈ ਪ੍ਰਮਾਨ ਗੁਰਮੁਖਿ ਰੋਮ ਰੋਮ ਹਰਿ ਧਿਆਵੈ । ਓਅੰਕਾਰ ਮਹਲਾ ੧ । ੧ । ਪੁਨਾ ਜੀਵਣਾ ਹੋਤਾ ਹੈ ਸੰਸਾਰ ਮੈ ਭਗਤੀਸੇ ਉਨਾਂਕਾ ਹੋਰ ਜੀਵਨਾ ਹੋਂਦਾ ਹੈ ਸੰਸਾਰ ਦਾ ਭਗਤੀ ਉਨਕੀ ਸੇ । ੨ । ੩੨੪ । ਸਿਧਾਂਤ ।

(ਮੂਲ) ਏ ਜਿਹੇ ਇਨਸਾਂ ਕਿ ਹਕ ਰਾ ਯਾਫਤਹ ॥
ਰੂ ਜ਼ਿਯਾਦ ਗ਼ੈਰ ਹਕ ਬਰਤਾਫਤਹ ॥

(ਟੀਕਾ) ਐ ਪਿਆਰੇ ਵਾਹ ਵਾਹ ਹੈ ਓਹੁ ਮਨੁਖਾ ਜਨਮ ਜੋ ਜਿਸ ਕਰਕੇ ਸਚੇਕੇ ਤਾਈਂ ਪਾਯਾ ਹੈ । ੧ । ਪੁਨਾ ਐ ਪਿਆਰੇ ਵਾਹ ੨ ਹੈ ਓਹ ਮੁਖ ਸਚੇਕੀ ਭਗਤੀਸੇ ਬਿਨਾ ਫਿਰਿਆਹੈ ਹੋਰ ਕਰਮਾਂ ਵਲੋਂ । ਭਾਂਵ । ਜੋ ਮੁਖ ਨਾਮ ਜਪਤਾ ਹੈ ਓਹ ਧੰਨ ਹੈ । ੨ । ੩੨੫ । ਪ੍ਰਸ਼ਨ ਆਪਨੇ ਤੋ ਪੁਨਾ ਪੁਨਾ ਸੰਤਾਂ ਕੀ ਬਹੁਤ ਉਪਮਾ ਕਹੀ ਹੈ ਪ੍ਰੰਤੂ ਨਿਰਨਾ ਨਹੀ ਕੀਤਾ ਕੇ ਸੰਤ ਇਨਾਂ ਲਖਣਾ ਵਾਲਾ ਹੋਤਾ ਹੈ ਅਰੁ ਕਈ ਲੋਕ ਐਸੇ ਕਹਿਤੇਹੈਂ ਜੋ ਸਰਬ ਪਦਾਰਥ ਅਰੁ ਸਬੰਧੀਆਂਦਾ ਤਿਆਗ ਕਰਦੇਵੈ ਸੋ ਸੰਤਹੋਤਾ ਹੈ ਅਹੁ ਉਸੇ ਕੋ ਲੋਕਭੀ ਸੰਤਕਹਤੇ ਹੈਂ ਅਰੁ ਜੋ ਪਦਾਰਥਾਂਮੈ ਸਬੰਧੀਆਂਮੈ ਖਰਤ ਦੇਖੀਦੇ ਹੈਂ ਓਹੁ ਸੰਤ ਨਹੀਂ ਹੈਂ ਉਤ੍ਰ ।

(ਮੂਲ) ਦਰ ਲਿਬਾਸੇ ਦੁਨਜਵੀ ਫ਼ਾਰਗ਼ ਅਜ਼ਾਂ ॥
ਹਮ ਚੁ ਜ਼ਾਤਸ਼ ਆਸ਼ਕਾਰਾ ਓ ਨਿਹਾਂ ॥

(ਟੀਕਾ) ਹੇ ਭਾਈ ਯਦਪ ਬਾਹਰੋਂ ਦੇਖੀਦੇਹੈਂ ਮਾਯਾਦੇ ਵਿਹਾਰਾਂ ਅੰਦਰ ਪ੍ਰੰਤੂ ਸੰਤ ਅੰਦਰੋਂ ਨਿਆਰੇ ਅਲੇਪ ਹੈਂ ਉਸ ਮਾਯਾ ਸੇ । ਪ੍ਰਮਾਣ । ਆਇਆਂ ਹਰਖ ਨ ਗਇਆਂ ਸੋਗ । ੧ । ਭੀ ਮਾਨੰਦ ਸਰੂਪ ਉਸ ਵਾਹਿਗੁਰੂ ਕੇ ਕੇ ਪ੍ਰਗਟ ਭੀ ਹੈ ਸੰਤ ਅਰੁ ਗੁਜ ਭੀ ਹੈ ਓਹੁ । ੨ । ੩੨੬ ।

(ਮੂਲ) ਜ਼ਾਹਰ ਓ ਦਰ ਕੈਦ ਮੁਸਤੇ ਖਾਕ ਹਸਤ ॥

Digitized by Panjab Digital Library | www.panjabdigilib.org

**ਬਾਤਨੇ ਓ ਬਾ ਖੁਦਾਏ ਪਾਕ ਹਸਤ ॥**

[ਟੀਕਾ] ਦੇਖਨੇਮੇ ਬਾਹਰੋਂ ਅੰਦਰ ਓਹੁ ਸੰਤ ਕੈਦ ਹੈਂ ਮੁਠੀ ਮਿਟੀ ਕੀਕੇ । ਭਾਵ । ਤੁਛ ਤਤਾਂ ਰਚਤ ਸਰੀਰਮੇ ਖਰਤ ਦੇਖੀਦੇ ਹੈਂ ਖਾਨ ਪਾਨ ਆਦੀ ਕਰਨੇ ਕਰ । ੧ । ਅਰੁ ਅੰਦਰੋਂ ਹਿਰਦਾ ਉਨਾਂ ਸੰਤਾਂਕਾ ਸਾਫ ਪਵਿਤ੍ਰ ਵਾਹਿਗੁਰੂਦੇ ਲਗਾ ਹੈ । ੨ । ੩੨੭ ।

**(ਮੂਲ) ਜ਼ਾਹਰ ਅੰਦਰ ਮਾਯਲੇ ਫਰਜ਼ੰਦ ਜ਼ਨ ॥**
**ਦਰ ਹਕੀਕਤ ਬਾ ਖੁਦਾਏ ਖੇਸ ਤਨ ॥**

(ਟੀਕਾ) ਪੁਨਾ ਬਾਹਰੋਂ ਦੇਖੀਦੇ ਹੈਂ ਮੋਹਤ ਹੋਏ ੨ ਪੁਤ੍ਰ ਇਸਤ੍ਰੀ ਅੰਦ੍ਰ । ੧ । ਹਿਰਦੇ ਅੰਦਰ ਸਾਥ ਵਾਹਿਗੁਰੂ ਕੇ ਅਪਣਾਂ ਇਤ੍ਰਹੈ ਸੰਤਾ ਦੀ । ੨ । ੩੨੮

**(ਮੂਲ) ਜ਼ਾਹਰ ਅੰਦਰ ਮਾਯਲ ਹਿਰਸ ਹਵਾ ।**
**ਬਾਤੁਨੇ ਓ ਪਾਕ ਅਜ਼ ਯਾਦੇ ਖੁਦਾ ॥**

(ਟੀਕਾ) ਬਾਹਰੋਂ ਮੋਹਤ ਦੇਖੀਦੇਹੈਂ ਈਰਖਾ ਤੇ ਇਛਿਆ ਅੰਦਰ । ੧ । ਰਿਦਾ ਉਨਾਂਦਾ ਪਵਿਤ੍ਰ ਹੈ ਵਾਹਿਗੁਰੂਕੀ ਭਗਤੀਸੇ । ੨ । ੩੨੯ ।

**(ਮੂਲ) ਜ਼ਾਹਰ ਅੰਦਰ ਮਾਯਲ ਅਸਪੋ ਸ਼ੁਤਰ ।**
**ਬਾਤਨਸ਼ ਫਾਰਗ ਜ਼ਿ ਕੈਦੇ ਸ਼ੋਰ ਸ਼ਰ ॥**

[ਟੀਕਾ] ਬਾਹਰੋਂ ਮੋਹਤ ਦੇਖੀਦੇ ਹੈਂ ਘੋੜਿਆਂ ਅਰੁ ਊਠਾਂ ਬੀਚ । ੧ । ਅੰਦਰੋਂ ਰਿਦਾ ਉਨਾਂਦਾ ਨਿਰਲੇਪਹੈ ਸੋਰ ਸਰਾਬੇਕੀ ਕੈਦਸੇ । ੨ । ੩੩੦ ॥

**(ਮੂਲ) ਜਹਰ ਅੰਦਰ ਮਾਯਲ ਸੀਮੋ ਜ਼ਰ ਅਸਤ ॥**
**ਬਾਤਨ ਅੰਦਰ ਸਾਹਿਬ ਬਹਿਰੋ ਬਰ ਅਸਤ ॥**

[ਟੀਕਾ] ਬਾਹਰੋਂ ਮੋਹਤ ਦੇਖੀਦੇ ਹੈਂ ਚਾਂਦੀ ਅਰੁ ਸੋਨੇਬੀਚ । ੧ । ਅੰਦਰੋਂ ਹਿਰਦਾ ਮਾਲਕ ਦਰੀਯਾ ਅਰੁ ਜੰਗਲਾਂ ਦਾ ਹੈ । ਹੋਰ ਦਰੀਯਾ ਅਰੁ ਜੰਗਲਾਂ ਦਾ ਜੋ ਮਾਲਕਹੈ ਉਸ ਅੰਦਰ ਰਿਦਾ ਲਗਾ ਹੈ । ਪ੍ਰਮਾਨ । ਸਾਚਾਨਾਮ ਮੇਰਾ ਮਨ ਲਾਗਾ । ਲੋਗਨ ਸਿਉ ਮੇਰਾ ਠਾਠਾ ਬਾਗਾ । ਮ: ੫ । ੨ । ੩੩੧ ।

**(ਮੂਲ) ਰਫਤਹ ਰਫਤਹ ਬਾਤਨ ਸ ਜ਼ਾਹਰ ਸ਼ੁਦਹ ॥**

Digitized by Panjab Digital Library | www.panjabdigilib.org

**ਦਰ ਹਕੀਕਤ ਤੁਬਲਹੇ ਅੰਬਰ ਸ਼ੁਦਹ ॥**

(ਟੀਕਾ) ਹੋਤਿਆਂ ੨ ਕਿਆ ਜਾਤਜਾਂ ੨ ਸਚੇ ਦੀ ਤਰਫ ਰਿਦਾਂ ਉਨਾਂਕਾ ਪ੍ਰਗਟ ਹੂਆ। ਭਾਵ। ਦਿਲਦੀ ਸਫਾਈ ਹੋਕਰ ਬ੍ਰਿਤੀ ਤਦਾਕਾਰ ਹੋ ਗਈ ॥ ੧ ॥ ਇਸਤੇ ਅੰਦਰੋਂ ਰਿਦਾ ਡਬਾ ਸੁਗੰਧਤਾ ਦਾ ਹੂਆ ਹੈ। ਭਾਵ। ਜੈਸੇ ਡਬਾ ਖੋਲਨੇ ਸੇ ਸੁਗੰਧੀ ਫੈਲ ਜਾਤੀਹੈ ਐਸੇ ਲੋਕਾਂਮੇ ਭਗਤੀਸੇ ਪ੍ਰਗਟ ਹੂਏ ਜੋ ਏਹ ਪੂਰਨ ਸੰਤ ਹੈ ॥ ੨ ॥ ੩੩੨ ॥ ਸਿਧਾਂਤ

**(ਮੂਲ) ਜ਼ਾਹਰੋ ਬਾਤਨ ਸ਼ੁਦਹ ਯਕ ਸਾਂਨਿ ਓ ॥**

**ਹਰਦੁ ਆਲਮ ਬੰਦਹੇ ਫਰਮਾਨਿ ਓ॥**

(ਟੀਕਾ) ਬਾਹਰੋਂ ਅੰਦਰੋਂ ਰਿਦਿਓਂ ਹੂਏਹੈਂ ਇਕੋ ਜੇਹੇ ਓਹੁ ਸੰਤ। ਭਾਵ॥ ਨ੍ਰਿਲੇਪ ਰੈਹਦੇ ਹੈਂ ਆਨੇਂਸੇ ਪਦਾਰਥਾਂਕੇ ਹੰਕਾਰੀ ਨਹੀਂ ਹੋਤੇ ਅਰ ਜਾਨੇਸੇ ਚਿਤੋਂ ਦੁਖੀ ਨਹੀ ਹੋਤੇ ॥ ੧ ॥ ਇਸ ਤੇ ਦੋਨੋ ਲੋਕਾਂਕੇ ਬੰਦੇ ਉਨਾਕੇ ਹੁਕਮ ਵਿਚ ਹੈਂ ॥ ੨ ॥ ੩੩੩ ॥

**(ਮੂਲ) ਹਮ ਬ ਦਿਲ ਯਾਦੇ ਖੁਦਾ ਓ ਬਰ ਜ਼ੁਬਾਂ ॥**

**ਈਂ ਜ਼ੁਬਾਂਨਸ ਦਿਲ ਸ਼ੁਦਹ ਦਿਲਸ਼ੁਦ ਜ਼ੁਬਾਂ ॥**

(ਟੀਕਾ) ਉਨਾ ਸੰਤਾਂਦੇ ਬੀਚ ਦਿਲ ਦੇ ਭੀ ਭਗਤੀ ਵਾਹਿਗੁਰੂ ਕੀ ਹੋਤੀ ਹੈ ਅਰੁ ਉਪ੍ਰ ਰਸਨਾ ਦੇ ਭੀ ਹੋਤੀ ਹੈ। ਭਾਵ। ਮਨ ਕਰ ਧਿਆਨ ਕਰਦੇ ਹੈਂ ਅਰੁ ਰਸਨਾਸੇ ਗਾਂਇਨ ਕਰਦੇ ਹੈਂ ਅਰੁ ਅਭਯਾਸ ਕਰਦੇ ਹੈਂ ॥ ੧ ॥ ਏਹ ਰਸਨਾ ਉਨਾਂ ਕੀ ਦਿਲ ਰੂਪ ਹੋਈ ਹੈ ਅਰੁ ਦਿਲ ਰਸਨਾਰੂਪ ਹੂਆਹੈ।ਭਾਵ। । ਅੰਦ੍ਰੋਂ ਬਾਹਰੋਂ ਇਕ ਰੂਪ ਹੋਏ ਹੈਤੇਹੈਂ ॥ ੨ ॥ ੩੩੪॥

**(ਮੂਲ) ਵਾਸਲਾਂਨਿ ਹੱਕ ਚੁਨੀ ਫਰਮੂਦਹ ਅੰਦ ॥**

**ਬੰਦਹਾ ਦਰ ਬੰਦਗੀ ਆਸੂਦਹ ਅੰਦ ॥**

(ਟੀਕਾ)ਸਚੇ ਕੇ ਮਿਲਨ ਵਾਲਿਆਂਨੇ ਐਸੇ ਹੀ ਕਹਜਾਹੈ ਨਿਸਚੇਸੇਂ ॥ ੧ ॥ ਜੋ ਦਾਸ ਹਰੀਦੇ ਬੀਚ ਭਗਤੀ ਦੇ ਬਹੁਤਹੀ ਆਨੰਦ ਖੁਸੀ ਰੈਂਦੇ ਹੈ ॥ ੨ ॥ ੩੩੫ ॥

**(ਮੂਲ) ਸਾਹਿਬੀ ਬਾਸ਼ਦ ਮੁਸੱਲਮ ਸ਼ਾਹਿ ਰਾ ॥**

Digitized by Panjab Digital Library | www.panjabdigilib.org

ਕਰਨਸੇ ਮਨ ਸਾਲਕੇ ਈਂ ਰਾਹਿ ਰਾ॥

(ਟੀਕਾ) ਪੁਨਾ ਵਡਿਆਈ ਇਸਥਿਰ ਹੈ ਪਾਤਿਸਾਹ ਪ੍ਰਮੇਸਰ ਦੀ॥੧। ਇਸਤੇ ਨਮਸਕਾਰਾਂ ਕਰਤੇ ਹੈਂ ਹਮ ਇਸ ਰਸਤੇ ਕੇ ਦਿਖਲਾਵਣ ਵਾਲਿਓਂਕੇ ਤਾਂਈ। ਭਾਵ। ਰਸਤਾ ਏਹ ਜੋ ਹਰੀ ਦੀ ਵਡਿਆਈ ਇਸਥਿਰ ਹੈ ਅਰੁ ਭਗਤੀ ਕਰਨੀ॥੨॥੨੩੬॥

(ਮੂਲ) ਸਾਲਕੇ ਈਂ ਰਹਿ ਬਾਮੰਜ਼ਲ ਰਾਹਿ ਯਾਫਤ॥
ਹਾਸਲੇ ਉਮਰੇ ਦਿਲੇ ਅਗਾਹ ਯਾਫਤ॥

(ਟੀਕਾ) ਦਿਖਲਾਵਣੇਵਾਲੇ ਇਸ ਰਸਤੇਕੇ ਜੋ ਹੈਂ ਉਨਾ ਕੇ ਟਿਕਾਣੇ ਕੀ ਤਰਫ ਜਬ ਰਸਤਾ ਪਾਯਾ ਜਗਜਾਸੂ ਨੇ॥੧॥ ਤਬ ਨਫਾ ਅਵਸਥਾ ਦਾ ਦਿਲ ਅਸਗਾਹੂਕੇਕਾ ਪਾਯਾ। ਭਾਵ। ਜੈਸੇ ਗੰਭੀਰ ਚਿਤ ਸੰਤ ਆਨੰਦ ਪਾਂਵਦੇ ਹੈਂ ਤੈਸੇ ਆਨੰਦ ਪਾਯਾ॥੨॥੨੩੭॥

(ਮੂਲ) ਬੰਦਹਾ ਰਾ ਬੰਦਗੀ ਦਰਕਾਰ ਅਸਤ॥
ਜਾਮ ਸ਼ੌਕੇ ਬੰਦਗੀ ਸਰਸਾਰ ਅਸਤ॥

(ਟੀਕਾ) ਬੰਦਿਆਂਕੇ ਤਾਂਈ ਭਗਤੀ ਕਰਨੀ ਲੋੜ ਹੈ ਲਾਇਕ ਹੈ॥੧॥ ਜਿਨਾ ਨੇ ਗੁਰਾਂਦਾ ਐਸਾ ਉਪਦੇਸ ਸੁਨਕੇ ਧਾਰਨ ਕੀਤਾ ਹੈ ਉਨਾਂਕਾ ਦਿਲਰੂਪੀ ਪਿਆਲਾ ਪ੍ਰੇਮਾਂਭਗਤੀਰੂਪੀ ਅੰਮ੍ਰਿਤਸੇ ਲਬਾਲਬ ਹੋਰਹਜਾ ਹੈ।੨।੨੩੮।

(ਮੂਲ) ਸਾਹਿਬੀ ਜ਼ੇਬਦ ਖ਼ੁਦਾਏ ਪਾਕ ਰਾ॥
ਆਂ ਕਿ ਜ਼ੀਨਤ ਦਾਦ ਮੁਸ਼ਤੇ ਖ਼ਾਕਰਾ॥

(ਟੀਕਾ) ਹੈ ਭਾਈ ਵਡਿਆਈ ਸੋਭਾ ਦੇਤੀ ਹੈ ਸੁਧ ਵਾਹਿਗੁਰੂਕੇ ਤਾਂਈਂ।੧। ਉਸ ਵਾਹਿਗੁਰੂਨੇ ਜੋ ਰੌਣਕ ਦਿਤੀ ਹੈ ਮੁਠੀ ਮਿਟੀਕੇ ਤਾਂਈ। ਭਾਵ। ਤੁਛ ਜੜ ਤਤਾਂ ਰਚਤ ਸਰੀਰ ਕੋ ਬੋਲਨਾ ਚਾਲਨਾ ਫਿਰਨਾ ਖਾਨਾ ਪੀਨਾ ਆਦੀ ਵਿਹਾਰਾਂ ਕੇ ਜਾਨਣੇ ਵਾਲਾ ਕੀਆਹੈ ਚੇਤਨ ਸਤਾ ਦੇਕਰ ਇਸਤੇ।੨।੨੩੯।

(ਮੂਲ) ਸ਼ੌਕਿ ਅਜ਼ ਯਾਦੇ ਹਕ ਸ ਮੁਮਤਾਜ਼ ਕਰਦ॥
ਸਰੇਫਰਾਜ਼ੇ ਸਾਹਿਬੇ ਹਰ ਰਾਜ਼ ਕਰਦ॥

Digitized by Panjab Digital Library | www.panjabdigilib.org

(ਟੀਕਾ) ਪੁਨਾ ਉਸ ਰਖਕ ਵਾਹਿਗੁਰੂ ਨੇ ਪ੍ਰੇਮਾਭਗਤੀ ਸੇ ਜੜ ਤਤਾਂ ਤਰਤ ਸਰੀਰਕੋ ਬਡਾ ਕੀਆ ਹੈ । ਭਾਵ । ਸਭ ਜੀਵਾਂਕਾ ਪੂਜ ਬਾਦਸਾਹ ਕੀਤਾ ਹੈ । ੧ । ਪੁਨਾ ਬਡਾ ਬੁਲੰਦ ਮਾਲਕ ਤਮਾਮ ਭੇਦੋਂਕਾ ਕੀਆ ਹੈ । । ਭਾਵ । ਸੁਭ ਅਸੁਭ ਸਭ ਬਾਤੋਂ ਕੇ ਜਾਨਨ ਵਾਲਾ ਕੀਆ ਹੈ । ੨ । ੨੪੦ ।

(ਮੂਲ) ਮੁਸਤਿਖਾਕਅਜ਼ੁਯਾਦਿਹਕ ਰੌਸ਼ਨਗਰਿਫਤ ॥
ਬਸ ਕਿ ਦਰ ਦਿਲ ਸ਼ੌਕਿ ਯਾਦਿਹਕ ਗਰਿਫਤ ॥

(ਟੀਕਾ) ਪੁਨਾ ਮੁਠੀ ਮਿਟੀਕੀ ਇਸ ਦੇਹੀ ਨੇ ਸਚੇ ਕੀ ਭਗਤੀ ਸੇ ਪ੍ਰਕਾਸਤਾ ਪਕੜੀ ਹੈ । ਭਾਵ । ਸਭ ਸੇ ਬਡਾ ਮਰਾਤਬਾ ਪਾਯਾ ਹੈ । ੧ । ਜੋ ਅਤ ਸੇ ਕਰਕੇ ਅੰਦਰ ਦਿਲਨੇ ਪ੍ਰੇਮ ਸਚੇ ਕੀ ਭਗਤੀ ਦਾ ਪਕੜਿਆ । ਭਾਵ । ਜਿਸ ਕੀ ਭਗਤੀ ਐਸੀ ਸੁਖਦਾਈ ਹੈ ਉਸ ਹਰੀਕੀ ਸਦਾ ਭਗਤੀ ਕਰੀਏ । ੨ । ੨੪੧

(ਮੂਲ) ਏ ਜ਼ਿਹੇ ਕਾਦਰ ਕਿ ਅਜ਼ ਯਕ ਕਤਰਹ ਆਬ ॥
ਖ਼ਾਕ ਰਾ ਰੌਸ਼ਨ ਕੁਨਦ ਚੂੰ ਆਫਤਾਬ ॥

(ਟੀਕਾ) ਐ ਪਿਆਰੇ ਵਾਹ ੨ ਹੈ ਓਹ ਸਮਰਥ ਹਰੀ ਜੋ ਜਿਸ ਨੇ ਆਪਣੀ ਸਤਾ ਸੇ ਇਕ ਰੈਂਦਕਭਰਜਲ । ੧ । ਅਰੁ ਮਿਟੀ ਕੇ ਤਾਂਈ ਪ੍ਰਕਾਸਵਾਨ ਕੀਆ ਹੈ ਮਾਨਿੰਦ ਸੂਰਜ ਕੇ । ਭਾਵ । ਦੋ ਤਤ ਬੀਚ ਹੈਂ ਅਰੁ ਅਧਕਾਰ ਸੇ ਤੀਨ ਜਾਨ ਲੈਣੇ । ਪ੍ਰਮਾਨ । ਜਹਾਂ ਏਕ ਕੀ ਗਣਤੀ ਆਵੈ । ਤਹਾਂ ਪਾਂਚੋਂ ਅਵਸਰ ਹਾਵੈਂ । ਅਲੰਕਾਰ । ਤਾਂਤੇ ਦੇਖੀਏ ਜੜ ਤਤਾਂਰਤ ਸਰੀਰ ਕੋ ਸਮਰਥ ਕੀਤਾ ਹੈ । ੨ । ੨੪੨ ।

(ਮੂਲ) ਏ ਜ਼ਿਹੇ ਖਾਕੇ ਕਿ ਨੂਰ ਅਫਰੋਜ਼ ਸ਼ੁਦ ॥
ਈਂ) ਸਆਦਤਹ(ਨਸੀਬ ਅੰਦੋਜ਼ ਸ਼ੁਦ ॥

(ਟੀਕਾ) ਤਾਂਤੇ ਹੇ ਪਿਆਰੇ ਵਾਹ ੨ ਹੈ ਓਹ ਖਾਕੀ ਸਰੀਰ ਜੋ ਜਿਸਮੇਂ ਚੇਤਨ ਕਾ ਪਕਾਸ ਪ੍ਰਗਟ ਹੂਆ ਹੈ । ੧ । ਪੁਨਾ ਜਿਸਮੇ ਏਹ ਭਲਿਆਈਆਂ ਸਮੂਹ ਪ੍ਰਾਪਤਿ ਹੂਈਆਂ ਹੈਂ । ਭਾਵ । ਜੋ ਸਰੀਰ ਸੁਭ ਕਰਮਾਂ ਮੇ ਲਗਾ ਹੈ । ੨ । ੨੪੩ ।

(ਮੂਲ) ਏ ਜ਼ਿਹੇ ਕੁਦਰਤਿ ਕਿ ਹਕ ਬਰ ਆਵਰਦ ॥
ਮੁਸ਼ਤ ਖਾਕੇ ਰਾ ਬ ਗੁਫਤਾਰ ਆਵਰਦ ॥

Digitized by Panjab Digital Library | www.panjabdigilib.org

(ਟੀਕਾ) ਐ ਪਿਆਰੇ ਧੰਨ ੨ ਹੈ ਸਕਤੀ ਜੋ ਸਰ ਦਾ ਫਲ ਲਿਆ ਈ ਹੈ । ਭਾਵ । ਸਰੀਰਾਂਮੈ ਚੇਤਨ ਸਤਾ ਕੋ ਇਸਥਿਰ ਕੀਤਾ ਹੈ।ਤਾਂਤੇ ਚੇਤਨ ਸਤਾ ਨੇ ਮੁਠੀ ਭਰ ਮਿਟੀਕੇ ਸਰੀਰਨੂੰ ਬੋਲ ਬੋਲਨੇ ਦੇ ਲਿਆਂਦਾ ਹੈ । ੨ । ੩੪੪॥

(ਮੂਲ) ਹਾਸਲ ਈ ਜ਼ਿੰਦਗੀ ਯਾਦੇ ਖ਼ੁਦਾ ਅਸਤ ॥
ਵ ਜਿਹੇ ਚਸਮ ਸ ਕਿ ਬੂਰ ਹਕ ਮੁਬਤਲਾ ਅਸਤ ॥

(ਟੀਕਾ) ਤਾਂਤੇ ਨਫਾ ਏਹੀ ਹੈ ਜੀਵਣੇ ਦਾ ਜੋ ਭਗਤੀ ਵਾਹਿਗੁਰੂ ਕੀ ਕਰਨੀ ਹੈ । ੧ । ਪੁਨਾ ਐ ਪਿਆਰੇ ਧੰਨ ਹੈਂ ੨ ਓਹੁ ਨੇਤ੍ਰ ਜੋ ਉਪਰ ਸਚੇ ਦੇ ਮੋਹਤ ਹੈਂ । ੨ । ੩੪੫ ।

(ਮੂਲ) ਵ ਜਿਹੇ ਦਿਲ ਕੌ ਦਰ ਸ ਸ਼ੌਕਿ ਸ ਬਵੱਦ ॥
ਦਰ ਹਕੀਕਤ ਸਾਹਿਬੇ ਜ਼ੌਕਿ ਸ ਬਵੱਦ ॥

(ਟੀਕਾ) ਐ ਪਿਆਰੇ ਵਾਹ ੨ ਹੈ ਓਹੁ ਦਿਲ ਜੋ ਜਿਸਕੇ ਅੰਦਰ ਪ੍ਰੇਮ ਉਸ ਪਿਆਰੇ ਕਾ ਹੈ । ੧ । ਪੁਨਾ ਬੀਚ ਸਚਿਆਈ ਦੇ ਮਾਲਕ ਪ੍ਰੇਮ ਦਾ ਓਹ ਹੈ।ਭਾਵ । ਓਹ ਬਡੇ ਪ੍ਰੇਮ ਵਾਲਾ ਹੈ ਜਿਸਕਾ ਦਿਲ ਸਚੇ ਮੈ ਲਗਾ ਹੈ।੨।੩੪੬॥

(ਮੂਲ) ਆਂ ਜਿਹੇ ਸਰ ਕੋ ਬ ਰਾਹਸ ਦਰ ਸਜੂਦ ॥
ਹਮ ਚੁ ਗੋ ਚੌਗਾਨ ਸ਼ੌਕਿ ਸ ਦਰ ਰਬੂਦ ॥

(ਟੀਕਾ) ਓਹ ਸਿਰ ਧੰਨ ਹੈ ੨ ਜੋ ਤਰਫ ਰਸਤੇ ਉਸਕੇ ਕੇ ਅੰਦਰ ਨਮਸਕਾਰਾਂ ਕਰਤਾ ਹੈ । ੧ । ਭੀ ਮਾਨਿੰਦ ਖੁਦੋ ਦੇ ਖੂੰਡੀ ਪ੍ਰੇਮ ਉਸਕੇ ਅੰਦਰ ਲੈ ਗਿਆ ਹੈ । ਭਾਵ।ਸਿਰ ਰੂਪੀ ਖੇਨੂੰ ਕੋ ਪ੍ਰੇਮਰੂਪੀ ਖੂੰਡੀਸੇ ਕੁਸੰਗਤਿਰੂਪੀ ਮੈਦਾਨ ਵਿਚੋਂ ਗੁਰਾਂਕੇ ਚਰਨਾਂਰੂਪੀ ਅਸਥਾਨ ਮੈ ਲੈਗਿਆ ਹੈ ਜੋ ਓਹ ਪ੍ਰੇਮ ਧੰਨ ਹੈ ਅਥਵਾ ਹੰਕਾਰ ਕੋ ਪ੍ਰੇਮਰੂਪੀ ਖੂੰਡੀਸੇ ਸਰੀਰ ਵਿਚੋਂ ਦੂਰ ਕਰ ਦੀਆ ਹੈ ਜਿਸਨੇ ਓਹ ਧੰਨ ਹੈ । ੨ । ੩੪੭ ।

(ਮੂਲ) ਆਂ ਜਿਹੇ ਦਸਤੇ ਕਿ ਵਸਫੇ ਓ ਨਵਿਸਤ ॥
ਆਂ ਜਿਹੇ ਪਾਏ ਕਿ ਦਰ ਕੂਏ ਸ ਗੁਜ਼ਸਤ ॥

(ਟੀਕਾ) ਓਹ ਹਥ ਵਾਹ ੨ ਹੈਂ ਜੋ ਸਿਫਤ ਉਸ ਪਿਆਰੇ ਕੀ ਲਿਖਤੇ ਹੈਂ । ਪ੍ਰਮਾਨ । ਧੰਨ ਲਿਖਾਰੀ ਨਾਨਕਾ ਜਿਨ ਨਾਮ ਲਿਖਾਇਆ ਸਚੁ । ਵਾਰ । ੧ । ਪੁਨਾ ਓਹ ਪੈਰ ਧੰਨ ਹੈਂ ੨ ਜੋ ਅੰਦਰ ਕੂਚੇ ਉਸਕੇ ਕੇ ਗੁਜਰਤੇ ਹੈਂ ।

Digitized by Panjab Digital Library | www.panjabdigilib.org

। ਭਾਵ । ਜੋ ਹਰੀ ਕੇ ਸੰਤਾਂਕੀ ਸੰਗਤਿਮੈਂ ਜਾਤੇਹੈਂ ਅਰੁ ਪ੍ਰਕਰਮਾਕਰਤੇਹੈਂ । ਧ੍ਯਮਾਨ ਚਰਨ ਅਮੋਲ ਪ੍ਰਦਛਨਾ ਕਰਨ ਕੈ । ਕਬਿਤ ਭਾਈ ਕਾ । ੨ । ੩੪੯।

(ਮੂਲ) ਆਂ ਜੁਬਾਂਨ ਬਿਹ ਕਿ ਜਿਕਰੇ ਓ ਕੁਨਦ ॥
ਖਾਤਰੇ ਆਂ ਬਿਹ ਕਿ ਫਿਕਰੇ ਓ ਕੁਨੱਦ ॥

(ਟੀਕਾ) ਓਹ ਰਸਨਾ ਭਲੀ ਹੈ ਜੋ ਭਜਨ ਉਸ ਵਾਹਿਗੁਰੂਕਾ ਕਰਤੀ ਹੋਵੇ । ਓਹ ਰਿਦਾ ਚੰਗਾ ਹੈ ਜੋ ਧਿਆਨਉਸ ਪਮੇਸੁਰਕਾ ਕਰਤਾ ਹੈ ।੨।੩੪੯।

(ਮੂਲ) ਦਰ ਹਮਹ ਉਜਵੈ ਕਿ ਓ ਅੰਦਰ ਤਨਸਤ ॥
ਸ਼ੌਕਿਓ ਅੰਦਰ ਸਰੇ ਮਰਦੋ ਜਨ ਅਸਤ ॥

ਟੀਕਾ—ਤਾਂਤੇ ਹੇ ਭਾਈ ਅੰਦਰ ਤਮਾਮ ਅੰਗਾਂ ਦੇ ਅਰੁ ਅੰਦਰ ਅੰਤਾਹ ਕਰਨਦੇ ਜੋ ਓਹ ਰਖਕ ਵਾਹਿਗੁਰੂ ਬਜਾਪਕਹੈ ।੧। ਪੁਨਾ ਪ੍ਰੇਮ ਉਸਕਾ ਇਸਤ੍ਰੀਆਂ ਪੁਰਸ਼ਾਂਕੇ ਰਿਦੇ ਅੰਦਰ ਹੈ । ਭਾਵ । ਆਪਣੀ ੨ ਕਾਮਨਾਂ ਦੁਆਰੇ ਸਭੀ ਚਾਹੁਤੇ ਹੈਂ । ੨ । ੩੫੦ ।

(ਮੂਲ) ਆਰਜੂਏ ਜੁਮਲਹ ਸੂਏ ਓ ਬਵੱਦ ॥
ਸ਼ੌਕਿ ਓ ਆਗਿਸਤਹ ਦਰ ਹਰ ਮੂ ਬਵਦ ॥

[ਟੀਕਾ] ਅਰੁ ਇਛਿਆਵਾਨ ਜਗਜਾਸੂ ਤਮਾਮ ਤਰਫ ਉਸਕੀ ਸਾਖਸ਼ਾਤਕਾਰਕੇ ਹੈਂ । ਭਾਵ । ਹਰੀ ਸਾਖਸ਼ਾਤ ਹੋਵੈ ਜਿਸ ਕਰ ਫੇਰ ਜਨਮਆਦੀ ਦੁਖਾਂਸੇ ਛੁਟ ਜਾਵੈਂ ॥੧॥ ਇਸੀਤੇ ਪ੍ਰੇਮ ਉਸਕਾ ਮਿਲਜਾਂ ਹੂਆ ਹੈ ਅੰਦ੍ਰ ਤਮਾਮ ਰੋਮਾਂ ਦੇ ॥੨॥੩੫੧॥

(ਮੂਲ) ਗੈਰ ਤ ਖਾਹੀ ਸਾਹਿਬੇ ਇਰਫਾਂ ਸਵੀ ॥
ਜਾਂ ਬ ਜਾਨਾਂ ਦਿਹ ਕਿ ਤਾ ਜਾਨਾਂ ਸਵੀ ॥

(ਟੀਕਾ) ਜੇਕਰ ਤੇਰੇ ਕੋ ਇਛਿਆ ਬਡੇ ਗਿਆਨਕੀਹੋਵੈ । ਭਾਵ । ਅਪ੍ਰੋਖ ਗਿਆਨ ਕੀ ਚਾਹ ਰਖਤਾ ਹੈ ਤੂੰ ।੧। ਤਾਂ ਸਰੀਰ ਤਰਫ ਪਿਆਰੇ ਦੇ ਦੇਹ ਜੋ ਕਰ ਦੇਵੇ ਤਬ ਤੂੰ ਪਿਆਰੇਦਾ ਰੂਪ ਹੋਵੈਂਗਾ ॥੨॥੩੫੨॥ ਪ੍ਰਸਨ ਅਪ੍ਰੋਖ ਗਜਾਨ ਦੁਆਰਾ ਜੋ ਆਪਨੇ ਹਰੀਦਾਰੂਪ ਹੋਣਾ ਕਹਜਾ ਹੈ ਸੋ ਅਪ੍ਰੋਖ ਗਜਾਨਤੇ ਪੇਹਲੇ ਭੀ ਕੋਈ ਸਾਧਨ ਕਰਨਾ ਚਾਹੀਦਾਹੈ ਯਾ ਨਹੀਂ ਜੇਕਰ ਚਾਹੀਦਾ ਹੈ ਤਾਂ ਓਹੁ ਸਾਧਨ ਆਪਨੇਆਪ ਕਰਣਾ ਜਾਤਾ ਹੈ ਕੇ ਕਿਸੇ ਦੁਆਰਾ

Digitized by Panjab Digital Library | www.panjabdigilib.org

ਪ੍ਰਾਪਤਿ ਹੋਤਾ ਹੈ ਜੇਕਰ ਕਿਸੇ ਦੁਆਰੇ ਪ੍ਰਾਪਤਿ ਹੋਤਾ ਹੈ ਤਾਂ ਕਿਸ ਵਸਤੂ ਕੇ ਬਦਲੇ ਮਿਲਤਾ ਹੈ ਸੋ ਕਹੀਏ ਜੀ ਉਤ੍ਰ

**(ਮੂਲ) ਹਰਚਿ ਦਾਰੀ ਕੁਨ ਹਮਹ ਕੁਰਬਾਨਿ ਓ ॥**
**ਰੋਜ਼ ਚੀਨੀ ਮੇਕੁਨਦ ਅਜ਼ ਖ਼ਾਨਿ ਓ ॥**

(ਟੀਕਾ) ਜੋ ਕੁਛ ਪਾਸ ਰਖਤਾ ਹੈਂ ਓਹੁ ਤਮਾਮ ਪਦਾਰਥ ਵਾਰਨੇ ਕਰ। ਭਾਵ॥ ਮਨ ਤਨ ਧਨ ਸੰਤਾਂ ਗੁਰਾਂ ਕੇ ਅਰਥ ਦੇਹ। ੧। ਪੁਨਾ ਡੁਲਜਾਂ ਹੂਆ ਚੁਣ ਨਾ ਕਰ ਉਨਕੇ ਘਰ ਸੇ। ਭਾਵ। ਸੰਤ ਸੰਗਤਿ ਵਿਚੋਂ ਦੈਵੀ ਸੰਪਤੀ ਗੁਣ ਕਿਆ ਆਗਜਾ ਅਨੁਸਾਰ ਵਰਤਕੇ ਬੋਲਨ ਚਾਲਨ ਬੈਠਨ ਖਾਣ ਪਾਨ ਆਦੀ ਸਾਧਨ ਕਰਨ ਆਦੀ ਗੁਣਾਂ ਕੋ ਇਕਤ੍ਰ ਕਰ॥ ੨। ੩੫੩

**[ਮੂਲ] ਗੌਹਰੇ ਮਕਸੂਦ ਤੋ ਹਾਸਿਲ ਸਵਦ ॥**
**ਨਾਕਸ ਅੰਦਰ ਸੁਹਬਤੇ ਕਾਮਲ ਸਵਦ ॥**

(ਟੀਕਾ) ਫੇਰ ਤਿਨਾ ਕਰ ਪ੍ਰਜੋਜਨ ਰੂਪੀ ਮੋਤੀ ਤੇਰੇ ਕੋ ਪ੍ਰਾਪਤਿ ਹੋਵੈਗਾ। ਭਾਵ। ਹਰੀ ਕਾ ਅਪ੍ਰੋਖ ਹੋਵੈਗਾ॥੧॥ ਕਿਉ ਜੋ ਖਾਲੀ ਨਿਰਸਾਧਨ ਭੀ ਸਤਸੰਗ ਅੰਦ੍ਰ ਪੂਰਨ ਗੁਣਾਂ ਵਾਲੇ ਹੋਤੇ ਹੈਂ॥ ੨॥ ੩੫੪॥

**(ਮੂਲ) ਤੋ ਹਮ ਅਜ਼ ਈਂ ਉਮਰ ਯਾਬੀ ਬਹਰਏ ॥**
**ਮਿਹਰ ਇਰਫਾਂਨਸ ਚੁ ਬਖਸ਼ਦ ਜ਼ਰਏ ॥**

(ਟੀਕਾ) ਜੇਕਰ ਸਤਸੰਗ ਕਰੇਂ ਤਾਂ ਤੂੰ ਭੀ ਇਸ ਅਵਸਥਾ ਸੇ ਪਾਵੇਂ ਫਲ। ਭਾਵ। ਸਤਸੰਗ ਸੇ ਹਰੀ ਕੀ ਪ੍ਰਾਪਤੀ ਪਾਂਵੇਗਾ। ੧। ਜਬ ਉਸ ਵਾਹਿਗੁਰੂ ਕਾ ਗਜਾਨ ਰੂਪੀ ਸੂਰਜ ਬਖਸ਼ ਦੇਵੇਂਗੇ ਜਰਾਮਾਤ੍ਰ ਛਿਪਾਂ ਸੈ॥ ਭਾਵ। ਅਪ੍ਰੋਖ ਗਜਾਨ ਜਬ ਕਰ ਦੇਵੈਂਗੇ। ੨। ੩੫੫।

**(ਮੂਲ) ਨਾਮਤੋ ਅੰਦ ਜਹਾਂ ਗਰਦਦ ਬੁਲੰਦ ॥**
**ਸੌਕਿ ਇਰਫਾਨੇ ਤੁ ਕੁਨਦ ਬਸ ਅਰਜ਼ ਮੰਦ ॥**

( ਟੀਕਾ ) ਫੇਰ ਨਾਮ ਤੇਰਾ ਬੀਚ ਸੰਸਾਰ ਦੇ ਹੋਵੇਗਾ ਬਡਾ। ੧। ਪੁਨਾ ਪ੍ਰੇਮ ਗਜਾਨ ਕਾ ਤੇਰੇ ਅਗੇ ਕਰੇਗਾ ਬੋਤ ਜੀਵ ਅਰਜਾਂ ਵਾਲੇ। ਭਾਵ। ਸਭ ਕੋ ਅਧੀਨ ਕਰ ਦੇਵੈਗਾ। ੨। ੩੫੬।

Digitized by Panjab Digital Library | www.panjabdigilib.org

(ਮੂਲ) ਸੌਕਿ ਇਰਫਾਂਨਸੌਕਸੇਰਾ ਦਸਤ ਦਾਦ ॥

ਕਜ ਕਲੀਦਸ ਕੁਲਫ ਦਿਲ ਰਾ ਵਾਕੁਸਾਦ ॥

(ਟੀਕਾ) ਪ੍ਰੇਮ ਉਸ ਹਰੀਕੇ ਗਿਆਨਕਾ ਜਿਸ ਕਿਸੇਕੇ ਤਾਂਈ ਹਥ ਦੇਤਾ ਹੈ। ਭਾਵ। ਪ੍ਰੇਮ ਜਿਸਕੋ ਪ੍ਰਾਪਤ ਹੋਤਾ ਹੈ।੧। ਜੋ ਤੌਓਹੁ ਪ੍ਰੇਮਰੂਪੀ ਕੁੰਜੀਸੇ ਦਿਲਰੂਪੀ ਜੰਦਰੇ ਕੌ ਖੋਲਤਾ ਹੈ। ਭਾਵ। ਦਿਲ ਕੋ ਸੁਧ ਨਿਮਾਨ ਕਰਤਾ ਹੈ।੨।੩੫੭।

(ਮੂਲ) ਕੁਲਫ ਰਾ ਬੁਕਸਾਂ ਓ ਮਾਲੇ ਬੇ ਕਿਰਾ ॥

ਦਰ ਕਫੇ ਖੁਦ ਆਰ ਅਜ ਗੰਜੇ ਨਿਹਾਂ ॥

[ਟੀਕਾ] ਤੂੰ ਤੇ ਜੰਦਰੇਕੋ ਤਾਂਈ ਖੋਲੀਏ ਉਸਮੈ ਪਦਾਰਥ ਬੇਓੜਕ ਹੈ। ਭਾਵ। ਉਦਮਸੇ ਕੁੰਜੀ ਲੇਕਰ ਜੰਦਾ ਖੋਲਲੈ।੧। ਫੇਰ ਬੀਚ ਹਥੇਲੀ ਆਪਣੀਦੇ ਲਿਆ ਖਜਾਨੇ ਗੁਜੇਸੇ ਓਹੁ ਪਦਾਰਥ।੨।੩੫੮। ਪ੍ਰਸਨ ਓਹੁ ਪਦਾਰਥ ਕੈੜ੍ਹਾ ਹੈ ਜੰਦਰੇ ਅੰਦਰ ਜੋ ਆਪ ਲਿਆਂਵਣਾ ਕਹਤੇ ਹੋ। ਉਤ੍ਰ।

(ਮੂਲ) ਕੰਦਰਾਂ ਲਾਲੋ ਗੁਹਰ ਬਿਸੀਯਾਰ ਹਸਤ ॥

ਅਜ ਮਤਾਏ ਲੋਲੂਏ ਸਹਿ ਵਾਰ ਹਸਤ ॥

[ਟੀਕਾ] ਖਜਾਨੇ ਕੇ ਅੰਦਰ ਲਾਲ ਅਰੁ ਮੋਤੀ ਬਤਹੇ ਜੋ ਖੋਲਦਾਹੈ ਸੋ ਦੇਖਦਾਹੈ ਗੁਣਾਂਰੂਪੀ ਪਦਾਰਥ।੧। ਪ੍ਰਸਨ। ਐਸੇ ਪਦਾਰਥਾਂਵਾਲੇ ਜੰਦਰੇਕੀ ਕੁੰਜੀ ਕਿਸਸੇ ਮਿਲਤੀ ਹੈ। ਉਤ੍ਰ। ਓਹ ਜੋ ਲਾਲਾਂਰੂਪੀ ਪਦਾਰਥਹੈ ਉਸਕੀ ਕੁੰਜੀ ਸਾਹਵਾਲਜਯੋਂ ਪ੍ਰਾਪਤੀ ਹੈ। ਭਾਵ। ਉਸਕੀ ਕੁੰਜੀ ਸੰਤਾ ਪਾਸੋ ਮਿਲਤੀ ਹੈ।੨।੩੫੯।

(ਮੂਲ) ਹਰਚਿ ਮਖਾਹੀ ਜਿ ਗੰਜ ਬੇ ਸੁਮਾਰ ॥

ਆਇਦੋਤੁ ਦਰ ਦਸਤ ਏ ਆਲੀਤ ਬਾਰ ॥

(ਟੀਕਾ) ਕੁੰਜੀ ਲੇਕਰ ਫੇਰ ਜੋ ਕਛ ਚਾਹਵੈ ਉਸ ਬਿਅੰਤ ਖਜਾਨੇਸੇਂ।੧। ਓਹੁ ਆਵੇਗਾ ਤੇਰੇ ਹਥਕੇ ਬੀਚ ਐ ਬਡੇ ਮ੍ਰਾਤਬਵਾਲੇ। ਭਾਵ। ਏਹ ਮਨੁਖਾ ਜਨਮ ਸਭਸੇ ਬਡਾਹੈ ਇਸ ਮੈ ਜੈਸੇ ਮ੍ਰਾਤਬਾ ਤੇ ਪਦਾਰਥ ਚਾਵੇ ਵੈਸੇ ਮਿਲ ਜਾਤਾ ਹੈ।੨।੩੬੦।

(ਮੂਲ) ਪਸ ਬਿਖਾਨੀ ਸਾਹਿਬਾਨੇ ਸੌਕਿ ਰਾ ॥

Digitized by Panjab Digital Library | www.panjabdigilib.org

ਤਾ ਜਿ ਸਾਂ ਹਾਸਲ ਕੁਨੀ ਈਂ ਜੌਕਿਰਾ ॥

( ਟੀਕਾ ) ਜੇ ਲੋੜਹਈ ਤਾਂ ਫੇਰ ਚਾਹਿ ਮਾਲਕ ਪ੍ਰੇਮਕਿਆਂਕੇ ਤਾਂਈ । ਭਾਵ । ਸੰਤਾ ਸੇ ਮਿਲਕੇ ਸੇਵਾ ਕਰ । ੧ । ਜਬ ਸੇਵਾ ਕਰੈ ਤਾਂ ਉਨਾਂਸੇ ਪ੍ਰਾਪਤਿ ਕਰਲਏਂਗਾਤੂੰ ਇਸ ਪ੍ਰੇਮ ਰੂਪੀ ਕੁੰਜੀ ਤਾਂਈ । ੨ । ੩੬੧ ।

[ਮੂਲ] ਜੌਕਿ ਸੌਕੇ ਹਕ ਅਗਰ ਬਾਸਦ ਤਰਾ ॥

ਫੈਜ ਈਂ ਸੁਹਬਤ ਅਸਰ ਬਖਸਦ ਤੁ ਰਾ ॥

( ਟੀਕਾ ) ਸਚੇ ਕੇ ਪ੍ਰੇਮਦੀ ਚਾਉ ਜੇਕਰ ਹੋਵੈ ਤੇਰੇ ਤਾਂਈ । ੧ । ਤਾਂ ਸੰਗਤਿ ਕਾ ਪ੍ਰਤਾਪ ਏਹ ਅਸਰ ਬਖਸੇਗਾ। ਤੇਰੇ ਤਾਂਈ ਭਾਵ । ਪ੍ਰੇਮ ਦੀ ਪ੍ਰਾਪਤੀ ਹੋਗੀ । ੨ । ੩੬੨ । ਪ੍ਰਸਨ ਆਪਨੇ ਕਹਤਾ ਹੈ ਜੋ ਪ੍ਰਮੇਸ੍ਰ ਸਭਮੈ ਬਤਾਪਕ ਹੈ ਜਬ ਪ੍ਰਮੇਸਰ ਸਭਮੈ ਬਤਾਪਕਹੈ ਤਾਂ ਸੰਤਾਂ ਰੂਤਾਂਮੈ ਕੌਨ ਮਹੱਤਤਾਹੈ ਜਿਸਕਰਉਨਾਂਕੀ ਸੇਵਾਂਅਰਸੰਗਤ ਕਰਨੀਆਪਪੁਨਾਃਕਹਤੇ ਹੋ ਸੋ ਕਹੀਏ ਉਤ੍ਰ

[ਮੂਲ] ਗਰਚਿ ਦਰ ਦਿਲਹਾ ਨ ਬਾਸਦ ਜੁਜ ਖੁਦਾ ॥

ਆਰਫਾਂ ਰਾ ਮੰਜਲੇ ਬਾਸਦ ਜਿਲਾ ॥

( ਟੀਕਾ ) ਹੇ ਭਾਈ ਯਦਪ ਬੀਚ ਸਮਗ੍ਰ ਦਿਲਾਂਦੇ ਨਹੀ ਹੈ ਸੁਆ੍ ਵਾਹਿਗੁਰੂ ਕੇ । ਭਾਵ । ਸਭਦੇ ਅੰਦ੍ਰ ਹਰੀਕਾਹੀ ਪ੍ਰਕਾਸ ਹੈ ਹੋਰਕਾ ਨਹੀ । ੧। ਤੌਭੀ ਗਤਾਨਵਾਨਾਂ ਦਾ ਰਿਦਾ ਬਡਾ ਦਿਕਾਣਾ ਹੈ । ਭਾਵ । ਸੰਤਾਂਕੇ ਰਿਦੇਮੈਂ ਹਰੀ ਬਸੇਸ ਰੈਤਾ ਹੈ ।ਜੈਸੇ ਲੋਕਕ ਪਾਤਿਸਾਹੋਂਕੇ ਏਕ ਖਾਸਗੀ ਮੰਦਰ ਹੋਤੇ ਹੈਂ ਅਰੁ ਏਕ ਗੌਨ ਹੋਤੇ ਹੈਂ ਹੋਰ ਜੈਸੇ ਹੋਰ ਸਭਰਾਣੀਆਂਸੇ ਰਾਜਾਕੀ ਪ੍ਰੀਤੀ ਬੈਠਨ ਉਠਨ ਕੀ ਹੋਤੀ ਹੈ ਪ੍ਰੰਤੂ ਪਟਿਰਾਣੀਸੇ ਅਰੁ ਪੁਤ੍ਰਵੰਤੀਸੇ ਅਧਿਕ ਹੋਤੀ ਹੈ ਐਸੇ । ੨ । ੩੬੩ ।

(ਮੂਲ) ਗੈਰ ਆਰਫ ਵਾਕਫੇ ਈਂ ਹਾਲ ਨੇਸਤ ॥

ਆਰਫਾਂ ਰਾ ਗੈਰ ਜਿਕਰ ਸ ਕਾਲ ਨੇਸਤ ॥

(ਟੀਕਾ) ਸਿਧਾਂਤ । ਬਿਨਾਂ ਗਤਾਨਵਾਨਾਂਦੇ ਮਹਰਮ ਬਸੇਸ ਕਰਕੇ ਇਸ ਹਵਾਲੇਦਾ ਨਹੀਂਹੈ । ਭਾਵ । ਸੰਤਾ ਬਿਨਾ ਏਹ ਭੇਦ ਹੋਰ ਕੋਈ ਨਹੀ ਜਾਨਤਾ ਪ੍ਰਮਾਨ । ਨਾਨਕ ਬ੍ਰਹਮ ਗਿਆਨੀਕੀ ਗਤਿ ਬ੍ਰਹਮ ਗਿਆਨੀ ਜਾਨੈ।ਸੁਖਮਨੀ ਤਾਂਤੇ ਸੰਤਾਂ ਕੋ ਹੀ ਸਾਖਾਤ੍ਰਤਾ ਹੋਤੀ ਹੈ ਇਸਤੇ ਸੰਤਹੀ] ਜਾਨਤੇ ਹੈਂ ।੧। ਪ੍ਰਸਨ ਇਸ ਬਾਤ ਕੋ ਗਤਾਨੀ ਜਾਨਤੇ ਹੈਂ ਅਰੁ ਹੋਰ ਨਹੀ ਜਾਂਨਤੇ ਇਸਮੈ ਕੌਨ

Digitized by Panjab Digital Library | www.panjabdigilib.org

ਹੇਤੂਹੈ ।ਉਤ੍ਰ। ਗਿਆਨਵਾਨਾਂਦਾ ਬਿਨਾ ਭਜਨ ਉਸਕੇਕੋ ਕਹਣਾ ਨਹੀਂ ਹੈ । ਭਾਵ । ਸੁਆਸ੨ਭਜਨ ਕਰਤੇਹੈਂ ਇਸਤੇ । ਪ੍ਰਮਾਨ। ਬੈਠਤ ਹਰਿ ਹਰਿ ਸੋਵਤ ਹਰਿ ਹਰਿ ਹਰਿ ਰਸ ਭੋਜਨ ਖਾਤਾ। ਦੇਵ ਗੰਧਾਰੀ ਮ: ੫ । ੨।੩੬੪ ।ਪ੍ਰਸਨ ਆਪ ਨੇ ਕਹਾਹੈ ਜੋ ਸੰਤ ਸੁਆਸ ੨ ਭਜਨ ਕਰਤੇ ਹੈਂ ਇਸਤੇ ਸੰਤਾਂ ਕੀ ਬਸੇਸਤਾ ਹੈ ਭਾਤੇ ਜਬ ਭਜਨਮੇਂ ਬਸੇਸਤਾਹੈ ਤਾਂ ਫੇਰ ਆਪਨੇਆਪ ਨਾਮ ਜਪ ਲਏਂਗੇ ਸੇਵਾ ਕਰਨੇ ਮੈ ਮਮਾਂ ਲਾਬਿਤ੍ਰਾਵਨਾ ਚਾਹੀਏ ਉਤ੍ਰ ।

**(ਮੂਲ) ਬਾਦਸ਼ਾਹਾਂ ਸਲਤਨਤ ਬੁਗਜ਼ਾਸਤੰਦ ॥**
**ਚੂ ਗਦਾਇਆ ਕੂਬਕੂ ਬਿਸਤਾਫ਼ਤੰਦ ॥**

(ਟੀਕਾ) ਭਰਥਰੀਆਦੀ ਬਾਦਸਾਵਾਂਨੇ ਰਾਜ ਸਾਜ ਕੀ ਸਮਗ੍ਰੀ ਤ੍ਯਾਗ ਛੋਡੀ ਸੀ । ੧ । ਮਾਨਿੰਦ ਫਕੀਰਾਂ ਮੰਗਿਤ੍ਰਆਂ ਕੇ ਕੂਚੇ ੨ ਬਿਚ ਫਿਰਤੇ ਸੇ । ਭਾਵ । ਜੋ ਅੰਨਮੰਗਕੇ ਖਾਕਰ ਬਾਹਰ ਜਾਂ ਬੈਠੇਂਏ । ੨ । ੩੬੫ ।

**(ਮੂਲ) ਅਜ਼ਬਰਾਏ ਆਂ ਕਿ ਯਾਦੇ ਓ ਕੁਨੰਦ ॥**
**ਅਜ਼ ਮੁਕਾਫ਼ਾਤ ਦੂ ਆਲਮ ਦਰ ਰਹੰਦ ॥**

(ਟੀਕਾ) ਜੋ ਉਸਕੀ ਪ੍ਰਾਪਤੀ ਵਾਸਤੇ ਬਾਹਰ ਇਕੰਤ ਬੈਠ ਕਰ ਭਗਤੀ ਉਸਕੀ ਕਰੀਏ ।੧। ਜਿਸ ਕਰ ਦੋਨੋ ਲੋਕਾਂ ਕੇ ਬੀਚ ਫਿਰਨੇਸੇ ਰਹੀਏ । ਭਾਵ । ਜਨਮ ਮਰਨ ਤੇ ਛੁਟ ਜਾਈਏ ਐਸੀ ਇਛਿਆ ਕਰਕੇ ਸਭ ਕੁਛ ਛਡ ਕਰ ਮੰਗ ੨ ਕੈ ਖਾਤੇਭੀ ਰਹੇ ਦੁਖ ਭੀ ਸਹਾਰੇ ਇਕੰਤ ਬੈਠ ਕਰ ਆਪਨੇ ਆਪ ਭਗਤੀ ਭੀ ਕਰਤੇਰਹੇ ਪਰ ਕੁਛ ਪ੍ਰਾਪਤਿ ਨਾ ਹੂਆ ਗੁਰ ਉਪਦੇਸਤੇ ਬਿਨਾ ਐਵੇਂ ਨਿਸਫਲ ਦੁਖ ਪਾਂਵਦੇ ਰਹੇ ਇਸਕਰ ਸੰਤਾਂ ਗੁਰਾਂ ਕੇ ਉਪਦੇਸ ਕੀ ਜ਼ਰੂਰਤ ਹੈ । ਪ੍ਰਮਾਨ । ਰਾਮ ਰਾਮ ਸਭ ਕੋ ਕਹੈ ਕਹਿਐ ਰਾਮ ਨ ਹੋਇ । ਗੁਰ ਪਰਸਾਦੀ ਰਾਮ ਮਨ ਵਸੈ ਤਾਂ ਫਲੁ ਪਾਵੈ ਕੋਇ।ਗੂਜਰੀ ਮ: ੩ । ੨ । ੩੬੬ ॥

**(ਮੂਲ) ਵਾਕਫ਼ੇ ਈਂ ਰਹਿ ਅਗਰ ਦਸਤ ਆਮਦੇ॥**
**ਮਕਸਦ ਸ ਦੂਰ ਸਲਤਨਤ ਦਸਤ ਆਮਦੇ ।**

(ਟੀਕਾ) ਪਰ ਮਹਰਮੋ ਇਸ ਪ੍ਰਾਪਤੀ ਰੂਪੀ ਰਸਤੇਕੇ ਜੇਕਰ ਹਥਮੇਂ ਆਂਵਦੇ । ਭਾਵ। ਜੇ ਸੰਤ ਘਰ ਮੈ ਹੀ ਮਿਲ ਜਾਤੇ । ੧ । ਤਾਂ ਪ੍ਰੋਜਨ ਉਸ ਕੀ ਪ੍ਰਾਪਤੀਕਾ ਬੀਚ ਰਾਜਸਾਜਕੇਹੀ ਹਾਥਮੇ ਆਜਾਤਾ । ਭਾਵ । ਘਰ ਮੈ ਹੀ ਜਨਕ ਬਿਦੇਹਵਤਪ੍ਰਾਪਤੀਵਾਲੇ ਹੋਜਾਤੇ ਓਹੁ ਰਾਜੇ ਭੀ । ਪ੍ਰਮਾਨ ਪੂਰਾ ਸਤਿਗੁਰ ਜੇ ਮਿਲੈ ਪਾਈਐ ਪੂਰੀ ਹੋਈ ਜੁਗਤਿ । ਹਸੰਦਿਆਂ ਖਿਲੰਦਿਆਂ ਪੈਨੰਦਿਆਂ

Digitized by Panjab Digital Library | www.panjabdigilib.org

ਵਿਚੇ ਹੋਵੈ ਮੁਕਤਿ। ਹੋਰ ਬੌਤ ਰਾਜੇ ਗੁਰਾਂਕੂ ਵਕਤ ਗ੍ਰਿਹਸਤ੍ਰਕੇ ਬੀਚਹੀ ਮੁਕਤ ਹੂਏ ਹੈਂ। ਸਲੋਕ ਵਾਰਾਂ ਤੇ ਵਧੀਕ ਮਹਲਾ ੩।੨।੩੬੭।

**(ਮੂਲ) ਜੁਮਲਹ ਲਸਕਰ ਤਾਲਬਾਨੇ ਹਕ ਸ਼ਦੇ ॥**
**ਦਰ ਹਕੀਕਤ ਆਰਫ਼ੇ ਮੁਤਲਕ ਸ਼ਦੇ ॥**

(ਟੀਕਾ) ਪੁਨਾ ਓਹੀ। ਸਮਗ੍ਰ ਫੌਜਾਂ ਕੋਹੋੜਿਆਂ ੨ ਜੋ ਇਛਆਵਾਨ ਸਚੇਕੀ ਪ੍ਰਾਪਤੀਕੇ ਹੋਕਰ ਸੰਤਾਂਕੋ ਮਿਲਤੇ। ਬੀਚ ਹਿਰਦੇਕੇ ਗਯਾਨਵਾਨ ਅਦੁਤੀ ਕੇ ਹੋਤੇ।੨।੩੬੮।

**(ਮੂਲ) ਸਾਲਕ ਈਂ ਰਹਿ ਅਗਰ ਦਰ ਯਾਫ਼ਤੇ ॥**
**ਦਿਲ ਅਜੀਂ ਸ਼ਾਹੀ ਕੁਜਾ ਬਰਤਾਫ਼ਤੇ ॥**

[ਟੀਕਾ] ਪੁਨਾ ਦਿਖਲਾਵਨਵਾਲੇ ਇਸ ਰਸਤੇਦੇ ਜੇਕਰ ਓਹੁ ਘਰ ਕੋ ਅੰਦਰੀ ਪਾਲੈਂਦੇ।੧। ਤਬ ਓਹ ਬਾਦਸਾਹ ਦਿਲ ਇਸ ਬਾਦਸਾਹੀ ਸੇਕਹ ਫੇਰ ਤੇ। ਭਾਵ। ਘਰਮੈਹੀ ਫੇਰ ਸਭ ਤਰਾਂਦੇ ਆਨੰਦ ਲੈਤੇ।੨।੩੬੯।

**(ਮੂਲ) ਤੁਖਮ ਹਕ ਦਰ ਮੰਜਰੁਏ ਦਿਲ ਕਾਸਤੇ ॥**
**ਤਾ ਗੁਬਾਰੇ ਦਿਲ ਜਿ ਦਿਲ ਬਰਦਾਸ਼ਤੇ ॥**

(ਟੀਕਾ) ਪੁਨਾ ਓਹੀ। ਬੀਜ ਸਚੇਨਾਮਕਾ ਦਿਲਰੂਪੀ ਖੇਤੀ ਕੇ ਬੀਚ ਬੀਜਤੇ। ਭਾਵ। ਜਬ ਸੰਤਾ ਗੁਰਾਂਸੇ ਉਪਦੇਸ ਲੇਕਰ ਕਮਾਂਵਦੇ।੧। ਤਬ ਅੰਧੇਰੀ ਦਿਲਦੀ ਦਿਲਸੇ ਉਠਾਦੇਤੇ। ਭਾਵ। ਜੈਸੇ ਬੰਜ੍ਰ ਜਮੀਨ ਮੈ ਘਾਸ ਜਮ ਕਰ ਜਿਮੀਨ ਕੋ ਅਛਾਦਲੇਤਾਹੈ ਫੇਰ ਉਸਮੈ ਬੀਜ ਜਮਦਾ ਫਲਦਾ ਨਹੀ ਜਬ ਹਲਸੇ ਘਾਸ ਪੁਟਕਰ ਜਿਮੀਨਕੋ ਹਲਸੇ ਨਰਮ ਕਰਕੈ ਫੇਰ ਬੀਜ ਬੀਜੈ ਤਾਂ ਜਮਦਾ ਫਲਦਾਹੈ ਐਸੇ ਦਿਲ ਜਨਮਾ ੨ ਕਾ ਅਵਿਦਿਆਸੇ ਮਲਨਾ ਹੂਆ ੨ ਹੈ ਉਸ ਮਲਨਤਾ ਕਰ ਜੀਵ ਕੋ ਹਰੀ ਪ੍ਰਾਪਤਿ ਨਹੀਹੋਤਾ ਜਬ ਸੰਤਾਂ ਗੁਰਾਂਕੋ ਮਿਲਕੈ ਉਪਦੇਸ ਲੇਕਰ ਭਗਤੀਸੇ ਦਿਲ ਕੀ ਕਰੜਾਈ ਦੂਰ ਕਰਕੈ ਨਾਮ ਜਪਤੇ ਤਾ ਅਵਿਦਿਆਦੂਰਹੋਕਰ ਸਾਖਜਾਤਕਾਰਹੋਜਾਤਾ।੨।੩੭੦।

**(ਮੂਲ) ਬਰ ਸਰੇ ਤਖਤੇ ਨਗੀਂ ਕਾਇਮ ਬੁਦੇ ॥**
**ਜਿਕਰ ਮਉਲਾ ਗਰ ਬ ਦਿਲ ਕਾਇਮ ਸੁਦੇ ॥**

Digitized by Panjab Digital Library | www.panjabdigilib.org

( ਟੀਕਾ ) ਪੁਨਾ ਓਹੀ । ਜੜਾਊ ਤਖਤ ਕੇ ਸਿਰ ਉਪ੍ਰ ਇਸ ਥਿਤ ਹੋਤੇ । ਭਾਵ । ਛੋਟੇ ਰਾਜਸੇ ਬਡੇ ਰਾਜੁਪਰ ਖਿਰਾਜਤੇ । ੧ । ਜੇਕਰ ਭਜਨ ਬ੍ਰਹਮ ਕਾ ਬੀਚ ਦਿਲਦੇ ਇਸਥਿਤ ਹੋਤਾ । ਭਾਵ । ਸੰਤਾਂ ਦੁਆਰੇ ਭਜਨ ਜੇ ਕਰਤੇ । ੨ । ੩੨੧ ।

(ਮੂਲ) ਬੂਇ ਹਕ ਮੇਆਇਦ ਅਜ਼ ਹਰ ਮੁਇ ਸਾਂ ॥
ਜਿੰਦਹ ਮੈਸੁਦ ਹਰ ਕਸੇ ਅਜ ਬੂਇ ਸਾਂ ॥

( ਟੀਕਾ ) ਸੁਗੰਧੀ ਸਰੀ ਆਂਵਦੀਹੈ ਹਰਇਕ ਰੋਮ ਉਨਕੇ ਸੇ । ਭਾਵ । ਵਾਹਿਗੁਰੂ ਕੀ ਭਗਤੀ ਤਨਮਨ ਬਾਣੀ ਮੈ ਦ੍ਰਿੜ ਹੋਜਾਤੀ । ੧ । ਪੁਨਾ ਜੀਵਨ ਰੂਪ ਹੋਤਾ ਸਭਕੋਈ ਸੁਗੰਧੀ ਉਨਕੀ ਸੇ । ਭਾਵ । ਉਨਾ ਦੁਆਰੇ ਹੋਰ ਲੋਕ ਭੀ ਭਗਤੀ ਕਰਕੇ ਮੋਖ ਹੋਜਾਤੇ ਪ੍ਰਹਲਾਦ ਵਤ । ੨ । ੩੨੨ ।

(ਮੂਲ) ਨਾਮੁ ਹਕ ਬੇਰੂੰ ਨ ਬੂਦ ਅਜ ਜਿਸਮ ਸਾਂ ॥
ਮੁਰਸਦੇ ਕਾਮਲ ਅਗਰ ਦਾਦੇ ਨਿਸਾਂ ॥

( ਟੀਕਾ ) ਪ੍ਰਗਟ ਹੋਣਾ ਸਚੇਕਾ ਬਾਹਰ ਨਹੀਥਾ ਸਰੀਰ ਉਨਕੇਸੇ । ਭਾਵ । ਸਰੀਰ ਕੇ ਬੀਚ ਹੀ ਪ੍ਰਗਟਥਾ । ੧ । ਜੇਕਰ ਗੁਰੂਪੂਰਨ ਨਿਸਾਨੀ ਦੇਂਦੇ । ਭਾਵ । ਸਾਧਨਾ ਸਪੰਨ ਨ੍ਰਿਸੰਸ ਉਪਦੇਸਕਰਦੇ ਤੁ ਸਾਖਸ਼ਾਤ ਹੋਜਾਂਦਾ । ੨ । ੩੨੩ ।

(ਮੂਲ) ਆਬਹੈਵਾਂ ਅੰਦਰੂਨੇ ਖਾਨਹ ਅਸਤ ॥
ਲੇਕਿ ਬੇਹਾਦੀ ਜਹਾਂ ਬੇਗਾਨਹ ਅਸਤ ॥

( ਟੀਕਾ ) ਪੁਨਾ ਅੰਮ੍ਰਿਤ ਬੀਚ ਘਰਕੇਹੀ ਹੈ । ਭਾਵ । ਬ੍ਰਹਮਾਨੰਦ ਸਭ ਕੇ ਅੰਦ੍ਰਹੀ ਹੈ । ੧ । ਪਰੰਤੂਬਿਨਾਂ ਦਿਖਲਾਂਵਣੇਵਾਲੇਸੇ ਸੰਸਾਰ ਜਮਾਂਕਾ ਹੈ । ਭਾਵ । ਗੁਰਾਂ ਬਿਨਾਂ ਜਨਮ ਮਰਨਵਾਲਾ ਜਗਤ ਹੋਰਹਾਹੈ । ੨ । ੩੨੪ ।

(ਮੂਲ) ਚੂੰ ਜਿ ਸਹਿਰਗ ਹਸਤ ਸ਼ਹਿ ਨਜਦੀਕ ਤਰ ॥
ਚੂੰ ਬ ਸਹਰਾ ਮਰਵੀ ਏ ਬੇ ਖਬਰ ॥

( ਟੀਕਾ ) ਪੁਨਾ ਜੋ ਸਾਹਰਗ ਸੇ ਪਾਤਿਸਾਹਹਰੀ ਨੇੜੇ ਹੈ ਅਤ ਸੈ ਕਰ ਕੈ । ਭਾਵ । ਪ੍ਰੀਤਮਾਨਾਮ ਨਾੜੀ ਜਿਸਸੇਂ ਸੁਆਸ ਆਤੇ ਹੈਂ ਉਸ ਸੇ ਭੀ ਹਰੀ ਨੇੜੈ ਹੈ । ੧ । ਤਾਂਤੇ ਕਿਉਂ ਤਰਫ ਜੰਗਲੋਂਕੀ ਫਿਰਤੇਹੈ ਏਹ ਬੇਅਕਲ ਜੀਵ

Digitized by Panjab Digital Library | www.panjabdigilib.org

।ਪ੍ਰਮਾਨ ਜੰਗਲ ਜੰਗਲ ਕਿਆ ਭਵਹਿ। ਫਰੀਦਾ। ਭਾਵ ਜਬ ਤਕ ਥਾਂਨ ਮਾਲੂਮ ਹੋਵੇ ਅਰੁ ਰੰਗ ਰੂਪ ਨਾ ਜਾਣਦਾ ਹੋਵੇ ਤਬ ਤਕ ਨਹੀ ਮਿਲਤਾ ਵਾਹਿਗੁਰੂ।੨।੩੨੫।

(ਮੂਲ) ਵਾਕਫੇ ਈਂ ਰਹਿ ਅਜ਼ਾਂ ਮੇਬਾਇਦ ਤੁ॥
ਤਾ ਤੁਰਾ ਰਾਹਿ ਖੁਦਾ ਬਿਨੁਮਾਇਦ ਤੁ॥

(ਟੀਕਾ) ਇਸੀ ਵਾਸਤੇ ਮਹਰਮ ਇਸ ਰਸਤੇ ਕਾ ਚਾਹੀਦਾ ਹੈ ਤੇਰੇ ਕੋ।ਭਾਵ।ਗੁਰਾਂ ਸਾਥ ਮਿਲਨਾ ਚਾਹੀਦਾ ਹੈ ਤੈਨੂੰ ਜਬ ਮਿਲ ਜਾਵੇ।੧। ਤਬ ਤੇਰੇ ਤਾਂਈ ਰਸਤਾ ਵਾਹਿਗੁਰੂ ਦੀ ਪ੍ਰਾਪਤੀ ਦਾ ਦਿਖਾਇ ਦੇਤੇ।੨।੩੨੬।

(ਮੂਲ) ਵਾਕਫੇ ਈਂ ਰਹ ਚੁ ਗਰਦਦ ਰਹਿ ਨੁਮਾ॥
ਖਿਲਵਤੇ ਦਰ ਅੰਜਮਨ ਬਾਸ਼ਦ ਤੁਰਾ॥

(ਟੀਕਾ) ਪੁਨਾ ਮਹਰਮ ਇਸ ਰਸਤੇ ਕੇ ਜਬ ਹੋਵੈਂ ਰਸਤਾ ਦਿਖਲਾਵਨ ਵਾਲੇ। ਭਾਵ। ਸੰਤ ਗੁਰੂ ਪ੍ਰਸੰਨ ਹੋਕੇ ਜਬ ਪੂਰਨ ਉਪਦੇਸ ਕਰ ਦੇਵੈਂ।੧। ਤੌਰ ਇਕਾਂਤਤਾ ਬੀਚ ਬਾਗ ਦੇ ਹੋਵੈ ਤੇਰੇ ਤਾਂਈ। ਭਾਵ। ਸੰਸਾਰ ਦੇ ਬੀਚ ਫਿਰਦਿਆਂ ਤੁਰਦਿਆਂ ਅਤੁ ਸਰੀਰਮੇ ਇਸਥਿਤ ਹੋਤਿਆਂ ਹੀ ਨਿਲੇਪ ਹੋਵੇ।੨।੩੨੭। ਪ੍ਰਸਨ ਐਸੀ ਇਕਾਂਤਤਾ ਵਾਲਿਆਂ ਕਾ ਅਰੁ ਨਿਲੇਪਤਾ ਕਾ ਕੁਛ ਲਖਨ ਕਹੀਏ ਜੀ ਜਿਸ ਕੋ ਸੁਣਕੇ ਗਜਾਤੁ ਸੇ ਹਮ ਕੋ ਦ੍ਰਿੜ ਹੋ ਜਾਵੇ ਉਤ੍ਰ।

(ਮੂਲ) ਹਰਚਿ ਸ਼ਾਂ ਅੰਦਰ ਖ਼ਿਲਾਫ਼ਤ ਦਾਸ਼ਤੰਦ॥
ਜੁਮਲਹ ਰਾ ਯਕ ਬਾਰਗੀ ਬੁਗਜ਼ਾਸ਼ਤੰਦ॥

(ਟੀਕਾ) ਜੋ ਕੁਛ ਸਮਗਰੀ ਉਹੁ ਸੰਤ ਆਪਣੇ ਅੰਦ੍ਰ ਰਖਦੇ ਹੈਂ।੧। ਸੋ ਸਮਗ੍ਰ ਪਦਾਰਥਾਂ ਕੇ ਤਾਂਈ ਇਕੋਵਾਰੀਹੀ ਉਠਾ ਦੇਤੇ ਹੈਂ। ਭਾਵ। ਤਿਆਗ ਦੇਤੇ ਹੈਂ ਕੈਸੇ ਜੋ ਚਿਤ ਸੇ ਨਿਲੇਪ ਹੋਤੇ ਹੈਂ ਅਰੁ ਆਸ੍ਰੀ ਸੰਪਤੀਆਂ ਸੇ ਕੰਮ ਲੇਤੇ ਹੈਂ ਅਰੁ ਉਨਮੇ ਚਿਤ ਖਚਤ ਨਹੀਂ ਕਰਤੇ ਜੇਕਰ ਇਛਿਆ ਰਖਤਾ ਹੈਂ ਤਾ ਤੂੰ ਭੀ ਐਸੇ ਕਰ।੨।੩੨੮।

(ਮੂਲ) ਅਜ਼ੋ ਬਰਾਇ ਆਂ ਕਿ ਹਕ ਹਾਸਲ ਕੁਨੰਦ॥
ਪੈਰਵੀਏ ਆਰਫੇ ਕਾਮਲ ਕੁਨੰਦ॥

Digitized by Panjab Digital Library | www.panjabdigilib.org

(ਟੀਕਾ) ਵਾਸਤੇ ਉਸ ਸਚੇ ਦੀ ਪ੍ਰਾਪਤੀ ਦੇ ਸੋ ਕੁਛ ਆਪਣਾ ਮੰਨਿਆ ਹੂਆ ਹੈ ਸਭ ਦਾ ਸੰਕਲਪ ਤਯਾਗਨ ਕਰ । ੧ । ਪੁਨਾ ਮਾਯਾਕਾ ਮੋਹ ਤਯਾਗ ਕੇ ਢੂੰਡਣਾ ਪੂਰਨ ਗਯਾਨਵਾਨਾਂਦਾ ਕਰ । ਕਿਉ ਜੋ ਮਾਯਾ ਕੇ ਮੋਹ ਕਰਕੇ ਗੁਣ ਵਾਨੇ ਕੀ ਪ੍ਰੀਖਯਾ ਨਹੀਹੋਤੀ,ਪ੍ਰਮਾਨ।ਮਾਇਆ ਧਾਰੀ ਅਤਿ ਅੰਨਾ ਬੋਲਾ ਸਬਦ ਨ ਸੁਣਹੀ ਰੋਲ ਕਝੋਲਾ। ਭਾਵ । ਮਾਯਾ ਕਾ ਮੋਹ ਤਯਾਗ ਕਰ ਖੋਜਨੇਸੇ ਪਾ ਲਈਤੇ ਹੈਂ । ੨ । ੩੮੯ ।

(ਮੂਲ) ਆਰਫੇ ਕਾਮਿਲ ਤੁ ਰਾ ਕਾਮਲ ਕੁਨੰਦ ॥
ਹਰਚਿ ਮੇਖਾਹੀ ਤੁ ਰਾ ਹਾਸਿਲ ਕੁਨੰਦ ॥

(ਟੀਕਾ) ਤਾਂਤੇ ਪੂਰਨ ਗਯਾਨਵਾਨ ਤੇਰੇ ਤਾਂਈ ਪੂਰਨ ਕਰਨ ਗੇ । ੧ ਪੁਨਾ ਹੋਰ ਭੀ ਜੋ ਕੁਛ ਚਾਵੇਂ ਤੂੰ ਤੇਰੇ ਤਾਂਈ ਪ੍ਰਾਪਤਿ ਕਰਨ ਗੇ । ੨ । ੩੯੦

(ਮੂਲ) ਰਾਸਤੀ ਈਂ ਨਸਤ ਰਾਹੇ ਹਕ ਬਿਗੀਰ ॥
ਤਾ ਤੂ ਹਮ ਗਰਦੀ ਚੁ ਖੁਰਸੇਦੇ ਮੁਨੀਰ ॥

(ਟੀਕਾ) ਸਿਧਾਂਤ । ਸਚਯਾਈ ਏਹੀ ਹੈ ਜੋ ਰਸਤਾ ਸਚੇ ਕਾ ਪਕੜ । ਭਾਵ ਤੇਰਾ ਹਰੀ ਕੀ ਭਗਤੀ ਕਰ । ੧ । ਜਬ ਭਗਤੀ ਕਰੇਂ ਤਬ ਤੂੰ ਭੀ ਹੋਵੇਂ ਮਾਨਿੰਦ ਸੂਰਜ ਅਕਾਸਗੇਰੇ । ਭਾਵ । ਹਰੀਕੀ ਪ੍ਰਾਪਤੀ ਵਾਲਾ ਹੋਵੇਂਗਾ । ੨ । ੩੯੧ । ਪ੍ਰਸਨ ਆਪਨੇ ਜੋ ਸਚੇ ਕੀ ਪ੍ਰਾਪਤੀ ਕਹੀਹੈ ਸੋ ਸਚਾ ਕਿਸ ਜਗਾ ਰੈਤਾ ਹੈ ਅਰੁ ਮੁਖਤਾ ਕਰ ਕਿਸ ਸਾਧਨ ਕਰ ਮਿਲਤਾ ਹੈ ਜਿਸ ਵਾਸਤੇ ਬਡੇ ੨ ਜਤਨ ਕਹੇ ਹੈਂ ਅਰੁ ਕਰੀਦੇ ਹੈਂ । ਉਤਰ ।

(ਮੂਲ) ਹਕ ਦਰੂਨੇ ਦਿਲ ਕਿ ਦਿਲ ਦਾਰੀ ਕੁਨੰਦ ॥
ਮੁਰਸਦੇ ਕਾਮਲ ਨਮੂਦਾਰੀ ਕੁਨੰਦ ॥

(ਟੀਕਾ) ਹੇ ਭਾਈ ਸਚਾ ਅੰਦਰ ਦਿਲਦੇਹੀ ਹੈ ਜੋ ਦਿਲਦਾ ਰਖਣਾ ਕਰਤਾ ਹੈ ਓਹੁ ਜਾਨ ਲੇਤਾ ਹੈ। ਭਾਵ । ਜੇਕਰ ਤੂੰ ਦਿਲਦਾ ਰੋਕਣਾ ਕਰੇਂ ਤਾਂ ਜਾਨ ਲਏਂਗਾ । ਪ੍ਰਮਾਨ । ਦੁਕਦਮ ਕਰਾਰੀਜੇਕਰੋ ਹਾਜਰ ਹਜੂਰ ਖੁਦਾਇ । ਤਿਲੰਗ ਕਬੀਰ । ੧ । ਪ੍ਰਸਨ ਆਪਨੇਆਪ ਦਿਲਕੇ ਰੋਕਨੇਸੇਹੀ ਜਾਨ ਲਈਦਾ ਹੈ ਕੇ ਸਾਥ ਕੋਈ ਔਰ ਸਾਧਨਭੀ ਚਾਹੀਦਾਹੈ ਉਤ੍ਰ ਪੂਰਨ ਗੁਰੂ ਦਿਖਲਾਵਣਾ ਕਰਤੇ ਹੈਂ । ਭਾਵ । ਗੁਰਾਂਸੇ ਸਰਧਾ ਕਰਕੇ ਮਿਲੇਂ ਤਾਂ ਓਹੁ ਦਿਖਾ ਦੇਤੇ ਹੈਂ । ਐਂਵੇ ਤੋ ਕਈ ਆਪਨੇਆਪ ਜੁਗਤੀਆਂਸੇ ਰੋਕ ਲੇਤੇ ਹੈਂ

Digitized by Panjab Digital Library | www.panjabdigilib.org

... ਸਚੇ ਕੋ ਨਹੀ ਜਾਨ ਸਕਤੇ। ਸਾਖੀ। ਭ੍ਰਾਤ ਮਾਲ ਰਾਜਾ ਜਗਤ ਸਿੰਘ ਅਰੁ ਬਾਜੀ ਗਰ ਕੀ। ੨। ੨੯੨।

(ਮੂਲ) ਵਾਕਫੇ ਈਂ ਰਹਿ ਅਗਰ ਆਰੀ ਬ ਦਸਤ ॥
ਅੰਦਰੂੰ ਯਾਬੀ ਮਤਾਏ ਹਰਚਿ ਹਸਤ ॥

(ਟੀਕਾ) ਪੁਨਾ ਓਹੀ। ਭੇਦੀ ਇਸ ਰਸਤੇਦੇ ਜੇਕਰ ਲਿਆਂਵੇਂ ਬੀਚ ਹਾਥ ਕੇ। ਭਾਵ। ਸੰਤਾਂ ਗੁਰਾਂ ਕੋ ਜੇ ਪ੍ਰਸੰਨ ਕਰੇਂ। ੧। ਤਾਂ ਫੇਰ ਅੰਦਰੂੰ ਹੀ ਪਾਂਵੇ ਪਦਾਰਥ ਜੋ ਕੁਛ ਚਾਹੀਦਾਹੈ। ਭਾਵ। ਦੈਵੀਗੁਣਾ ਰੂਪੀਅਰੁ ਹਰੀ ਕਾ ਸਾਖਯਾਤ ਹੋਣਾ ਰੂਪੀ ਇਸ ਦੇਹਦੇ ਅੰਦਰੋ ਹੀ ਮਿਲ ਜਾਤਾ ਹੈ। ੨। ੩੯੩।

(ਮੂਲ) ਮੁਰਸ਼ਦੇ ਕਾਮਿਲ ਕਸੇ ਰਾ ਦਸਤ ਦਾਦ ॥
ਤਾਜਿ ਇਰਫਾਂ ਰਾ ਬਫਰਕੇ ਓ ਨਿਹਾਦ ॥

(ਟੀਕਾ) ਇਸ ਉਪ੍ਰ ਸੁਨੀਏ। ਗੁਰੂ ਪੂਰਨ ਜਿਸ ਕਿਸੀਕੇ ਤਾਂਈ ਹਾਥ ਦੇਤੇ ਹੈਂ। ਭਾਵ। ਜਿਸੁ ਪ੍ਰ ਕ੍ਰਿਪਾ ਕਰਤੇ ਹੈਂ। ੧। ਛਤ੍ਰ ਗਯਾਨ ਦਾ ਉਪ੍ਰ ਚੋਟੀ ਉਸਕੀਕੇ ਰਖਤੇ ਹੈਂ। ਭਾਵ। ਉਸ ਕੋ ਅਪ੍ਰੋਖ ਗਯਾਨ ਕਰਦੇਤੇ ਹੈਂ ਹਸਤਾ ਮਲਕਵਤ। ੨। ੩੯੪॥

(ਮੂਲ) ਮਹਰਮੇ ਹਕ ਮੁਰਸ਼ਦੇ ਕਾਮਲ ਕੁਨੰਦ ॥
ਦਉਲਤੇ ਜਾਵੇਦ ਰਾ ਹਾਸਲ ਕੁਨੰਦ ॥

(ਟੀਕਾ) ਵਾਕਫ ਸਚੇ ਕੇ ਗੁਰੂ ਪੂਰਨ ਕਰਤੇ ਹੈਂ। ੧। ਪੁਨਾ ਧੰਨ ਹਮੇਸ਼ਾਦਾ ਪ੍ਰਾਪਤਿ ਕਰਤੇ ਹੈਂ। ਭਾਵ। ਗੁਰੂ ਹੀ ਬ੍ਰਹਮਾਨੰਦ ਪ੍ਰਾਪਤਿ ਕਰਤੇ ਹੈ। ੨। ੩੯੫॥

(ਮੂਲ) ਹਰਦੂ ਆਲਮ ਬੰਦਹੇ ਫੁਰਮਾਨਿ ਓ ॥
ਈਂ ਜਹਾਂਨੋ ਆਂ ਜਹਾਂ ਕੁਰਬਾਨਿ ਓ ॥

(ਟੀਕਾ) ਪੁਨਾ ਦੋਨੋ ਲੋਕ ਦਾਸ ਹੈਂ ਹੁਕਮ ਉਸਕੇ ਕੇ। ਭਾਵ। ਹੁਕਮ ਮਨਨ ਵਾਲੇ ਹੈਂ। ੧। ਪੁਨਾ ਏਹ ਲੋਕ ਅਤੁ ਓਹੁ ਲੋਕ ਵਾਰਨੇ ੧ ਉਸੁਪ੍ਰ ਹੋ ਰਹੇ ਹੈਂ। ੨। ੩੯੬।

(ਮੂਲ) ਹਰਚਿਹਸਤੁਅਜਦਉਲਤੇ ਯਾਦੇਖੁਦਾਅਸਤ।

Digitized by Panjab Digital Library | www.panjabdigilib.org

**ਆਰਫਾਂ ਰਾ ਦਉਲਤੇ ਖੁਸ ਰੋ ਨੁਮਾ ਅਸਤ ॥**

( ਟੀਕਾ ) ਜੋ ਕੁਛ ਧੰਨ ਹੈ ਹੀਰੇ ਮੋਤੀ ਤੇ ਦੈਵੀ ਗੁਣ ਆਦੀ ਓਹੁ ਵਾਹਿਗੁਰੂ ਕੀ ਭਗਤੀ ਸੇ ਹੈਂ । ਭਾਵ । ਭਗਤੀਸੇ ਸਭਕੁਛ ਪ੍ਰਾਪਤਿ ਹੋਤਾਹੈ । ੧ । ਗਿਆਨਵਾਨਾਂਕੀ ਏਹ ਦੌਲਤ ਚੰਗਾ ਮੁਖ ਦਿਖਲਾਵਣ ਵਾਲੀਹੈ । ਭਾਵ । ਦੈਵੀ ਗੁਣਾਂ ਸੇ ਹਰੀ ਸਾਖਯਾਤ ਹੋਤਾ ਹੈ ।੨। ੩੯੭ । ਸਿਧਾਂਤ ।

**(ਮੂਲ) ਤਾ ਖੁਦਾਏ ਖੇਸਤਨ ਬਿਸਨਾਖਤੇ ਸ ॥**
**ਨਕਦੇ ਉਮਰੇ ਜਾਂਵਿਦਾਂ ਦਰਯਾਫਤ ਸ ॥**

( ਟੀਕਾ ) ਜਬ ਆਪਣੇ ਉਸ ਵਾਹਿਗੁਰੂ ਕੋ ਪਛਾਣਿਆ । ਭਾਵ । ਸਬ ਬਯਾਪਕ ਹਰੀਕੋ ਜਾਣ ਲੀਆ । ੧ । ਤਬ ਰੋਕੜ ਅਵਸਥਾ ਹਮੇਸਾਂਦੀ ਪਾਈ ਉਸ ਨੇ । ਭਾਵ । ਜਨਮ ਮਰਨ ਦੀ ਸੰਕਾਤੇ ਰੈਤ ਹੋਕਰ ਜੀਵਨ ਮੋਖ ਹੂਆ । ੨ । ੩੯੮ । ਜਬ ਭਾਈਜੀਨੇ ਬ੍ਰਹਮਕੀ ਪੂਰਨਤਾ ਅਰੁ ਗੁਰਾਂਦੁਆਰੇ ਪ੍ਰਾਪਤੀ ਕਹੀ ਪੁਨਾ ੨ ਤਬ ਏਕ ਕਰਮ ਕਾਂਡੀ ਜਗਯਾਸੂ ਸੁਨ ਕਰ ਅਸਚਰਜ ਹੂਆ ਅਰੁ ਕਹਨੇ ਲਗਾ ਜੋ ਤੀਰਥਾਂਕੀ ਜਾਤ੍ਰਾ ਅਰੁ ਮੂਰਤਾਂਕੀ ਪੂਜਾ ਮੈ ਬ੍ਰਹਮ ਕੀ ਪ੍ਰਾਪਤੀ ਕਹਤੇ ਹੈਂ ਸਭੀ ਅਰੁ ਭਾਈ ਜੀ ਆਪ ਸਭ ਕੋ ਐਸ ਪੁਨਾ ੨ ਦ੍ਰਿੜ ਕ੍ਰਾਵਤੇਹੈਂ ਤਾਤੇ ਕਿਸ ਬਾਤ ਪੁਰ ਨਿਸਚਾ ਕਰੀਏ ਉਤਰ

**(ਮੂਲ) ਓ ਦਰੂੰਨੇ ਦਿਲ ਤੂ ਬੇਰੂੰ ਮੇਰਵੀ ॥**
**ਓ ਬ ਖਾਨਹ ਤੋ ਬ ਹਜ ਚੂੰ ਮੇਰਵੀ ॥**

( ਟੀਕਾ ) ਹੇ ਭਾਈ ਓਹ ਬ੍ਰਹਮ ਅੰਦਰ ਦਿਲਦੇਹੈ ਅਰੁ ਤੂੰ ਬਾਹਰ ਫਿਰਤਾਹੈਂ । ੧ । ਪੁਨਾ ਤਾਂਤੇ ਜਬ ਓਹੁ ਬੀਚ ਘਰ ਭੇਰਦੇਹੈ ਫੇਰ ਤੂੰ ਤਰਫ ਜਾਤ੍ਰਾਦੀ ਕਿਉ ਜਾਤਾਹੈਂ । ਭਾਵ । ਗੁਰੂ ਪ੍ਰਮੇਸਰ ਤੇਰੇ ਪਾਸਹੈ ਤੇ ਤੂੰ ਤੀਰਥਾਂ ਪਰ ਅਰੁ ਬੁਤਪ੍ਰਸਤੀ ਵਾਸਤੇ ਭਟਕਤਾ ਫਿਰਤਾਹੈਂ ਤਾਂਤੇ ਨਾਂਭਟਕ ਗੁਰ ਪ੍ਰਮੇਸਰਕੀਹੀ ਸੇਵਾਕਰ ਜੋਚਾਹੈਂ ਸੋ ਮਿਲੈਗਾ । ੨ । ੩੯੯

**(ਮੂਲ) ਓ ਸਤ ਅਜ ਹਰ ਮੂਇ ਤੋ ਚੂੰ ਆਸਕਾਰ ॥**
**ਤੋ ਕੁਜਾ ਬੇਰੂੰ ਰਵੀ ਬਹਿਰੇ ਸਿਕਾਰ ॥**

(ਟੀਕਾ] ਓਹੁ ਪ੍ਰਮੇਸਰ ਸਮਗ੍ਰ ਰੋਮਾਂ ਤੇਰਿਆਂਸੇ ਜੋ ਪ੍ਰਗਟ ਹੈ । ਭਾਵ ।

Digitized by Panjab Digital Library | www.panjabdigilib.org

ਪ੍ਰਤਖ ਦੇਖੀਏ ਰੋਮ ਦਿਨੋਂਦਿਨ ਵਧਤੇਹੈਂ ਅਰੁ ਜੋ ਜੜ ਵਸਤੂ ਹੋਤੀਹੈ ਸੋਵਧਤੀ ਨਹੀ ਦਿਸਤੇ।੧। ਐਸੇ ਜਬ ਹਰੀ ਪ੍ਰਤਖ ਹੈ ਤਬਤੂੰ ਫਿਰ ਕਹਾਂ ਬਾਹਰ ਜਾਤਾ ਹੈ ਵਾਸਤੇ ਸੈਲਾਂਦੇ। ਭਾਵ। ਪ੍ਰਾਪਤੀਕੇ ਅਨੰਦਕੋਂ।੨।੩੯੦। ਪੁਨਾ

(ਮੂਲ) ਅੰਦਰੂੰਨੇ ਖਾਨਹਅਤੁ ਨੂਰੇ ਅਲਾਹ ॥
ਤਾਫਤ ਚੂੰ ਬੂਰ ਆਸਮਾਂ ਰਖਸਿੰਦਹ ਮਾਹ ॥

(ਟੀਕਾ) ਅੰਦ੍ਰ ਘਰ ਤੇਰੇਦੇ ਪ੍ਰਕਾਸ ਵਾਹਿਗੁਰੂਕਾ ਪ੍ਰਕਾਸ ਦਾਹੈ।੧। ਜੈਸੇ ਉਪਰ ਆਕਾਸਦੇ ਚੰਦ੍ਰਮਾਂ ਪਕਾਸਦਾਹੈ।੨।੩੯੧।

(ਮੂਲ) ਅੰਦਰੂੰਨੇ ਚਸਮ ਤੋ ਬੀਨਾ ਸੁਦਹ ॥
ਬਰ ਜੁਬਾਨ ਤੂ ਹੁਕਮ ਹਕ ਗੋਇਆ ਸੁਦਹ ॥

(ਟੀਕਾ) ਬੀਚ ਨੇਤ੍ਰਾਂ ਤੇਰਿਆਂਦੇ ਦੇਖਨਵਾਲਾ ਹੋਰਹਿਆ ਹੈ।੧। ਪੁਨਾ ਉਪਰ ਰਸਨਾਂ ਤੇਰੀ ਦੇ ਹੁਕਮ ਸੱਚੇਨੇ ਕਹਣਾ ਹੂਆ ਹੈ। ਭਾਵ। ਹਰੀ ਕੀ ਆਗਯਾਹੈ ਜੋ ਜੀਵ ਭਜਨ ਸਦਾ ਕਰੈ ਤਾਂਤੇ ਤੂੰ ਉਰਲ ਪਰਲ ਵੇਹਲੀਆਂ ਬਾਤਾਂਸੇ ਹਟਕੈ ਭਜਨ ਕਰ ਜਿਸਕਰ ਸਦਾ ਸੁਖ ਪਾਵੈਂ।੨।੩੯੨

(ਮੂਲ) ਈਂ ਵਜੂਦੇ ਤੂ ਰੌਸਨ ਅਜ ਨੂਰੇ ਹਕ ਅਸਤ ॥
ਰੌਸਨ ਅਜ ਨੂਰੇ ਖੁਦਾਏ ਮੁਤਲਕ ਅਸਤ ॥

(ਟੀਕਾ) ਪੁਨਾ ਏਹ ਸਰੀਰ ਤੇਰਾ ਪ੍ਰਕਾਸਵਾਨ ਸਚੇਕੇ ਪ੍ਰਕਾਸਸੇ ਹੂਆਹੈ।੧। ਐਸੇਹੀ ਸਾਰਾ ਸੰਸਾਰ ਅਦੁਤੀ ਵਾਹਿਗੁਰੂਕੇ ਪ੍ਰਕਾਸ ਸੇ ਪ੍ਰਕਾਸਵਾਨ ਹੂਆ ਹੈ ਏਜਾਨ।੨।੩੯੩।

(ਮੂਲ) ਲੇਕਿ ਵਾਕਫ ਨੇਸਤੀ ਅਜ ਹਾਲਿ ਖੇਸ ॥
ਰੋਜ ਸਬ ਹੈਰਾਨੀ ਅਜ ਅਫਿਆਲ ਖੇਸ ॥

(ਟੀਕਾ) ਯਦਪ ਐਸੇ ਪੜਤਾ ਸੁਣਤਾ ਕਹਤਾ ਭੀ ਹੈ ਹਮੇਸਾਂ ਪ੍ਰੰਤੂ ਮਹਰਮ ਨਹੀਂ ਹੈ ਹਵਾਲ ਆਪਣੇ ਸੇ। ਭਾਵ।ਇਹ ਨਹੀ ਜਾਣਦਾ ਜੋ ਮੈ ਕਿਆ ਵਸਤੂਹਾਂ ਅਰੁ ਕਿਸ ਵਾਸਤੇ ਜਗਤ ਮੈਂ ਆਯਾਹਾਂ।੧। ਅਰੁ ਦਿਨ ਰਾਤਿ ਡੌਰ ਭੌਰ ਰਹਿਤਾ ਹੈਂ ਆਪਣਿਆਂ ਫੇਲਾਂ ਸੇ। ਭਾਵ। ਜਗਤਾਨੰਦ ਕੇ ਉਦਮ ਮੈ ਲਗਕਰ ਦੁਖੀ ਹੋਤਾ ਹੈ ਅਰੁ ਆਪਣੇ ਸੁਖਸਰੂਪਕੋ ਨਹੀਂਪਛਾਣਦਾ।੨।੩੯੪।

Digitized by Panjab Digital Library | www.panjabdigilib.org

(ਮੂਲ) ਮੁਰਸਦੇ ਕਾਮਿਲ ਤੁਰਾ ਮਹਰਮ ਕੁਨੱਦ ॥
ਦਰਦ ਰੇਸੇ ਹਿਜਰ ਰਾ ਮਰਹਮ ਕੁਨੱਦ ॥

(ਟੀਕਾ) ਹੇ ਭਾਈ ਗੁਰੂ ਪੂਰਨ ਵਾਕਫ ਕਰਤੇਹੈਂ ਤਾਤੇ ਤੇਰੇ ਤਾਂਈਭੀ ਵਾਕਫ ਕਰਨਗੇ ਇਸਤੇ ਸਭਕਰਮਾਂਨੂੰਤਿਆਗਕੇ ਗੁਰਾਂਕੀ ਸਰਨਲਓ ਜਿਸਕਰ ਸੁਖੀ ਹੋਜਾਵੇਂ ।੧। ਪੁਨਾ ਵਿਛੋੜੇਰੂਪੀ ਜਖਮ ਦੀ ਪੀੜਾਨੂੰ ਮਲ੍ਹਮਲਗਾਕਰ ਦੂਰ ਕਰਦੇਹੈਂ । ਭਾਵ । ਜੈਸੇ ਹਕੀਮ ਜਖਮ ਦੀ ਪੀੜਾ ਮਲ੍ਹਮਸੇ ਦੂਰ ਕਰ ਕਰ ਦੇਂਦੇ ਹੈਂ ਐਸੇ ਗੁਰੂ ਵਿਛੋੜੇ ਦਾ ਦੁਖ ਭਗਤੀ ਰੂਪੀ ਮਲ੍ਹਮ ਸੇ ਦੂਰ ਕਰਕੇ ਸੁਖ ਸਰੂਪ ਮਿਲਾ ਦੇਤੇ ਹੈਂ ।੨।੩੯੫।

(ਮੂਲ) ਤਾ ਤੂ ਹਮ ਅਜ ਵਾਸਲਾਨੇ ਓ ਸਵੀ ॥
ਸਾਹਿਬੇ ਦਿਲ ਗਰਦੀ ਓ ਖੁਸ ਖੋ ਸਵੀ ॥

(ਟੀਕਾ) ਜਬ ਤੂੰ ਭੀ ਮਿਲਨੇ ਵਾਲਾ ਉਨਾਂ ਸੰਤਾਂ ਗੁਰਾਂ ਸੇ ਹੋਵੇਂ ।੧। ਤਾਂ ਮਾਲਕ ਮਨਦਾ ਹੋਵੇਂ ਤੂੰ ਫਿਰ ਉਸ ਸੇ ਭਲੇ ਸੁਭਾਵ ਵਾਲਾ ਹੋਵੇਂ ।੨।੩੯੬।

(ਮੂਲ) ਅਜ਼ਬਰਾਇ ਆਂ ਕਿ ਸਰਗਰਦਾਂ ਸਵੀ ॥
ਉਮਰ ਹਾ ਅੰਦਰ ਤਲਬ ਹੈਰਾਂ ਸਵੀ ॥

(ਟੀਕਾ) ਅਰੁ ਹੇ ਭਾਈ ਤੂੰ ਗੁਰਾਂ ਦੀ ਸਰਨ ਛਡਕੈ ਜ ਵਾਸਤੇ ਮਾਯਕ ਸੁਖਾਂ ਦੇ ਅਰੁ ਉਸ ਹਰੀਦੀ ਪ੍ਰਸੰਨਤਾ ਦੇ ਖਰਾਬ ਹੋ ਰਹਿਆ ਹੈ ।ਭਾਵ। ਕਭੀ ਕਿਸੀ ਤੀਰਥਪਰ ੨ ਭਟਕਤਾ ਹੈ ਸੁਨ ਸੁਨਾ ਕਰ ।੧। ਪੁਨਾ ਉਮ੍ਰਾਂ ਬੀਤੀਆਂ ਬੀਚ ਇਛਿਆਦੇ ਅਸਤਵਿਅਸਤ ਹੋਯਾ ਹੈਂ ਤੂੰ । ਭਾਵ । ਕਈ ਜਨਮ ਪਾਕੇ ਦੇਵਾਲਯਾਂਮੇਂ ਅਰੁ ਕਰਮ ਕਾਂਡਾਂਮੇ ਲਗਾਰਿਆ ਜਿਸ ਕਰ ਜਨਮਾਂਤੇ ਨਾਂ ਛੁਟਾ ।੨।੩੯੭।

(ਮੂਲ) ਤੋ ਚਿ ਬਾਸੀ ਆਲਮੇ ਹੈਰਾਨਿ ਓ ॥
ਅਰਸ ਕੁਰਸੀ ਜੁਮਲਹ ਸਰਗਰਦਾਨਿ ਓ ॥

(ਟੀਕਾ) ਪੁਨਾ ਇਕ ਤੂੰ ਕਿਆ ਹੈਰਾਨ ਹੂਆ ਹੈਂ ਸਾਰਾ ਸੰਸਾਰ ਅਸਤ ਵਿਅਸਤ ਹੋਰਹਯਾ ਹੈ ਉਸ ਵਾਸਤੇ। ਭਾਵ ।ਭਟਕਰਿਆ ਹੈ ਝਾੜਾਂ ਬੂਟਾਂ ਮੈ ।੧ ਪੁਨਾ ਸੁਰਗਸੇ ਲੇਕਰ ਪਤਾਲਤਕ ਸਮਗ੍ਰ ਜੀਵ ਖਰਾਬ ਹੋਰਹੇਹਨ ਉਸਵਾਸਤੇ ।। ਭਾਵ ।ਕਿਸੇ ਤਰਾਂਪ੍ਰਮੇਸਰ ਪ੍ਰਸੰਨਹੋਵੈ ਅਰੁਮਾਨੂੰਮਾਯਕਸੁਖ ਮਿਲੈ।੨ ।੩੯੮।

Digitized by Panjab Digital Library | www.panjabdigilib.org

**(ਮੂਲ) ਚਰਖ ਮੇਗਰਦਦ ਬਗਿਰਦੇ ਆਂ ਕਿ ਓ ॥**
**ਦਾਰਦ ਅਜ ਸੌਕਿ ਖੁਦਾ ਫਰ ੁਦਗ ਖੇ ॥**

( ਟੀਕਾ ) ਦੇਖੀਏ ਜੋ ਆਕਾਸ ਮੈ ਫਿਰਦੇ ਹੈਂ ਚੌਤਰਫੇ ਉਸ ਧ੍ਰੂਅਦੇ ਓਹ ਤੇਤੀਸ ਕ੍ਰੋੜ ਤਾਰੇ। ੧। ਕਿਉ ਜੋ ਓਹ ਰਖਤਾ ਹੈ ਵਾਹਿਗੁਰੂ ਕੇ ਪ੍ਰੇਮਸੇ ਝਲਾ ਸੁਭਾਵ । ਇਸ ਪ੍ਰਤਾਪ ਕੋ ਜਾਨ ਕੇ ਫਿਰਤੇ ਹੈਂ ਅਥਵਾ ਕਿਉ ਜੋ ਓਹ ਤਾਰੇ ਰਖਤੇ ਹੈਂ ਵਾਹਿਗੁਰੂ ਸੇ ਪ੍ਰੇਮ ਜੋ ਸਾਨੂੰਭੀ ਪ੍ਰਾਪਤਿ ਹੋਵੈ ਉਸ ਧ੍ਰੂਅ ਭਗਤ ਜੈਸਾ ਭੁਲਾ ਸੁਭਾਵ ਇਸਤੇ ਫਿਰਤੇ ਹੈਂ। ੨। ੩੯੯।

**(ਮੂਲ) ਜੁਮਲਹ ਹੈਰਾਨੰਦ ਸਰਗਰਦਾਨਿ ਓ ॥**
**ਚੂੰ ਗਦਾ ਜੋਇੰਦ ਓ ਰਾ ਕੂਬ ਕੂ ॥**

( ਟੀਕਾ )ਇਸੀ ਪ੍ਰਕਾਰ ਸਮਗ੍ਰ ਜੀਵ ਤੀਨ ਲੋਕਾਂਕੇ ਅਸਤ ਵਿਅਸਤ ਹੋਰਹੇ ਹਨ ਅਰੁ ਖ੍ਰਾਬ ਹੋਰਹੇਹਨ ਭੁਖ ਤੇਹਸੇ ਉਸ ਵਾਸਤੇ। ਭਾਵ। ਸਾਸਤ੍ਰ ਅਰੁ ਲੋਕ ਕ ਸ੍ਰੋਤਸੇ ਆਪਨੇਆਪ ਭਟਕ ੨ ਕੈ ਦੁਖ ਪਾਂਵਦੇ ਹੈਂ। ੧। ਮਾਨਿੰਦ ਗ੍ਰੀਬਾਂ ਮੰਗਤਿਆਂਦੇ ਢੂੰਡਦੇ ਹੈਂ ਉਸਕੇ ਤਾਂਈ ਬੀਚ ਗਲੀ ੨ ਦੇ ਭਾਵ। ਤੀਰਥਾਂ ੨ ਮੈ ਅਰੁ ਮੰਦ੍ਰ ੨ ਮੈ ਤੇ ਝਾੜ ਬੂਟਾਮੈ ਭਟਕਤੇਹੈਂ ਪ੍ਰੰਤੂ ਗੁਰਾਂ ਸੰਤਾਂ ਬਿਨਾ ਨਹੀਂ ਦੇਖੀਦਾ। ੨। ੪੦੦। ਪ੍ਰਸਨ ਜੇਕਰ ਤੀਰਥਾਂ ਮੈ ਅਰੁ ਦੇਵਾਲਜਾਂ ਮੈ ਪ੍ਰਮੇਸਰ ਨਹੀ ਮਿਲਤਾ ਤਾਂ ਆਪਦੇ ਕਹੇ ਅਨੁਸਾਰ ਸ੍ਰੀਰਮੈਂ ਪ੍ਰਮੇਸਰ ਕੈਸੇ ਮਾਨੇ ਕਿਉਜੋ ਸ੍ਰੀਰ ਨਾਸਰੂਪ ਅਰੁ ਦੁਖਰੂਪਹੈ ਇਸਤੇ ਸ੍ਰੀਰ ਮੈਂ ਮਾਨਨੇਸੇ ਪ੍ਰਮੇਸਰਭੀ ਦੁਖਰੂਪ ਹੋਗਾ ਤਾਂਤੇ ਦੁਖਰੂਪਸੇ ਫੇਰ ਸੁਖ ਨਹੀਂ ਮਿਲਤਾ। ਉਤ੍ਰ

**(ਮੂਲ) ਬਾਦਸਾਹੇ ਹਰਦੁ ਆਲਮ ਦਰ ਦਿਲ ਅਸਤ॥**
**ਲੇਕਿ ਆਂ ਵਾਰੁਸਤਹ ਅਜ਼ ਆਬੋ ਗਿਲ ਅਸਤ॥**

(ਟੀਕਾ)ਹੇ ਭਾਈ ਪਾਤਸ਼ਾਹ ਦੋਨੋ ਲੋਕਾਂਕਾ ਵਾਹਿਗੁਰੂ ਬੀਚ ਸ੍ਰੀਰਦੇਹੀ ਹੈ। ੧। ਪ੍ਰੰਤੂ ਓਹੁ ਛੁਟਿਆ ਹੂਆ ਹੈ ਜਲ ਧਰਤੀ ਆਦੀ ਤਤਾਂ ਸੇ। ਭਾਵ। ਤਤਾਂ ਰਚਤ ਸਰੀਰਸੇ ਨਿਰਲੇਪਹੈ। ਲੋਕਕ ਪ੍ਰਮਾਨ। ਬਧਾ ਸੋ ਬੰਦਾ ਖੁਲਾਸਾ ਖੁਦਾ। ਭਾਵ। ਜੋ ਸਰੀਰ ਮੈ ਬੰਧਾਇਮਾਨ ਹੋਵੈ ਸੋ ਜੀਵ ਅਰੁਜੋ ਸਰੀਰ ਕੈ ਦੁਖ ਸੁਖ ਸੇ ਛੁਟਿਆ ਹੂਆ ਹੋਵੈ ਸੋਈ ਪ੍ਰਮੇਸਰ ਹੈ। ੨। ੪੦੧।

Digitized by Panjab Digital Library | www.panjabdigilib.org

(ਮੂਲ) ਦਰਦਿਲੇ ਤੋ ਨਕਸ ਹੱਕ ਚੂੰ ਨਕਸ਼ ਬਸਤ ॥
ਜੁਮਲਹ ਨਕਸੇ ਸੌਕਿ ਸੁਦ ਹੁ ਹਕ ਪਰਸਤ ॥

(ਟੀਕਾ) ਪਰ ਅੰਦਰ ਦਿਲ ਤੇਰੇਦੇ ਸਰੂਪ ਸਚੇਕੇਨੇ ਜਬ ਅਕਾਰ ਬਧਾ। ਭਾਵ। ਜਬ ਗੁਰਾਂ ਦੁਆਰੇ ਨਾਮ ਸਚੇਕਾ ਦ੍ਰਿੜ ਹੂਆ ।੧।ਤਾਂ ਤੁਮਾਂ ਸੰਸਾਰ ਸਚੇਕਾ ਸਰੂਪਹੀ ਜਾਣੀਦਾਹੈ ਤਾਂਤੇਐ ਪਿਆਰੇ ਪ੍ਰੇਮਸੇ ਸਚੇਕੋਹੀ ਪੂਜਨਾ ਕਰ।੨।੪੦੨ । ਐਸੇ ਸੁਨ ਕੈ ਜਗਜਾਸੂ ਚੁਪ ਹੋਗਿਆ ਜਬ ਤਬ ਫੇਰ ਭਾਈ ਪੂਰਾ ਨਿਸਚਾ ਕਰਾਨੇ ਵਾਸਤੇ ਉਤ੍ਰ ਪ੍ਰਸਨ ਦੀ ਰੀਤੀ ਲੈਕਰ ਆਪਹੀ ਕਹਤੇ ਭਏ।

(ਮੂਲ) ਨਕਸ ਹੱਕਖਾਨੇ ਨਿਸ਼ਾਨੇ ਨਾਮ ਹੱਕ ॥
ਆਬਹੈਵਾਂ ਰਾ ਬਿਨੋਸ ਅਜ਼ ਜਾਮ ਹੱਕ ॥

(ਟੀਕਾ) ਹੇ ਭਾਈ ਸਰੂਪ ਸਚੇ ਕਾ ਜਾਣਦਾ ਹੈਂ ਉਸਕਾ ਕਿਆ ਨਸ਼ਾਨ ਹੈ ਉਤਰ ਨਾਮ ਸਚੇਕਾ ਜੋ ਹੈ ਏਹੀ ਚਿਹਨ ਹੈ ਅਥਵਾ ਸਚੇ ਕੈ ਸਰੂਪਕਾ ਨਸਾਨ ਸਚੇਕਾ ਨਾਮਹੀ ਜਾਨਨਾ ਕਰ।੧। ਤਾਂਤੇ ਸਚੇਕੇ ਨਾਮ ਰੂਪੀ ਅੰਮ੍ਰਿਤ ਕੋ ਪੀਉਤੂੰ ਪ੍ਰੇਮਰੂਪੀ ਪਿਆਲੇ ਸੇ।੨।੪੦੩।

(ਮੂਲ) ਆਂ ਕਿ ਓ ਰਾ ਜੁਸਤਮ ਅਜ਼ ਹਰਖਾਨਏ ॥
ਯਾਫਤਮ ਨਾਗਾਹ ਦਰ ਕਾਸਾਨਏ ॥

(ਟੀਕਾ) ਜੋ ਤੀਰਥ ਆਦੀ ਸੇਂਵਦੇ ਹੈਂ ਉਨਾਂ ਕਰਮ ਕਾਂਡੀਆਂ ਨੇ ਉਸ ਹਰੀ ਕੇ ਤਾਂਈ ਦੁਨਿਆਂ ਸਮਗਰ ਘਰੋਂ ਸੇ। ਭਾਵ। ਲੋਕਕ ਸ੍ਰੋਤਸੇ ਆਪਨੇ ਆਪ ਢੂੰਢਿਆ ਤੀਰਥਭੀ ਸੇਵੇ ਅਰੁ ਦਿਵਾਲੇਭੀ ਪੂਜੇ ਪ੍ਰੰਤੂ ਨਾ ਪਾਯਾ।੧। ਜਬ ਗੁਰਾਂ ਪਾਸ ਪ੍ਰਾਪਤਿ ਹੂਏ ਤਬ ਪਾਯਾ ਅਚਾਨਕਹੀ ਅੰਦਰਘਰਕੇ।੨।੪੦੪

(ਮੂਲ) ਈਂ ਤੁਫੈਲੇ ਮੁਰਸਦੇ ਕਾਮਲ ਬਵੱਦ ॥
ਹਰਚਿ ਮੇਖਾਹੀ ਅਜੋ ਹਾਸਲ ਸਵੱਦ ॥

(ਟੀਕਾ) ਸਿਧਾਂਤ ਤਾਤ੍ਰੋ ਏਹ ਜੋ ਹਰੀਦਾ ਪਾਵਨਾ ਹੈ ਸੋ ਕ੍ਰਿਪਾ ਪੂਰਨ ਗੁਰਾਂਕੀਹੀ ਹੈ। ਭਾਵ। ਗੁਰਾਂਕੀ ਕ੍ਰਿਪਾਸੇ ਪ੍ਰਾਪਤਿ ਹੋਤਾ ਹੈ।੧। ਪੁਨਾ ਹੋਰਭੀ ਜੋ ਕਿਛ ਜਗਤਸੁਖ ਚਾਂਵੇ ਉਨਾਂਸੇ ਪ੍ਰਾਪਤਿ ਹੋਤਾ ਹੈ।੨।੪੦੫।

Digitized by Panjab Digital Library | www.panjabdigilib.org

[redacted]



(ਮੂਲ) ਈਂ ਮੁਰਾਦੇ ਦਿਲ ਕਸੇ ਬੇ ਆਂ ਨਿ ਯਾਫਤ ॥
ਹਰ ਗਦਾ ਏ ਦੌਲਤੇ ਸੁਲਤਾਂ ਨਿ ਯਾਫਤ ॥

(ਟੀਕਾ) ਏਹ ਮੁਰਾਦ ਚਿਤਦੀ ਕਿਸੈ ਨੇਭੀ ਬਿਨਾ ਉਨਾਂਕੇ ਨਹੀ ਪਾਈ। ੧। ਪ੍ਰਸਨ ਗਰੀਬ ਤੋ ਭਲਾ ਨਹੀ ਪਾਸਕਤੇ ਪਰ ਬਾਦਸ਼ਾਹ ਤੌ ਸਮਰਥ ਹੈ ਓਹ ਤੋ ਪਾਇਹੀ ਲੈਨਗੇ ਉਤ੍ਰ ਤਮਾਮ ਗਰੀਬਭੀ ਅਰੁ ਚਕ੍ਰਵਰਤੀ ਰਾਜੇਭੀ ਏਹ ਪ੍ਰਾਪਤੀ ਰੂਖੀ ਥੰਨ ਨਹੀਂ ਪਾਵਤੇ। ਭਾਵ। ਬਿਨਾ ਗੁਰਾਂ ਤੇ ਆਪਨੇ ਆਪ ਨਹੀ ਪਾਸਕਤੇ। ੨। ੪੦੬। ਪ੍ਰਸਨ ਜੇਕਰ ਪ੍ਰਮੇਸਰਕੀ ਪ੍ਰਾਪਤੀ ਪ੍ਰਮੇਸਰਕੇ ਨਾਮ ਜਪਨੇਸੇਹੀ ਹੋਤੀ ਹੈ ਤਾਂ ਏਹ ਜੀਵ ਜਬ ਨਾਮ ਜਪੈਂਗੇ ਤਬ ਪ੍ਰਾਪਤੀ ਹੋਜਾਇਗੀ ਫੇਰਗੁਰਾਂਦੁਆਰੇਜਪਨੇਕੀਕੌਨਵਸੇਸਤਾ ਨੂਨਤਾ ਹੈ।ਉਤਰ।

(ਮੂਲ) ਨਾਮ ਬੇ ਮੁਰਸਦ ਮਿ ਆਂਵਰ ਬਰ ਜੁਬਾਂ ॥
ਮੁਰਸਦੇ ਕਾਮਲ ਦਿਹਦ ਅਜ ਹਕ ਨਿਸਾਂ ॥

(ਟੀਕਾ) ਹੇ ਭਾਈ ਜਦਪ ਨਾਮਹੀ ਪ੍ਰਾਪਤੀ ਕਰਤਾਹੈ ਤੌ ਭੀ ਨਾਮ ਬਿਨਾ ਗੁਰਾਂ ਦੇ ਮਤ ਲਿਆਵ ਉਪਰ ਰਸਨਾ ਦੇ। ਭਾਵ। ਗੁਰਾਂ ਕੇ ਉਪਦੇਸ ਤੇ ਬਿਨਾ ਨਾਮ ਆਪਨੇਆਪ ਨਹੀਂ ਜਪਨਾ ਚਾਹੀਦਾ ਕਿਉਂਜੋ ਪ੍ਰਾਪਤੀ ਹੋਣੀਤੋ ਇਕ ਤਰਫ ਰਹੀ ਉਲਟਾ ਦੋਸਕੀ ਉਤਪਤੀ ਹੋਤੀ ਹੈ।ਸਾਖੀਨਾਰਦਕੀਕਥਾ ਵਾਲੀ।੧। ਕਿਉਂਜੋ ਗੁਰੂਹੀ ਪੂਰਨ ਦੇਂਦੇ ਹੈਂ ਸਚੇ ਕੀ ਪ੍ਰਾਪਤੀ ਸੇ ਨਿਸਾਨੀ। ਭਾਵ। ਜਬ ਗੁਰੂ ਸੰਸੇ ਬਿਪਰਜੇ ਰਹਿਤ ਉਪਦੇਸ ਦੇਵੈਂ ਤਬੀ ਸਾਖਜਾਤਤਾ ਹੋਤੀਹੈ ਆਪਨੇ ਆਪ ਭ੍ਰਾਂਤੀ ਦੂਰ ਨਹੀਂ ਹੋਤੀ ਇਸਤੇ ਹੋਰ ਜੈਸੇ ਨਾਰਦ ਨੂੰ ਸੀਘ੍ਰ ਗੁਰਾਂਨੇ ਚੌਰਾਸੀਤੇ ਛੁਡਾ ਇ ਦੀਆਥਾ ਐਸੇ ਜਾਨ। ੨। ੪੦੭।

(ਮੂਲ) ਮੁਰਸਦੇ ਹਰ ਚੀਜ ਮੇਬਾਸਦ ਬਸੇ ॥
ਮੁਰਸਦੇ ਕਾਮਲ ਕੁਜਾ ਯਾਬਦ ਕਸ ॥

(ਟੀਕਾ) ਪੁਨਾ ਗੁਰੂ ਹਰ ਇਕ ਵਸਤੂਦੇ ਭਾਰੀ ਖਜਾਨੇ ਹੈਂ।੧। ਤਾਂਤੇ ਐਸੇ ਗੁਰੂ ਪੂਰਨ ਕਬ ਪਾਵਤਾ ਹੈ ਕੋਈ। ਭਾਵ। ਆਪਨੇਆਪ ਐਵੇਂ ਨਹੀਂ ਪਾਸਕਦਾ।੨।੪੦੮। ਪ੍ਰਸਨ ਜੇਕਰ ਆਪਨੇਆਪ ਨਹੀ ਪਾਸਕਦਾ ਤਾਂ ਪਾਵਨੇਦਾ ਪ੍ਰਕਾਰ ਆਪ ਕਹੀਏਜੀ ਜਿਸ ਕਰ ਪਾਯਾ ਜਾਤਾ ਹੈ ਉਤਰ

(ਮੂਲ) ਆਂ ਖੁਦਾਏ ਪਾਕ ਦਿਲ ਰਾ ਕਾਮ ਦਾਦ॥

Digitized by Panjab Digital Library | www.panjabdigilib.org

ਈਂ ਦਿਲੇ ਬਿਸਕਸਤਹਰਾ ਆਰਾਮ ਦਾਦ ॥

(ਟੀਕਾ) ਓਹ ਰਖਕ ਵਾਹਿਗੁਰੂ ਜੀਵਕੇਤਾਂਈ ਪਵਿਤ੍ਰ ਮੁਰਾਦ ਦੇਤਾ ਹੈ । ਭਾਵ । ਜਬ ਜੀਵ ਆਪਨਾ ਹੰਕਾਰ ਛਡਕੈ ਪ੍ਰਮੇਸਰਕੀ ਸਰਨਮੇ ਡਿਗ ਪਏ ਤਬ ਪ੍ਰਮੇਸਰ ਕ੍ਰਿਪਾਸੇ ਗੁਰੂ ਪ੍ਰਾਪਤਿ ਕਰਤਾਹੈ ਤਾਂ ਮਿਲਤਾ ਹੈ । ੧ ॥ ਪੁਨਾ ਗੁਰੂ ਮਿਲਕੈ ਇਸ ਜੀਵ ਟੁਟੇ ਹੋਏਕੇ ਤਾਂਈ ਆਨੰਦ ਦੇਤਾਂ ਹੈ । ਭਾਵ । ਵਿਛੜੇ ਹੋਏ ਜੀਵਕੋਂ ਮਿਲਾ ਦੇਂਦਾ ਹੈ ਗੁਰੂ । ੨ । ੪੦੯ ।

(ਮੂਲ) ਹਾਸਲੇ ਹਕ ਮੁਰਸਦੇ ਕਾਮਿਲ ਬਵੱਦ ॥
ਜ਼ਾਕਿ ਓ ਆਰਾਮ ਜਾਨੋ ਦਿਲ ਬਵੱਦ ॥

(ਟੀਕਾ) ਤਾਂਤੇ ਪ੍ਰਾਪਤੀ ਸਚੇ ਕੀ ਗੁਰਾਂ ਸੇ ਪੂਰਨ ਹੋਤੀ ਹੈ । ੧ । ਇਸੀ ਵਾਸਤੇ ਓਹ ਆਨੰਦ ਰੂਪ ਜਾਂਨ ਅਰੁ ਦਿਲਦੇ ਹੈਂ । ਭਾਵ । ਗੁਰੂ ਹੀ ਤਨ ਮਨ ਕੋ ਆਨੰਦ ਦੇਨੇ ਵਾਲੇ ਹੈਂ । ੨ । ੪੧੦ । ਪ੍ਰਸਨ ਆਪਦੇ ਕਥਨ ਦੁਆਰਾ ਸਭ ਪ੍ਰਕਾਰ ਪ੍ਰਾਪਤੀ ਕੇ ਨਿਮਤ ਹੋਗਏ ਹੈਂ ਪ੍ਰੰਤੂ ਅਚਾਰਜਗੁਰੂ ਮਤਅਨੁਸਾਰ ਪ੍ਰਾਪਤੀ ਮੇ ਪੈਹਲਾ ਸਾਧਨ ਕੌਨਸਾ ਦਸੀਦਾ ਹੈ । ਉਤਰ ।

(ਮੂਲ) ਅਵਲਾਂਏ ਦਿਲ ਫਨਾਏ ਖੇਸ ਸਉ ॥
ਤਾ ਬਿਯਾਬੀ ਰਾਹਿ ਹਕ ਦਰ ਕੂਇ ਓ ॥

(ਟੀਕਾ) ਹੇ ਭਾਈ ਪਹਲਾਂ ਐਸੇ ਉਪਦੇਸ ਕਰਤੇ ਹੈਂ ਜੋ ਐ ਜਗਯਾਸੂ ਆਪਨੇ ਸਰੀਰਨੂੰ ਨਾਸਰੂਪ ਜਾਣਲੇਵਾਲਾ ਹੋਹੁ । ਭਾਵ । ਸਰੀਰਤੇ ਲੇਕਰ ਸਭ ਵਸਤੂ ਕੋ ਨਾਸ ਰੂਪ ਜਾਣ ਕਿਉਂਕਿ ਜਬਤਕ ਸੰਸਾਰਸੇ ਵੈਰਾਗ ਨਾਂ ਹੋਵੈ ਤਬਤਕ ਹਰੀਕੀਰਤਨਵਿਚਮਨਨਹੀਲਗਤਾ ਤਾਂਤੇ ਪ੍ਰਿਥਮੇ ਵੈਰਾਗ ਧਾਰਨ ਕਰੈ । ੧ । ਜਬ ਵੈਰਾਗ ਧਾਰ ਲਏਂ ਤਬ ਪਾਵੈਂਗਾ ਰਸਤਾ ਸਚੇ ਕਾ ਬੀਚ ਕੂਚੇ ਉਨਕੇ ਕੇ । ਭਾਵ । ਸਤਸੰਗਤਿ ਸੇਵਾਂ ਗੁਰਾਂ ਕੀ ਸੇ । ੨ । ੪੧੧ । ਪੁਨਾ ।

(ਮੂਲ) ਵਾਕਫੇ ਅਜ਼ ਮੁਰਸਦੇ ਕਾਮਲ ਸਵੀ ॥
ਬੇ ਤਕੱਲਫ ਸਾਹਿਬੇ ਈਂ ਦਿਲ ਸਵੀ ॥

(ਟੀਕਾ) ਜਬ ਗੁਰਾਂ ਪਾਸ ਜਾਕਰ ਮਹਰਮ ਗੁਰਾਂ ਸੇ ਪੂਰਨ ਹੋਵੈਂ । ੧ ॥ ਤਬ ਬਿਨਾਂ ਸੰਸੇਤੇ ਮਾਲਕ ਇਸ ਦਿਲਕਾ ਹੋਵੈਂ । ਭਾਵ । ਜਬ ਸੰਸਾਰਤੇ ਉਪ੍ਰਾਮ ਹੋਕਰ ਚਿਤ ਇਸਥਿਤ ਹੂਆ ਤਬੀ ਜਾਣੋ ਮੋਖ ਹੂਆ । ੨ । ੪੧੨ । ਪੁਨਾ

Digitized by Panjab Digital Library | www.panjabdigilib.org

(ਮੂਲ) ਚੂੰਕਿ ਓ ਖੁਦ ਰਾ ਫਨਾਇ ਓ ਨ ਕਰਦ ॥
ਹਕ ਮਰੋਰਾ ਸਾਹਿਬ ਇਰਫਾਂ ਨਕਰਦ ॥

(ਟੀਕਾ) ਜਿਸ ਕਿਸੀ ਨੇ ਆਪਣੇਆਪਕੇ ਤਾਂਈ ਉਸਕੀ ਪ੍ਰਾਪਤੀ ਵਾਸਤੇ ਨਾਸ ਉਨਾਂ ਸੰਤਾਂ ਗੁਰਾਂ ਉਪਰੋਂ ਨਹੀਂ ਕੀਤਾ। ਭਾਵ। ਪ੍ਰਾਪਤੀ ਵਾਸਤੇ ਜਿਸਨੇ ਤਨ ਧਨ ਕੀ ਹੰਗਤਾ ਨਹੀਂ ਉਠਾਈ ਸੰਤਾਂ ਅਗੇ।੧। ਸਚੇਨੇ ਭਹਕੀਕ ਉਸ ਹੰਕਾਰੀ ਕੇ ਤਾਂਈ ਮਾਲਕ ਗਜਾਨਦਾ ਨਹੀਂ ਕੀਤਾ। ਭਾਵ। ਹੰਗਤਾ ਸੇਤੀ ਗਿਆਨ ਨਹੀ ਹੋਤਾ ਤਾਂਤੇ ਜੋ ਹੰਗਤਾਕਾ ਤਿਆਂਗਣਾ ਇਸੀਕਾ ਨਾਮ ਵੈਰਾਗ ਹੈ।੨।੪੧੩। ਸਿਧਾਂਤ

(ਮੂਲ) ਹਰਚਿ ਹਸਤਾਂ ਅੰਦਰੂਨੇ ਖਾਨਹਿ ਅਸਤ ॥
ਸੈਰ ਕੁਨ ਦਰ ਕਿਸਤ ਦਿਲ ਈਂ ਦਾਨਹਅਸਤ ॥

(ਟੀਕਾ) ਹੇ ਭਾਈ ਜੋ ਕੁਛ ਹੈ ਬੀਰ ਘਰਕੇਹੀ ਹੈ।੧। ਤਾਂਤੇ ਢੂੰਢਣਾਂ ਕਰੋ ਇਸ ਦਿਲ ਰੂਪੀ ਖੇਤੀ ਵਿਚੋਂ ਗਯਾਨ ਰੂਪੀ ਦਾਣਾ।੨।੪੧੪।

(ਮੂਲ) ਮੁਰਸਦੇ ਕਾਮਲ ਚੁ ਬਾਸਦ ਰਹਿ ਨੁਮਾ ॥
ਬਾਖੁਦਾਇ ਖੇਸ ਗਰਦੀ ਆਸਨਾ ॥

(ਟੀਕਾ) ਪ੍ਰੰਤੂ ਤਬ ਲਭੇਗਾ ਜਬ ਗੁਰੂ ਪੂਰਨ ਹੋਵੇਂ ਰਸਤਾ ਦਿਖਲਾਵਣੇ ਵਾਲੇ। ਭਾਵ। ਗਯਾਨ ਮੋਖਕਾਰਸਤਾਹੈ ਅਰੁ ਮੋਖਨਾਮ ਪ੍ਰਮੇਸਰਕੀ ਪ੍ਰਾਪਤੀਕਾ ਹੈ।੧। ਜਬ ਗੁਰੂ ਗਿਆਨ ਦੇਵੈਂ ਤਬ ਸਾਥ ਵਾਹਿਗੁਰੂ ਆਪਣੇ ਦੇ ਹੋਵੇ ਹੈ ਵਾਕਫੀਅਤ। ਭਾਵ। ਹਰੀ ਸਾਥ ਮਿਲਜਾਤਾਹੈ।੨।੪੧੫।ਪ੍ਰਾਪੁਨਾਓਹੀ।

(ਮੂਲ) ਗਰ ਦਿਲੇ ਤੋ ਜਾਨਬੇ ਹਕ ਆਰਦਤ ॥
ਅਜ ਬੁਨੇ ਹਰ ਮੂਇ ਹਕ ਮੇਬਾਰਦਤ ॥

(ਟੀਕਾ) ਜੇਕਰ ਦਿਲ ਨੂੰ ਤੂੰ ਤਰਫ ਸਚੇਦੀ ਲਿਆਵੇਂ।੧। ਤਾਂ ਤੇਰੇ ਹਰ ਇਕ ਰੋਮਦੀ ਜੜਸੇ ਸਦਾ ਬਰਸੈ। ਭਾਵ। ਸਭ ਮੈ ਬ੍ਰਹਮ ਦ੍ਰਿਸਟੀ ਭਾਸੈ ਅੰਗ ੨ ਦੁਆਰੇ।੨।੪੧੬।

(ਮੂਲ) ਹਮ ਦਰੀਂ ਦੁਨੀਆਂ ਬਿਯਾਬੀ ਕਾਮਿ ਰਾ ॥

Digitized by Panjab Digital Library | www.panjabdigilib.org

**ਖ਼ਾਕ ਬਰ ਸਰ ਕੁਨ ਗ਼ਮੇ ਅਯਾਮ ਰਾ ॥**

(ਟੀਕਾ) ਕੌੜੇ ਬੀਰ ਇਸ ਦੁਨੀਆਂ ਦੇ ਪਾਂਵੇ ਮੁਰਾਦਾਂਕੇ ਤਾਂਈ।੧। ਪੁਨਾ ਧੂੜੀ ਉਪਰ ਸ਼ਿਰ ਦੇ ਕਰੈਂ ਗ਼ਮ ਕਲਦੇ ਤਾਂਈ। ਭਾਵ। ਲੌਕਕ ਖਾਨ ਪਾਨ ਪੈਰਾਨ ਆਦੀਕਾ ਗ਼ਮ ਦੂਰ ਹੋ ਜਾਵੈ।੨।੪੧੭।

**(ਮੂਲ) ਬਰੂੰ ਅਜ਼ ਜਿਸਮ ਤੂ ਨ ਬਵੱਦ ਹੇਚ ਚੀਜ ॥**

**ਯਕ ਦਮੇ ਹਮ ਖੇਸਤਨ ਰਾ ਕੁਨ ਤਮੀਜ ॥**

(ਟੀਕਾ) ਪੁਨਾ ਓਹੀ। ਬਾਹਰ ਸਰੀਰ ਤੇਰੇ ਸੈਂ ਨਹੀ ਹੈ ਕੁਛ ਚੀਜਭੀ। ਭਾਵ। ਆਸਰੀ ਦੈਵੀ ਗੁਣ ਬ੍ਰਹਮਾਨੰਦ ਯੋਗਾਨੰਦ ਆਦੀ ਸਭ ਅੰਦਰੋਂ ਹੀ ਪਾਏ ਜਾਂਦੇ ਹੈਂ।੧। ਜੇਕਰ ਇਕ ਦਮ ਭੀ ਆਪਣੇ ਆਪਦਾ ਬੀਚਾਰਕਰੈਂ ਤਾਂ। ਭਾਵ। ਜੇ ਬੀਚਾਰ ਕਰੈਂ ਤਾਂ ਸਭ ਕੁਛ ਪਾਲਵੈਂ।੨।੪੧੮। ਸਿਧਾਂਤ।

**(ਮੂਲ) ਤਾ ਬਿਯਾਬੀ ਈਂ ਸਆਦਤਰਾ ਮੁਦਾਮ ॥**

**ਗਰ ਬਿਦਾਨੀ ਹਕ ਕੁਦਾਮ ਮਨ ਕੁਦਾਮ ॥**

[ਟੀਕਾ] ਤਬ ਪਾਂਵੈ ਤੂੰ ਏਸ ਭਲਿਆਈ ਤਾਂਈ ਹਮੇਸਾਂ। ਭਾਵ। ਸੁਭ ਵਸਤੂਦੀ ਪ੍ਰਾਪਤੀ ਤਬ ਹੋਗੀ।੧। ਜੇਕਰ ਜਾਂਣੇ ਤੂੰ ਕੇ ਸਚਾ ਕੌਣ ਹੈ ਅਰੁ ਮੈਂ ਕੌਣ ਹਾਂ। ਭਾਵ। ਐਸੇ ਬਿਚਾਰ ਸੇ ਪ੍ਰਾਪਤਿ ਹੋਤਾ ਹੈ ਸਭ ਕੁਛ।੨।੪੧੯। ਪ੍ਰਸਨ ਜਬ ਪ੍ਰਾਪਤੀ ਹੋਜਾਇ ਤਬਫੇਰ ਕਿਆ ਬਿਰਤੀ ਵਰਤਨੀ ਚਾਹੀਦੀ ਹੈ। ਉਤਰ।

**(ਮੂਲ) ਮਨ ਚਿ ਜ਼ਰਹ ਮੁਸਤੇ ਅਜ ਖ਼ਾਕੇ ਗ਼ਰੀਬ ॥**

**ਈਂ ਹਮਹ ਦਉਲਤ ਜਿ ਮੁਰਸਦ ਸੁਦ ਨਸੀਬ ॥**

(ਟੀਕਾ) ਹੇ ਸੰਤੋ ਹੇ ਵਾਹਿਗੁਰੂ ਮੈ ਕਿਆ ਗਰੀਬ ਹਾਂ ਤੁਛ ਮਾਤ੍ਰ ਮੁਠੀ ਖਾਕਕੀਸੇ ਬਣਿਆਂ ਹੂਆ। ਭਾਵ। ਮੈਂ ਤੁਛ ਹਾਂ ਆਪਣੇਆਪ ਮੇਰੇ ਮੇਂ ਕੁਛ ਬਲ ਨਹੀਥਾ।੧। ਏਹ ਤਮਾਮ ਮਾਯਾ ਪ੍ਰਤਖ ਗੁਰੂ ਦਵੀ ਸੰਪਤੀਰੂਪੀ ਪ੍ਰਾਪਤੀ ਰੂਪੀ ਸਭ ਗੁਰਾਸੈਂ ਪ੍ਰਾਪਤਿ ਹੋਈਹੈ।੨॥੪੨੦।

**[ਮੂਲ] ਏ ਜਿਹੇ ਮੁਰਸਦ ਕਿ ਨਾਮੇ ਪਾਕ ਰਾ ॥**

**ਅਜ ਕਰਮ ਬਖਸੀਦ ਮੁਸਤੇ ਖਾਕ ਰਾ ॥**

ਟੀਕਾ) ਐ ਪਿਆਰੇ ਵਾਹ ੨ ਹੈਂ ਗੁਰਦੇਵ ਜੋ ਨਾਮ ਪਵਿਤ੍ਰ ਵਾਹਿਗੁਰੂ

Digitized by Panjab Digital Library | www.panjabdigilib.org

ਦਾ । ੧ । ਤ੍ਰਿਪਾਸੇ ਬਖਸਤੇ ਹੈਂ ਮੁਠੀ ਮਿਟੀਕੇਤਾਂਈ । ਭਾਵ । ਨਾਮ ਸਧਾਕਰ ਭੂਤ ਤਤਾਰਚਤ ਸਰੀਰਕੋ ਸਭਤਰਾਂਸੇ ਸਮ੍ਰਥ ਕਰਦੇਤੇਹੈਂ । ੨ । ੪੨੧ ।

[ਮੂਲ] ਏ ਜਿਹੇ ਮੁਰਸਦ ਉ ਮਾ ਤੀਰਹ ਦਿਲਾਂ ॥
ਕਰਦ ਰੌਸਨ ਦਰ ਜਮੀਨੋ ਆਸਮਾਂ ॥

(ਟੀਕਾ) ਐ ਪਿਆਰੇ ਧੰਨਹੈਂ ੨ ਗੁਰਦੇਵ ਜੋ ਹਮਾਰੇ ਸ੍ਰਪੇ ਅੰਧੇ ਦਿਲਾਂ ਨੂੰ । ਭਾਵ । ਅਗਜਾਨੀਆਂ ਜਗਿਆਂਨੂੰ । ੧ । ਕਰਦੇਤੇਹੈਂ ਪ੍ਰਕਾਸਮਾਨ ਬੀਚ ਧਰਤੀ ਆਕਾਸਦੇ । ਭਾਵ । ਦੋਨੋ ਲੋਕਾਂਮੇ ਪੂਜਨੀਕ ਗਿਆਨਵਾਨਕਰਤੇਹੈ । ੨ । ੪੨੨ ।

(ਮੂਲ) ਏ ਜਿਹੇ ਮੁਰਸਦ ਕਿ ਦਿਲ ਰਾ ਸੋਜ਼ ਦਾਦ ॥
ਏ ਜਿਹੇ ਮੁਰਸਦ ਕਿ ਬੰਧੇ ਦਿਲ ਕੁਸਾਦ ॥

(ਟੀਕਾ) ਐ ਪਿਆਰੇ ਧੰਨਹੈਂ ੨ ਗੁਰਦੇਵ ਜੋ ਦਿਲਕੇ ਤਾਂਈ ਪ੍ਰੇਮ ਦੇਤੇ ਹੈਂ । ਭਾਵ । ਮਨਕੋ ਪ੍ਰੇਮਦੀਆਹੈ । ੧ । ਐ ਪਿਆਰੇ ਵਾਹ ੨ ਹੈਂ ਗੁਰਦੇਵ ਜੋ ਬੇੜੀ ਮਨਦੀ ਖੋਲਤੇਹੈਂ । ਭਾਵ । ਜਿਨਾਂਨੇ ਬੰਧੇਹੋਏ ਮਨਨੂੰ ਖੋਲਿਆਹੈ । ੨ । ੪੨੩ ।

(ਮੂਲ) ਏ ਜਿਹੇ ਮੁਰਸਦ ਕਿ ਬਾ ਹਕ ਆਸਨਾ ॥
ਕਰਦ ਫਾਰਗ ਅਜ ਗਮੇ ਰੰਜੋ ਬਲਾ ॥

(ਟੀਕਾ) ਐ ਪਿਆਰੇ ਧੰਨਹੈਂ ੨ ਗੁਰਦੇਵ ਜੋ ਸਾਥ ਸਚੇਕੇ ਵਾਕਫ ਹੈਂ । । ਭਾਵ । ਸਚੇਸੇ ਮਿਲੇਹੂਏਹੈਂ । ੧ । ਅਰੁ ਦਾਸਾਂਕੋ ਮਿਲਾਕਰਨਿਆਰਾ ਕਰਤੇਹੈਂ ਖਾਨ ਪਾਨ ਆਦੀਦੀ ਚਿੰਤਾਸੇ ਤੇ ਜਨਮ ਮਰਨ ਆਦੀ ਪੀੜਾਸੇ ਅਰੁ ਅਵਿਦਿਆਸੇ । ੨ । ੪੨੪ ।

(ਮੂਲ) ਏ ਜਿਹੇ ਮੁਰਸਦ ਕਿ ਉਮਰੇ ਜਾਵਿਦਾਂ ॥
ਬਖਸਦ ਅਜ ਨਾਮੇ ਖੁਦਾਏ ਬੇ ਨਿਸਾਂ ॥

(ਟੀਕਾ) ਐ ਪਿਆਰੇ ਵਾਹ ੨ ਹੈਂ ਗੁਰਦੇਵ ਜੋ ਅਵਸਥਾ ਹਮੇਸਾਂਦੀ । ੧ । ਦੇਤੇਹੈਂ ਬੇ ਚਿਹਨ ਵਾਹਗੁਰੂਕੇ ਨਾਮਸੇ । ਭਾਵ । ਸੁਧ ਵਾਹਿਗੁਰੂਕਾਂ ਨਾਮ ਸਧਾਕਰ ਜਨਮ ਮਰਨੇਤੇ ਛੁਡਾਦੇਤੇਹੈਂ । ੨ । ੪੨੫ ।

(ਮੂਲ) ਏ ਜਿਹੇ ਮੁਰਸਦ ਕਿ ਓ ਅਜ ਕਤਰਹ ਆਬ ॥
ਕਰਦ ਰੌਸਨ ਹਮ ਚੁ ਮਾਹੋ ਆਫਤਾਬ ॥

Digitized by Panjab Digital Library | www.panjabdigilib.org

(ਟੀਕਾ) ਐ ਪਿਆਰੇ ਧੰਨਹੈਂ ੨ ਗੁਰਦੇਵ ਜੋ ਰੰਚਕ ਭਰ ਜਲ ਸੇ। ।ਭਾਵ। ਰਕਤ ਬੀਰਜ ਸੇ ਜੋ ਉਤਪਤਿ ਹੂਆਹੈ ਸ੍ਰੀਰ ਪ੍ਰਮਾਨ ਮਾਂਕੀ ਰਕਤ ਪਿਤਾ ਬਿੰਦ ਧਾਰਾ ਮਾਰੂ ਸੋਲਹੇ ।੧। ਉਸ ਸ੍ਰੀਰਨੂੰ ਕਰਦਹੈਂ ਪ੍ਰਕਾਸ ਮਾਨ ਦੋਨੋ ਮਾਨਿੰਦ ਚੰਦ੍ਰਮਾ ਸੂਰਜ ਦੇ ।ਭਾਵ। ਸ਼ੁੱਧ ਪ੍ਰਤਾਪ ਵਾਨ ਕਰਦੇਹੈਂ ਅਰੁ ਕੀਤਾਹੈ ।੨।੪੨੬।

(ਮੂਲ) ਏ ਜਿਹੇ ਮੁਰਸਦ ਜਿਹੇ ਅਹਿਸਾਨਿ ਓ ॥
ਸਦ ਹਜ਼ਾਰਾਂ ਹਮ ਚੁ ਮਨ ਕੁਰਬਾਨਿ ਓ ॥

(ਟੀਕਾ) ਐ ਪਿਆਰੇ ਵਾਹ ੨ ਹੈਂ ਗੁਰਦੇਵ ਅਰੁ ਵਾਹ ੨ ਹੈਂ ਪ੍ਰਉਪਕਾਰ ਉਨਕੇ ।੧। ਭੀ ਨਿਸਚੇਸੇ ਲਾਖਾਂਹੀ ਹਮਾਰੇ ਜੈਸੇ ਵਾਰਨੇ ੨ ਉਨਕੇ ਊਪ੍ਰੋ ਹੋਤੇਹੈਂ ।੨।੪੨੭।

[ਮੂਲ] ਦਰ ਜ਼ਮੀਨੋ ਆਸਮਾਂ ਨਾਮ ਸ਼ ਬਵੱਦ ॥
ਹਰ ਮੁਰੀਦੇ ਸਾਹਿਬ ਕਾਮ ਸ਼ ਬਵੱਦ ॥

(ਟੀਕਾ) ਇਸਤੇਜੋ ਅੰਦ੍ਰ ਧਰਤੀ ਆਕਾਸਦੇ ਨਾਮ ਉਨਾਂਕਾਹੈ । ਭਾਵ। ਦੋਨੋ ਲੋਕਾਂਮੈ ਗੁਰਾਂਕਾ ਜਸ ਹੋਰਹਿਆਹੈ ਸਰਬਤ੍ਰਾਂਸੇ ।੧। ਤਾਂਤੇ ਤਮਾਮ ਸਿਖ ਉਨਾਂਕੇ ਮਾਲਕ ਮੁਰਾਦੋਂਕੇ ਹੈਂ। ਭਾਵ ।ਗੁਰੂਕੇ ਜਸ ਕਰਨੇ ਤੇ ਸਿਖਾਂਦੀਆਂ ਕਾਮਨਾਂ ਪੂਰੀਆਂ ਹੋਤੀਆਂਹੈਂ ਕੋਈਇੱਛਿਆਊਣੀਨਹੀ ਰਹਤੀ।੨।੪੨੮।ਸਿਧਾਂਤ

(ਮੂਲ) ਹਰਕਿ ਖੁਸ਼ ਬਾਸ਼ਦ ਜਿ ਗੁਫਤੋ ਗੂਇ ਓ ॥
ਹਕ ਹਮੇਸ਼ਹ ਬਾਸ਼ਦ ਓ ਰਾ ਰੋ ਬ ਰੋ ॥

(ਟੀਕਾ) ਜੋਕੋਈ ਆਨੰਦ ਹੂਆਹੈ ਕਹਣ ਕਹਾਵਣ ਉਨਕੇ ਸੇ ਹੂਆ ਹੈ । ਭਾਵ । ਗੁਰਾਂਕੇ ਉਪਦੇਸ ਸੁਨਨੇ ਅਰੁ ਧਾਰਨੇਸੇ ਆਨੰਦ ਹੋਤਾਹੈ ।੧। ਕਿਉਂਜੋ ਸਚਾ ਸਦੀਵ ਕਾਲਹੈ ਉਨਾਂਕੇ ਮੁਖ ਉਪ੍ਰ। ਭਾਵ। ਤਿਨਾਕੇ ਸਚਾ ਸਾਖਯਾਤਹੈ ਜਿਸ ਕਰਕੇ ਮੁਖਪ੍ਰ ਲਾਲੀ ਅਰੁ ਤੇਜ ਹੋਤੀਹੈਅਰੁ ਹਿਰਦੇ ਅੰਦ੍ਰ ਅੰਤ੍ਰਜਾਮਤਾ ਹੋਤੀਹੈ ।੨।੪੨੯।

(ਮੂਲ) ਹਕ ਹਮੇਸ਼ਹ ਬਾਸ਼ਦ ਓ ਰਾ ਦਰਹਜ਼ੂਰ ॥
ਜ਼ਿਕਰ ਓ ਦਾਇਮ ਮਰਾ ਬਾਸ਼ਦ ਜ਼ਰੂਰ ॥

Digitized by Panjab Digital Library | www.panjabdigilib.org

(ਟੀਕਾ) ਐਸੇ ਸੰਤਾਂ ਗੁਰਾਂਕੋ ਜੋ ਮਿਲਤਾਹੈਂ ਸਦਾ ਸਦੀਵ ਉਨਾਂ ਤਾਂਈ ਸਾਖਸ਼ਾਤਕਾਰ ਹੂਆਹੈ ।੧। ਇਸਤੇ ਭਜਨ ਉਸ ਸਰੋਕਾ ਮੇਰੇ ਤਾਂਈ ਸਦਾ ਜ਼ਰੂਰੀਹੈ । ਭਾਵ । ਭਜਨ ਕਰਨਸੇ ਸਾਖਸ਼ਾਤ ਹੋਤਾਹੈ ਇਸਤੇ ਭਜਨ ਕਰਨਾ ਚਾਹੀਦਾਹੈ ।੨।੪੩੦।

(ਮੂਲ) ਗਰ ਹਜ਼ੂਰੀ ਅਜ਼ ਖ਼ੁਦਾ ਬਾਯਦ ਬ ਤੋ ॥
ਦਰ ਹਜ਼ੂਰੇ ਮੁਰਸ਼ਦੇ ਕਾਮਲ ਬਿਰਉ ॥

(ਟੀਕਾ) ਜੇਕਰ ਨਜ਼ੀਕੀ ਵਾਹਿਗੁਰੂ ਸਾਥ ਦਿਲ ਸੇ ਚਾਹੁਦਾਹੈ ਤੂੰ ॥੧॥ ਤਾਂ ਨਜ਼ੀਕ ਪੂਰਨ ਗੁਰਾਂਕੇ ਜਾਹਿਤੂੰ । ਭਾਵ । ਗੁਰਾਂ ਪਾਸ ਸਰਧਾਕਰ ਜਾਨੇਸੇ ਹਰੀਕੀ ਪ੍ਰਾਪਤੀ ਹੋਤੀਹੈ ।੨।੪੩੧।

(ਮੂਲ) ਸੂਰਤੇ ਹਕ ਮੁਰਸ਼ਦੇ ਕਾਮਲ ਬਵੱਦ ॥
ਦੀਦਨ ਸ ਆਰਾਮ ਜਾਨੋ ਦਿਲ ਬਵੱਦ ॥

(ਟੀਕਾ) ਸਰੂਪ ਸਰੋਕਾ ਪੂਰਨ ਗੁਰੂਹੈਂ ।੧। ਇਸੀਤੇ ਦ੍ਰਸਨ ਉਨਾਂਕਾ ਆਨੰਦ ਰੂਪਹੈ ਦੇਹਕੋਂ ਅਰੁ ਦਿਲਕੋਂ । ਭਾਵ । ਗੁਰਾਂਕੇ ਦ੍ਰਸਨਤੇ ਆਨੰਦ ਹੋਤਾਹੈ ।੨।੪੩੨। ਸਿਧਾਂਤ

(ਮੂਲ) ਤਾ ਕੁਜਾ ਹਾ ਸ਼ੁਕਰ ਇਹਸਾਨ ਸ ਕੁਨਮ ॥
ਹਰਫ਼ਿ ਆਇਦ ਬਰ ਜ਼ੁਬਾਂ ਈਂ ਮੁਗ਼ਤਨਮ ॥

(ਟੀਕਾ) ਕਹਾਂ ਤੋੜੀ ਧੰਨਵਾਦ ਪ੍ਰਉਪਕਾਰ ਉਨਕੇਕਾ ਕਰਾਂਮੈਂ ।੧। ਤਾਂਤੇ ਜੋਕੁਛ ਜਸ ਆਂਵਦਾਹੈ ਉਪ੍ਰ ਰਸਨਾਦੇ ਏਹੀ ਗਨੀਮਤਹੈ । ਭਾਵ । ਜਿਤਨਾ ਜਸ ਗੁਰਾਂਦਾ ਹੋਸਕੇ ਓਹੀ ਲਾਭਹੈ ।੨।੪੩੩।

(ਮੂਲ) ਅਜ਼ ਗਿਲਾਜ਼ਤ ਦਿਲ ਖ਼ੁਦਾ ਚੂੰ ਪਾਕ ਕਰਦ ॥
ਮੁਰਸ਼ਦੇ ਕਾਮਲ ਬ ਈਂ ਇਦਰਾਕ ਕਰਦ ॥

(ਟੀਕਾ) ਗਿਲਾਨੀਆਂ ਸੇ ਦਿਲਨੂੰ ਵਾਹਿਗੁਰੂਨੇ ਜਬ ਪਵਿਤ੍ਰ ਕੀਤਾ ।੧। ਤਬ ਗੁਰਾਂ ਪਾਸ ਜਾਨੇਸੇ ਪੂਰਨ ਗੁਰਾਂਨੇ ਇਸਕੋ ਸਾਥ ਬੁਧੀਦੇ ਕੀਆ ਹੈ । ਭਾਵ । ਇਸਤੇ ਜੋ ਗੁਰ ਪ੍ਰੇਮੀ ਸੰਤਾਂ ਕੀ ਉਪਮਾ ਕਰੈ ।੨।੪੩੪।

(ਮੂਲ) ਵਰਨਹ ਈਂ ਰਾਹੇ ਖ਼ੁਦਾ ਕੈ ਦਾਨਦੇ ॥
ਅਜ਼ ਕਿਤਾਬੇ ਹਕ ਸਬਕ ਕੈ ਖ਼ਾਨਦੇ ॥

Digitized by Panjab Digital Library | www.panjabdigilib.org

(ਟੀਕਾ) ਜਬ ਗੁਰੋਂ ਪਾਸ ਆਏ ਤਬ ਏਹ ਮੁਰਾਤਬਾ ਪਾਯਾ। ਨਹੀਂ ਤਾਂ ਇਹ ਰਸਤਾ ਵਾਹਿਗੁਰੂਕਾ ਕਬ ਜਾਨਤੇ।੧। ਪੁਨਾ ਪੁਸਤਕਸੇ ਸਚੇਕੀ ਸੈਸਾ ਕਬਾ ਪੁਛਤੇ। ਭਾਵ।ਗੁਰਾਂ ਬਿਨਾ ਹਰੀਕਾ ਭੇਦ ਨਹੀ ਜਾਣੀਦਾ।੨।੪੩੫।

(ਮੂਲ) ਈਂ ਹਮਹ ਚੂ ਅਜ਼ ਤੁਫ਼ੈਲਿ ਮੁਰਸ਼ਦ ਅਸਤ।

ਹਰਕਿ ਮੁਰਸ਼ਦ ਰਾ ਨ ਦਾਨਦ ਖ਼ਰ ਤਰ ਅਸਤ॥

(ਟੀਕਾ) ਏਹ ਤਮਾਮ ਜੋ ਆਨੰਦਕੀ ਪ੍ਰਾਪਤੀ ਅਰੁ ਪੜਨਾ ਸੁਨਨਾ ਅਰ ਸੁਭ ਅਸੁਭ ਕੀ ਗਜਾਤ ਏਹ ਗੁਰਾਂ ਕੀ ਕ੍ਰਿਪਾ ਸੇ ਹੈ।੧। ਤਾਂਤੇ ਜੋ ਕੋਈ ਗੁਰਾਂਕੋ ਭਾਂਈ ਨਹੀ ਜਨਦਾ ਓਹ ਗਧਾ ਹੈ ਅਤਿਸੈ ਕਰਕੇ। ਭਾਵ। ਜੋ ਗੁਰਾਂਕੋ ਪੂਰਨਰੂਪ ਪੂਜਨੀਯ ਮੋਖਦਾਤਾ ਜਾਨਕੇਸੇਵਾ ਨਹੀ ਕਰਦਾ ਅਰੁ ਅਦਬ ਨਹੀ ਕਰਦਾ ਉਪਦੇਸ ਨਹੀ ਧਾਰਦਾ ਸੋ ਭਾਰੀ ਗਧਾ ਹੈ।੨।੪੩੬।

(ਮੂਲ) ਮੁਰਸ਼ਦੇ ਕਾਮਲ ਇਲਾਜੇ ਦਿਲ ਕੁਨੰਦ॥

ਕਾਮ ਦਿਲ ਅੰਦਰ ਦਿਲਤ ਹਾਸਲ ਕੁਨੰਦ॥

(ਟੀਕਾ) ਕਿਉਂ ਜੋ ਗੁਰੂ ਪੂਰਨ ਦਵਾਈ ਦਿਲ ਦੀ ਕਰਦੇ ਹੈਂ। ਭਾਵ। ਸੈਸੇ ਦੂਰ ਕਰਕੇ ਦਿਲਕੋ ਆਨੰਦ ਦੇਤੇ ਹੈਂ।੧। ਓਹੁ ਆਨੰਦ ਏਹੈਜੋ ਮੁਰਾਦ ਜੀਵਦੀ ਬੀਚ ਦਿਲਦੇਹੀ ਪ੍ਰਾਪਤ ਕਰਦੇ ਹੈ। ਭਾਵ। ਦਿਲਦੇ ਅੰਦਰ ਸਾਖਯਾਤ ਕਰਦੇਤੇ ਹੈਂ।੨।੪੩੭।

(ਮੂਲ) ਚਸ਼ਮ ਦਿਲ ਚੂ ਮੁਰਸ਼ਦੇ ਕਾਮਲ ਸ਼ਨਾਖ਼ਤ॥

ਜ਼ਿੰਦਗੀਏ ਉਮਰ ਰਾ ਹਾਸਲ ਸ਼ਨਾਖ਼ਤ॥

(ਟੀਕਾ) ਪੁਨਾ ਦਿਲ ਰੂਪੀ ਨੇਤ੍ਰਾਂਨੇ ਜਬ ਐਸੇ ਗੁਰਾਂ ਕੋ ਪੂਰਨ ਪਛਾਣਿਆਂ।੧। ਤਬ ਜੀਵਣਾ ਉਮਰਦਾ ਪ੍ਰਾਪਤਿ ਹੂਆ ਪਛਾਣਿਆ। ਭਾਵ। ਜੀਵਨ ਮੋਖਹੂਆ।੨।੪੩੮।

(ਮੂਲ) ਜ਼ਿੰਦਗੀਏ ਉਮਰ ਹਾਸਲ ਮੇਸ਼ਵਦ॥

ਅਜ਼ ਤੁਫ਼ੈਲਸ ਸਾਹਿਬੇ ਦਿਲ ਮੇਸ਼ਵਦ॥

(ਟੀਕਾ) ਪੁਨਾ ਜੀਵਨ ਅਵਸਥਾ ਪ੍ਰਾਪਤ ਹੋਤੀ ਹੈ। ਭਾਵ। ਜੀਵਨਾ ਮੋਖ ਹੋਤਾ ਹੈ।੧। ਇਸ ਤਰਾਂ ਜੋ ਕ੍ਰਿਪਾ ਉਨਾਂ ਕੀਸੇ ਮਾਲਕ ਦਿਲਕਾ ਹੋਤਾ ਹੈ। ਭਾਵ। ਮਨਕੋ ਰੋਕਕੇ ਜੀਵਨਮੁਕਤਿਕਾ ਆਨੰਦ ਭੋਗਤਾ ਹੈ।੨।੪੩੯। ਸਿਧਾਂਤ।

Digitized by Panjab Digital Library | www.panjabdigilib.org

(ਮੂਲ) ਅਜੋਬਰਾਏ ਆਂ ਕਿ ਈਂ ਪੈਦਾ ਸੁਦਹ ॥
ਦਰ ਫਿਰਾਕ ਸ ਅਬਲਹਉ ਸੈਦਾ ਸਦਹ ॥

( ਟੀਕਾ ) ਵਾਸਤੇ ਉਸਕੇ ਭੁਜਨ ਦੇ ਜੋ ਏਹ ਮਾਨਖ ਪ੍ਰਗਟ ਹੂਆ ਹੈ। ੧। ਤਾਤੇ ਬ ਰ ਵਿਛੋੜੇ ਉਸਕੇਕੇ ਸੰਸਾਰੀਆਂਵਲੋਂ ਸੌਦਾਈ ਹੋਵੈ ।ਭਾਵ। ਸੰਸਾਰ ਵਲੋਂ ਮਰਕੈ ਜਿਉਕਿਉ ਢੂੰਡ ਕਰ ਗੁਰਾਂ ਕੋ ਮਿਲੈ । ੨ । ੪੪੦ ।

(ਮੂਲ) ਈਂ ਮਤਾ ਅੰਦਰ ਦੁਕਾਨੇ ਹਕ ਬਵੱਦ ॥
ਮੁਰਸਦੇ ਕਾਮਲ ਨਿਸਾਨੇ ਹਕ ਬਵੱਦ ॥

( ਟੀਕਾ ) ਕਿਉ ਜੋ ਏਹ,ਭੁਜਨ ਰੂਪੀ ਪਦਾਰਥ ਬੀਚ ਦੁਕਾਨ ਸਰੇ ਕੀਕੇਹੈ । ਭਾਵ । ਸਾਧ ਸੰਗਤਮੈਹੈ ਏਹ ਧੰਨ । ੧ । ਤਾਂਤੇ ਗੁਰਦੇਵ ਪੂਰਨ ਸਰੂਪ ਸਚੇਕਾ ਹੈਂ । ਭਾਵ । ਇਸਤੇ ਗੁਰਾਂ ਪਾਸੋਂ ਭੇਦ ਮਿਲਤਾਹੈ ਉਸ ਧੰਨਕਾ । ੨ । ੪੪੧ ।

(ਮੂਲ) ਮੁਰਸਦੇ ਕਾਮਲ ਦਿਹਦ ਪਾਕੀ ਤੁਰਾ ॥
ਮੌਕਸਦ ਅਜ ਚਾਹ ਗਮਨਾਕੀ ਤੁਰਾ ॥

(ਟੀਕਾ) ਗੁਰੂ ਪੂਰਨ ਦੇਨਗੇ ਪਵਿਤ੍ਰਤਾ ਤੇਰੇਤਾਂਈ । ਭਾਵ । ਉਪਾਸਨਾ ਸੇਹ੍ਦਾ ਨਿਰਮਲ ਕਰਤੇਹੈਂ । ੧ । ਪੁਨਾ ਤਿਸਕਰ ਕਢਲੈਨਗੇ ਖੂਹ ਗਮਕੇ ਸੇ ਤੇਰੇਤਾਂਈ । ੨ । ੪੪੨ ।

(ਮੂਲ) ਮੁਰਸਦੇ ਕਾਮਲ ਇਲਾਜੇ ਦਿਲ ਕੁਨੰਦ ॥
ਈਂ ਮੁਰਾਦੇ ਦਿਲ ਬਦਿਲ ਹਾਸਲ ਕੁਨੰਦ ॥

(ਟੀਕਾ) ਪੁਨਾ ਗੁਰਦੇਵ ਐਸੀ ਪੂਰਨ ਦਵਾਈ ਦਿਲਦੀ ਕਰਦੇਹੈਂ।੧। ਜੋ ਏਹ ਕਾਮਨਾ ਜਗਤ੍ਰਸੂਦੀ ਅੰਦ੍ਰ ਦਿਲਦੇ ਪ੍ਰਾਪਤਿ ਕਰਦੇਹੈਂ। ਭਾਵ। ਸਾਖਸ਼ਾਤ ਕਰਦੇ ਹੈਂ ਤਾਂਤ ਤੇਰੇਕੋਭੀ ਪ੍ਰਾਪਤਿ ਕਰੈਂਗੇ ।੨।੪੪੩।

(ਮੂਲ) ਸੁਹਬਤੇ ਆਰਫ ਅਜਬ ਦੌਲਤ ਬਵੱਦ ॥
ਈਂ ਹਮਹ ਮੌਕੂਫ ਬਰ ਸੁਹਬਤ ਬਵੱਦ ॥

(ਟੀਕਾ) ਪੁਨਾ ਸੰਗਤ ਗਿਆਨਵਾਨਕੀ ਅਸਚਰਜ ਧੰਨ ਹੈ । ੧ । ਕਿਉਂਜੋ ਏਹ ਤਮਾਮ ਵਿਹਾਰਕ ਪਦਾਰਥ ਤੇ ਪਰਮਾਰਥਕ ਦੈਵੀਗੁਣ ਅਟਕੇ ਹੂਏਹੈਂ ਊਪ੍ਰ ਸੰਗਤਿ ਕੇ । ਭਾਵ । ਸੰਗਤਿ ਕਰਨੇਸੇ ਪ੍ਰਾਪਤਿ ਹੋਤੇਹੈਂ ਤਾਂਤੇ ਸੰਗਤ

Digitized by Panjab Digital Library | www.panjabdigilib.org

ਕਰ। ੨। ੪੪੪।

(ਮੂਲ) ਐ ਅਜ਼ੀਜ਼ੇ ਮਨ ਸੁਨੌ ਅਜ ਮਨ ਸੁਖਨ॥
ਤਾ ਬਿਯਾਬੀ ਰਾਹ ਅੰਦਰ ਜਾਨੋ ਤਨ॥

(ਟੀਕਾ) ਸੰਤ ਐਸੇ ਕਹਤੇਹੈਂ ਜੋ ਐ ਪਿਆਰੇ ... ਮਨ ਹਮਾਰੇਸੇ ਬਚਨ। ੧। ਜਬ ਸੁਨੇਂ ਕੰਨਦੇਕਰ ਤਾਕੂੰ ਪਾਂਵੈ ਰਸ ... ਤਨਕੇਹੀ ਧਿਆਰੇਦਾ। । ੨। ੪੪੫। ਪ੍ਰੇਮਨ ਆਪਨੇ ਜੋ ਬਚਨ ਸੁਨ... ਕਹੇਹੈਂ ਓਹੁ ਕੰਨਸੇਬਚਨ ਸੁਨਾਵਤੇ ਹੈਂ ਨਿਰਨੇਮੇ ਕਹੀਏ ਉਤ੍ਰ

(ਮੂਲ) ਤਾਲਿਬੇ ਮਰਦਾਨ ਹੱਕ ਰਾ ਦੋਸ ਦਾਰ॥
ਗ਼ੈਰ ਜ਼ਿਕਰ ਸ ਬਰ ਜ਼ੁਬਾਂ ਹਰਫੇ ਮਿ ਆਰ॥

(ਟੀਕਾ) ਇਛਿਆਵਾਨ ਸੰਤਾਂ ਸਚਿਕਿਆਂਕੇ ਤਾਂਈ ਦੋਸਤ ਰਖ। ੧। ਅਰੁ ਬਿਨਾ ਭਜਨ ਉਸਕੇ ਸੇ ਊਪ੍ਰ ਰਸਨਾਕੇ ਹੋਰ ਕੋਈ ਅਖ੍ਰ ਮਤ ਲਿਆਇ। । ਭਾਵ। ਹਰੀਦੇ ਭਜਨਬਿਨਾ ਹੋਰ ਦੇਵੀਦੇਵਤੇਦਾ ਭਜਨ ਨਾਕਰਾ। ੨। ੪੪੬

(ਮੂਲ) ਖਾਕ ਸ਼ੌ ਮਰਦਾਨ ਹੱਕ ਰਾ ਖਾਕ ਬਾਸ॥
ਨੇਪਏ ਦੁਨੀਆ ਇਦੂੰ ਗ਼ਮਨਾਕ ਬਾਸ॥

[ਟੀਕਾ] ਪੁਨਾ ਧੂੜੀ ਹੋਹੁ ਸੰਤਾਂ ਸਚੇ ਕਿਆਂਕੀ ਧੂੜੀ ਹੋਹੁ। ੧। ਅਰੁ ਵਾਸਤੇ ਮਾਯਾ ਕਮੀਨੀਦੇ ਚਿੰਤਾਵਾਨੇ ਨਾਹੋਹੁ। ਭਾਵ। ਮਾਯਾਕੇ ਭੁਛਜਾਨ ਦੁਖੀ ਨਾਹੋਹੁ। ੨। ੪੪੭

(ਮੂਲ) ਗ਼ੈਰ ਤੂ ਖ਼ਾਨੀ ਨੁਸਖਏ ਅਜ ਸਾਨਿ ਇਸਕ॥
ਮੁਸਵੀ ਸਰ ਦਫਤਰੀ ਦੀਵਾਨ ਇਸਕ॥

[ਟੀਕਾ] ਪੁਨਾ ਜੇਕਰ ਤੂੰ ਪੜਨਾ ਚਾਹੁੰਤਾਹੈ ਰੁਕਾਵਟਿਆਈ ਪ੍ਰੇਮਕੀਸੇ। ਭਾਵ। ਪ੍ਰੇਮਕਾ ਆਨੰਦ ਚਾਹੁਤਾਹੈ। ੧। ਤਾਂਕੂੰ ਹੋਹੁ ਬਡਾ ਦਫਤਰੀ ਮੁਨਸੀ ਦੀਵਾਨ ਪ੍ਰੇਮਕੇਸੇ। ਭਾਵ। ਸ੍ਰੇਸਟੋ ਪ੍ਰੇਮੀ ਹੋਹੁ। ੨। ੪੪੮।

(ਮੂਲ) ਇਸਕ ਮੌਲਾ ਮਰ ਤੁ ਰਾ ਮੌਲਾ ਕੁਨੱਦ॥
ਦਰ ਦੁ ਆਲਮ ਮਿਹਤਰੋ ਔਲਾ ਕੁਨੱਦ॥

(ਟੀਕਾ) ਕਿਉਂਜੋ ਪ੍ਰੇਮ ਬ੍ਰਹਮਕਾ ਤਹਕੀਕ ਬ੍ਰਹਮਰੂਪ ਕਰਤਾਹੈ ਤਾਂਤੇ ਤੇਰੇਤਾਂਈ ਭੀ ਕਰੇਗਾ। ੧। ਪੁਨਾ ਬੀਚ ਦੋਨੋ ਲੋਕਾਂਕੇ ਬਡਾ ਔਲੀਆਇ

Digitized by Panjab Digital Library | www.panjabdigilib.org

ਕਰਤਾ ਹੈ । ੨ । ੪੪੯ ਪੁਨਾ ਐਸੇ ਨਿੰਮ੍ਰਤਾ ਸੇ ਪ੍ਰਾਰਥਨਾ ਕਰਨੀ ਦਸਦੇ ਹੈਂ ।

(ਮੂਲ) ਯਾ ਇਲਾਹੀ ਈਂ ਦਿਲ ਮ ਰਾ ਸ਼ੌਕਿ ਦਿਹ ॥

ਲਜ਼ਤੇ ਅਜ਼ ਸ਼ੌਕਿ ਖ਼ਾਸੋ ਜ਼ੌਕਿ ਦਿਹ ॥

(ਟੀਕਾ) ਹੇ ਅਲਖ ਵਾਹਿਗੁਰੂ ਇਸ ਦਿਲ ਮੇਰੇ ਕੇ ਤਾਂਈ ਪ੍ਰੇਮ ਦਿਹ ।੧ ਪੁਨਾ ਆਨੰਦ ਚੰਗਾ ਪ੍ਰੇਮ ਦਾ ਆਪਣੀ ਖੁਸੀ ਸੇ ਦਿਹ । ੨ । ੪੫੦ ।

(ਮੂਲ) ਤਾਬ ਯਾਦੇ ਤੂ ਬੁਗੁਜ਼ਰਦ ਰੋਜ਼ੋ ਸ਼ਬ ਮ ॥

ਦਿਹ ਰਿਹਾਈ ਬੰਦਹ ਰਾ ਅਜ਼ ਕੈਦ ਗ਼ਮ ॥

(ਟੀਕਾ) ਜਬ ਪ੍ਰੇਮ ਦੇਵੇਂ ਤਬ ਬੀਚ ਭਗਤੀ ਤੇਰੀ ਦੇ ਗੁਜ਼ਰੇ ਰਾਤ ਦਿਨ ਮੇਰਾ । ੧ । ਕਿਉਂ ਜੋ ਭਗਤੀ ਖਲਾਸੀ ਦੇਣੇ ਵਾਲੀ ਹੈ ਦਾਸਾਂ ਕੇ ਤਾਂਈ ਕੈਦ ਚਿੰਤਾਂ ਕੀ ਸੈਂ । ਭਾਵ । ਜਨਮ ਮਰਨ ਤੇ ਛੁਡਾਣੇ ਵਾਲੀ ਹੈ । ੨ । ੪੫੧ ।

(ਮੂਲ) ਪੁਨਾ ਦੌਲਤੇ ਆਂ ਦਿਹ ਕਿ ਬਾਸ਼ਦ ਪਾਂਇਦਾਰ ॥

ਸੁਹਬਤੇ ਆਂ ਦਿਹ ਕਿ ਬਾਸ਼ਦ ਗ਼ਮ ਗੁਜ਼ਾਰ ॥

ਟੀਕਾ) ਹੇ ਵਾਹਿਗੁਰੂ ਮਾਯਾ ਓਹੁ ਦੇਹ ਜੋ ਹੋਵੈ ਪੈਰ ਰਖਨ ਵਾਲੀ । ਭਾਵ । ਜੋ ਇਸ ਥਿਰ ਰਹੇ ।੧। ਸੰਗਤਿ ਓਹੁ ਦੇਹ ਜੋ ਹੋਵੈ ਗ਼ਮ ਦੇ ਭੁਲਾਵਨ ਵਾਲੀ ।੨।੪੫੨।

(ਮੂਲ) ਨੀਅਤੇ ਆਂ ਦਿਹ ਕਿ ਬਾਸ਼ਦ ਹਕ ਗੁਜ਼ਾਰ ।

ਹਿੰਮਤੇ ਆਂ ਦਿਹ ਕਿ ਸਾਜ਼ਦ ਜਾਂ ਨਿਸਾਰ ॥

(ਟੀਕਾ) ਭਾਵਨੀ ਓਹੁ ਦੇਹ ਜੋ ਹੋਵੈ ਸਚੇ ਮੈ ਸਮਾਂ ਬਿਤਾਵਣ ਵਾਲੀ । ਭਾਵ । ਸਰਧਾ ਸਚੀ ਭਗਤੀ ਵਾਲੀ ਦੇਹ । ੧ । ਬਲ ਪੁਰਖਾਰਥ ਓਹੁ ਦੇਹ ਜੋ ਜਿਸ ਕਰਕੇ ਕਰਾਂ ਸਰੀਰ ਨੂੰ ਕੁਰਬਾਨ । ੨ । ੪੫੩ ।

(ਮੂਲ) ਹਰਚਿ ਦਾਰਦ ਦਰ ਰਹ ਤੂ ਕੁਰਬਾਂ ਕੁਨਦ ॥

ਜਾਂਨ ਦਿਲ ਕੁਰਬਾਂ ਰਹੇ ਸੁਬਹਾਂ ਕੁਨਦ ॥

(ਟੀਕਾ) ਪੁਨਾ ਜੋ ਕੁਛ ਸਮਗ੍ਰੀ ਰਖਤਾ ਹਾਂ ਬੀਚ ਰਸਤੇ ਤੇਰੇ ਦੇ ਵਾਰਨੇ ੨ ਕਰਾਂ ਮੈ । ਭਾਵ । ਤੇਰੇ ਨਾਮ ਪ੍ਰਦਾਨ ਪੁੰਨ ਕਰਦੇ ਵਾਂ ਮੈ । ੧ । ਪੁਨਾ ਤਨ ਮਨ ਵਾਰਨੇ ੨ ਰਸਤੇ ਪ੍ਰਿਉ ਸੋਭਾਇਮਾਨ ਕੇ ਕਰਾਂ ਮੈ । ੨ । ੪੫੪ ।

(ਮੂਲ) ਦੀਦਹਅਮ ਰਾ ਲਜ਼ਤੇ ਦੀਦਾਰ ਬਖ਼ਸ਼ ॥

**ਸੀਨਹਅ ਮਰਾ ਮਖਜ਼ਨੇ ਇਸਰਾਰ ਬਖ਼ਸ਼॥**

(ਟੀਕਾ) ਨੇਤ੍ਰਾਂ ਮੇਰਿਆਂਕੇ ਤਾਂਈ ਅਨੰਦ ਦ੍ਰਿਸ਼ਟਦਾ ਸਰੂਪਦਾ ਦੇਹ।੧। ਰਿਦੇ ਮੇਰੇਕੇ ਤਾਂਈ ਖਜਾਨਾ ਭੇਦਾਂਕਾ ਦੇਹ। ਭਾਵ। ਆਪਣੇ ਖੇਲ ਸਾਖਯਾਤ ਕਰ ਦੇਹ।੨।੪੫੫।

**(ਮੂਲ) ਈਂ ਦਿਲ ਬਿਰੀਆਂਨਿ ਮਾਰਾ ਸੌਕਿ ਦਿਹ॥**
**ਦਰ ਗਲੂਯਮ ਬੰਦਗੀ ਰਾ ਤੌਕਿ ਦਿਹ॥**

(ਟੀਕਾ) ਇਸ ਦਿਲ ਮੇਰੇ ਸੜੇ ਹੋਏਕੇ ਤਾਂਈ ਪ੍ਰੇਮਰੂਪੀ ਜਲ ਦੇਹ। ਭਾਵ। ਜਿਸਕਰ ਦਿਲ ਹਰਾਹੋਕੇ ਫਲਦੇ ਸੰਤ ਹੋਵੈ।੧। ਪੁਨਾ ਅੰਦ੍ਰ ਗਲ ਮੇਰੇਦੇ ਭਗਤੀਦਾ ਸੰਗਲ ਦੇਹ। ਭਾਵ। ਜਿਸਕਰ ਕੁਕਰਮੋਂਸੇ ਰੁਕਕੇ ਸੇਵਾ ਟਹਲ ਕਰਮੈ।੨।੪੫੬।

**(ਮੂਲ) ਹਿਜ਼ਰ ਮਾ ਰਾ ਆਰਜ਼ੂਏ ਵਸਲ ਬਖਸ॥**
**ਈਂ ਖਿਜ਼ਾਨੇ ਜਿਸਮ ਮਾਰਾ ਫਸਲ ਬਖਸ॥**

(ਟੀਕਾ) ਵਿਛੋੜੇ ਮੇਰੇਕੇ ਤਾਂਈ ਇਛਿਆ ਮਿਲਾਪਦੀ ਦੇਹ। ਭਾਵ। ਵਿਛੋੜਾ ਦੂਰ ਕਰਕੇ ਇਛਿਆ ਸਾਖਯਾਤਤਾਦੀ ਦੇਹ।੧। ਪੁਨਾ ਇਸ ਉਜੜੇ ਹੋਏ ਸ਼ਰੀਰ ਮੇਰੇਕੋ ਨੌਬਹਾਰ ਦੇਹ। ਭਾਵ। ਕਾਮਾਆਦੀਆਂ ਪਸ਼ੂਆਂਕੋ ਹਟਾਕੇ ਪਰਮਾਨੰਦ ਰੂਪੀ ਸਬਜ਼ਾਈ ਕਰਦੇਹ।੨।੪੫੭।

**(ਮੂਲ) ਹਰ ਸਰੇ ਮੂਇਮ ਜ਼ੁਬਾਂ ਕੁਨ ਅਜ਼ ਕਰਮ॥**
**ਤਾ ਬਿਗੋਯਮ ਵਸਫ ਹਕ ਰਾ ਦਮ ਬ ਦਮ॥**

(ਟੀਕਾ) ਮੇਰੇ ਸਿਰਦੇ ਤਮਾਮ ਰੋਮ ਰਸਨਾ ਕਰ ਦੇਹ ਕ੍ਰਿਪਾ ਸੇ।੧। ਜਬਰੋਮ ਰਸਨਾ ਹੋਜਾਂਵੇ ਤਾਂ ਫਿਰ ਉਚਾਰਨ ਕਰਾਂ ਮੈ ਸਿਫਤ ਹਿਸਦੇ ਬੀਚ ਸੁਆਸ ੨ ਦੇ।੨।੪੫੯। ਐਸੀ ਸਿਫਤ ਸੁਨਕੇ ਪਾਸਤੇ ਏਕ ਜਗਜਾਸੂਨੇ ਪ੍ਰਸਨ ਕਰਾ ਹੇਭ੍ਰਾਈ ਆਪਨੇ ਜੋ ਹਰੀਦੀ ਸਿਫਤ ਕਰਨੀ ਕਹੀਹੈ ਸੋ ਇਸਕਾ ਕੁਛ ਨਿਜਮਭੀ ਹੈ ਜੋ ਇਨੀ ਕਰਨੀ ਚਾਹੀਏ ਅਰ ਏਨਾ ਅੰਗਾਂਸੇ ਕਰੀਏ ਉਤ੍ਰ

**(ਮੂਲ) ਵਸਫ ਹਕ ਬੇਰੂ ਬਵੱਦ ਅਜ਼ ਗਫਤ ਗੂ॥**
**ਈਂ ਹਦੀਸ ਸ਼ਾਹ ਬਾਸਦ ਕੂ ਬਕੂ॥**

(ਟੀਕਾ) ਸਿਫਤ ਸਰੇਕੀ ਬਾਹਰਹੈ ਕਹਣੰ ਕਹਾਵਣੇ ਸੇ। ਭਾਵ। ਇਸਕਾ

Digitized by Panjab Digital Library | www.panjabdigilib.org

ਨਿਜਮ ਨਹੀ । ੧ । ਪੁਨਾ ਏਹ ਭਗਤੀ ਪਾਤਿਸਾਹਕੀ ਗਲਾਂ ੨ ਵਿਚ ਕਰਨੀ ਚਾਹੀਦੀਹੈ । ਭਾਵ । ਘਰ ਬਾਹਰ ਸਭ ਜਗਾਮੈ ਅਰੁ ਅੰਗ ੨ ਸੇ ਪ੍ਰਮਾਨ ਲੋਚਨ ਅਮੋਲ ਗੁਰ ਦਰਸ ਅਮੋਲ ਦੇਖੈ ਸ੍ਰਵਨ ਅਮੋਲ ਗੁਰ ਬਚਨ ਧਰਨਕੈ । ਨਾਸਕਾ ਅਮੋਲ ਚਰਨਾਰ ਬਿੰਦ ਬਾਸਨਾ ਕੈ ਰਸਨਾ ਅਮੋਲ ਗੁਰ ਮੰਤ੍ਰ ਸਿਮਰਨ ਕੈ । ਹਸਤ ਅਮੋਲ ਗੁਰ ਦੇਵ ਸੇਵ ਕੈ ਸਫਲ ਚਰਨ ਅਮੋਲ ਪ੍ਰਦੱਛਨਾ ਕਰਨ ਕੈ । ਇਸ ਮੈ ਇਕ ਅਮੋਲ ਕਾ ਅਰਥ ਸਫਲ ਹੈ ਦੂਸੇ ਕਾ ਅਮੋਲਕ ਹੈ ਹੋਰ ਸੁਪਸਟ । ੨ । ੪੫੯ ।

[ਮੂਲ] ਮਾਇਨੀਏ ਈਂ ਕੂਚੇ ਕੂ ਦਾਨੀ ਕਿ ਚੀਸਤ॥
ਹਮਦ ਗੋ ਦੀਗਰ ਮਗੋ ਈਂਨਸਤ ਜੀਸਤ॥

( ਟੀਕਾ ) ਅਰਥ ਏਸ ਕੂਚੇ ੨ ਵਿਚ ਭਗਤੀ ਕਰਨੇਦਾ ਜਾਣਦਾ ਹੈਂ ਜੋ ਕਿਆ ਹੈ । ੧ । ਸੁਨੀਏ ਜੋ ਸਿਫਤ ਹਰੀਦੀ ਕਹੋ ਦੂਸਰਾ ਵਾਕ ਭਗਤੀ ਤੇ ਬਿਨਾ ਮਤ ਕਹੋ ਹਰਿ ਵਕਤ ਪੁਨਾ ਜੋ ਸਮਾ ਭਗਤੀ ਕਰਨੇ ਮੈਂ ਬੀਤਦਾ ਹੈ ਏਹੀ ਜੀਵਣਾ ਹੈ । ੨ । ੪੬੦ ।

[ਮੂਲ] ਜੀਸਤਨ ਦਰ ਬੰਦਗੀ ਅਉਲਾ ਬਵੱਦ ॥
ਗਰਚਿ ਸਰ ਤਾ ਪਾ ਹਮਹ ਮਉਲਾ ਬਵੱਦ ॥

( ਟੀਕਾ ) ਤਾਂਤੇ ਜੀਵਣਾਂ ਬੀਚ ਭਗਤੀਦੇ ਜੇੜਾ ਹੈ ਏਹ ਬਡਾ ਹੈ । ਭਾਵ । ਏਹ ਜੀਵਣਾ ਵਡਿਆਈ ਦੇਂਦਾ ਹੈ । ੧। ਯਦਪ ਸਿਰਸੇ ਲੇਕਰ ਪੈਰਾਂ ਤੋੜਕੇ ਤਮਾਮ ਅੰਗਾਂ ਸੇ ਬ੍ਰਹਮਰੂਪ ਹੈ । ਤੌਭੀ ਭਗਤੀ ਕਰਨੀ ਚਾਹੀਏ ਕਿਉ ਜੋ ਭਗਤੀ ਸੇ ਆਪ ਕੋਭੀ ਤੇ ਔਰਕੋਭੀ ਸੁਖ ਹੋਤਾ ਹੈ ਸਾਖੀ ਬ੍ਰਹਮਾ ਸ਼ਿਵ ਬਿਸਨੂਕੀ ਸਤ੍ਰਾਂ ਰਿਖੀਆਂਕੇ ਪਰਖਨੇਵਾਲੀ । ੨ । ੪੬੧ । ਸਿਧਾਂਤ

(ਮੂਲ) ਗਰ ਦਿਹਦ ਤੌਫੀਕ ਫਜ਼ਲ ਜੁਲਜਲਾਲ ॥
ਬੰਦਹ ਰਾ ਅਜ ਬੰਦਗੀ ਬਖਸਦ ਕਮਾਲ ॥

( ਟੀਕਾ ) ਜੇਕਰ ਦੇਂਦਾ ਹੈ ਸਮ੍ਰਥਤਾ ਕ੍ਰਿਪਾ ਸੇ ਵਾਹਿਗੁਰੂ । ੧ ਤਾ ਬੰਦਿਆਂਕੇ ਤਾਂਈ ਭਗਤੀ ਸੇਹੀ ਦੇਂਦਾ ਹੈ ਪੂਰਨ ਸਮ੍ਰਥਤਾ । ੨ ।੪੬੨

(ਮੂਲ) ਬੰਦਗੀ ਬਾਸਦ ਕਮਾਲੇ ਬੰਦਗੀ ॥
ਬੰਦਗੀ ਬਾਸਦ ਨਿਸਾਨੇ ਜ਼ਿੰਦਗੀ ।

Digitized by Panjab Digital Library | www.panjabdigilib.org

(ਟੀਕਾ) ਤਾਂਤੇ ਭਗਤੀਹੀ ਸਭਤੇ ਬਡੀਹੈ ੨।੧। ਪੁਨਾ ਭਗਤੀ ਨਿਸਾਨੀ ਜੀਵਣੇਦੀ ਹੈ । ਭਾਵ । ਭਗਤੀਕਰ ਅਮਰ ਹੋਵੇ ਹੈ ਦ੍ਰਿਸ਼ਟਾਂਤ ਚਿਰੰਜੀਵ ਕਾਗਭੁਸੰਡਆਦੀਜਿਨੇਹੋਏਹੈਸੋ ਭਗਤੀ ਕਰਕੇਹੀਹੋਏ ਹੈਂ।੨।੪੬੩।

(ਮੂਲ) ਗਰ ਨਿਸਾਨੀ ਜਿੰਦਗੀ ਮੇਖ਼ਾਇਦਤ ॥
ਬੰਦਗੀ ਏ ਹਕ ਤੁਰਾ ਮੇ ਬਾਇਦਤ ॥

(ਟੀਕਾ) ਜੇਕਰ ਨਿਸਾਨੀ ਜੀਵਣੇਦੀ ਚਾਹੁਦਾ ਹੈਂ । ਭਾਵ । ਅਮ੍ਰਹੋਣਾ ਚਾਂਹੁਦਾ ਹੈ ।੧। ਤਾਂ ਐ ਪਿਆਰੇ ਭਗਤੀ ਕਰਨੀ ਸਚੇ ਕੀ ਤੇਰੇ ਤਾਂਈ ਚਾਹੀਦੀਹੈ । ਭਾਵ । ਭਗਤੀ ਕਰ ।੨।੪੬੪।

(ਮੂਲ) ਜ਼ਿੰਦਗੀ ਏ ਬੰਦਹ ਰਾ ਈਂ ਬੰਦਗੀਸਤ ॥
ਬੰਦਗੀ ਏ ਹਕ ਕਿ ਐਨੇ ਜ਼ਿੰਦਗੀਸਤ ॥

(ਟੀਕਾ) ਕਿਉਜੋ ਐ ਪਿਆਰੇ ਮਨੁਖਾਂਕੇ ਤਾਂਈ ਜੀਵਣ ਰੂਪ ਏਹ ਭਗਤੀਹੀ ਹੈ ।੧। ਪੁਨਾ ਐ ਪਿਆਰੇਭਗਤੀਸਚੇਕੀਜੋਹੈਏਹਜਿਉਕੀਤਿਉਂ ਜੀਵਣ ਰੂਪ ਹੈ ।੨। ੪੬੫। ਪ੍ਰਸਨ ਭਗਤੀ ਜੋ ਐਤਨੀ ਸੁਖਰੂਪ ਆਪਨੇ ਕਹੀਹੈ ਤਿਸਕਾ ਪੂਰਨ ਚਿੰਨ ਉਚਾਰਨ ਕਰੀਏ ਜੋ ਦ੍ਰਿੜਹੋਨੇਸੇ ਸੁਖਹੋ ਉਤ੍ਰ

(ਮੂਲ) ਤਾ ਤਵਾਨੀ ਬੰਦਹ ਸੌ ਸਾਹਿਬ ਮ ਬਾਸ ॥
ਬੰਦਹ ਰਾ ਜੁਜ ਬੰਦਗੀ ਨ ਬਵੱਦ ਤਲਾਸ ॥

(ਟੀਕਾ) ਜਹਾਂਤਕ ਹੋਸਕੇ ਤਹਾਂਤਕ ਦਾਸ ਹੋਹੁ ਅਰੁ ਸੁਆਮੀ ਬਡਾ ਮਤਹੋਹੁ । ਭਾਵ । ਜੋ ਬਡਾ ਬਣਿਆਹੈ ਸੋਈ ਖ਼ਾਬ ਹੂਆਹੈ ਏਹ ਪ੍ਰਸਿਧ ਬਾਤ ਹੈ ਜੋ ਗੁਰਾਂ ਸੰਤਾਂ ਪਾਸ ਆਕੇ ਦਾਸ ਬਨਾਹੈ ਉਸਨੇਹੀਗੁਰੂਪਦ ਸੰਤ ਪਦ ਪਾਯਾਹੈ ਤੇ ਓਹੀ ਪੂਜ ਭਯਾ ਹੈ ਅਰੁ ਜਿਸਨੇ ਆਕੇ ਕਿਸੇ ਪ੍ਰਕਾਰਸੇ ਮਾਨ ਕੀਆ ਹੈ ਆਪਕੋ ਬਡਾਮਾਨਕੈ ਸੋ ਇਕਤੋ ਖਾਲੀ ਰਹਜਾ ਹੈ ਪ੍ਰਾਪਤੀ ਤੇ ਦੂਜਾ ਅੰਤਕੋ ਖ਼ਾਬਹੀ ਭਯਾ ।੧। ਇਸੀਤੇ ਦਾਸਾਂਕੇ ਤਾਂਈ ਸੁਆ ਭਗਤੀਸੇ ਨਹੀ ਹੈ ਚਾਹਿ।ਭਾਵ।ਭਗਤੀਤੇਬਿਨਾਹੋਰਕਰਮਕਰਨੇਨਹੀਚਾਂਹੁਦੇ ।੨।੪੬੬।

(ਮੂਲ) ਈਂ ਵਜੂਦੇ ਖਾਕ ਪਾਕ ਅਜ ਬੰਦਗੀਸਤ ॥
ਗੁਫਤ ਗੋਹਾਏ ਦਿਗਰ ਸਰਮਿੰਦਗੀਸਤ ॥੮

(ਟੀਕਾ)ਤਾਂਤੇ ਦੇਖ ਏਹ ਸ੍ਰੀਰ ਮਿਟੀਆਦੀ ਤਤਾਂਕਾ ਅਪਵਿਤ੍ਰ ਭਰ ਤੀ

Digitized by Panjab Digital Library | www.panjabdigilib.org

ਸੋਈ ਪਵਿਤ੍ਰ ਹੈ । ਭਾਵ । ਰਵਿਦਾਸਆਦੀ ਭਗਤੀਕਰਹੀ ਸਭਕੇ ਪੂਜ ਹੂਏਹੈ । ੧ । ਤਾਂਤੇ ਕਹਣਾ ਕਹਾਵਣਾ ਭਗਤੀਤੇ ਬਿਨਾ ਜੋ ਦੂਸ੍ਰਾਹੈ ਸੋ ਖ੍ਰਾਬੀਂਹੀ ਹੈ। । ਭਾਵ । ਹੋਰ ਕਰਮਾਂਸੇ ਨਿਆਦੀ ਪਾਂਵਦਾਹੈ । ੨ । ੪੬੭ ।

(ਮੂਲ) ਬੰਦਗੀ ਕੁਨ ਜਾਂ ਕਿ ਓ ਬਾਸਦ ਕਬੂਲ ॥
ਬੁਗੁਜ਼ਰ ਅਜ਼ ਖੁਦ ਬੀਨੀ ਓ ਤਰਜ਼ੇ ਜ਼ਹੂਲ ॥

(ਟੀਕਾ) ਇਸੀਤੇ ਤੂੰ ਭਗਤੀ ਕਰ ਕਿਉਂਜ ਉਸ ਹਰੀਨੂੰ ਭਗਤੀ ਮਨਜੂਰ ਹੈ । ੧ । ਪ੍ਰਸਨ ਆਪਜੈਸੇ ਸਭੀ ਮਹਾਤਮਾ ਕਹਤੇਹੈਂ, ਅਰੁ ਗੁਰੂਜੀ ਭੀ ਕਹਤਾਹੈ ਕੇ ਭ੍ਰਗਤੀ ਅਰੁ ਭਗਤੀਕਰਨੇਵਾਲਾ ਗੋਬਿੰਦਨੂੰ ਪਿਆਰਾਹੈ ਕਿਉਂਜੋ ਭਗਤਾਂਨੂੰਹੀ ਸਾਖਸਾਤ ਹੋਤਾਹੈ ਪ੍ਰੰਤੂ ਕਈ ਮਤਾਂਵਾਲੇ ਲੋਕ ਕਹਤੇਹੈਂ ਜੋਜੀਵ ਬ੍ਰਹਮਰੂਪਹੈ ਜਬ ਜੀਵਹੀ ਪ੍ਰਮੇਸਰਰੂਪਹੂਆ ਤਾਂਫੇਰ ਭਗਤੀ ਕਿਸਕੀ ਕਰਨੀਹੈ । ਉਤ੍ਰ ਲੰਘੀਏ ਆਪਣੇਆਪਕੋ ਦਿਖਾਵਣੇਸੇ ਕਿਉਂਜੋ ਆਪਣਾਆਪ ਦਿਖਾਵਣਾਹੈ ਓਹੁ ਰੀਤੀ ਮੂਰਖਾਂਦੀ ਹੈ । ਭਾਵ । ਬਿਚਾਰਕੈਦੇਖੀਏ ਜੋ ਹੰਗਤਾ ਨਿਵਰਤ ਹੋਨੇਤੇ ਬ੍ਰਹਮਰੂਪ ਹੋਤਾਹੈ ਅਰੁ ਮੈ ਬ੍ਰਹਮਹੂੰ ਐਸੇ ਕਹਣੇਤੇ ਹੰਗਤਾ ਬਣੀ ਰੈਤੀਹੈ ਤਾਂਤੇ ਜਬਤਕਹੰਗਤਾਬਣੀਰਹੇਤਬਤਕਜਨਮਮਰਨਮੈਦੁਖਪਾਂਵਦਾ ਹੈ ਏਹ ਬਾਤ ਸਭ ਗ੍ਰੰਥਾਂ ਮੈ ਪ੍ਰਸਿਧਹੈ ਯਦਪਮੈਬ੍ਰਹਮਹੂੰ ਇਸਕੈਨੇਕੋ ਸੁਧਹੰਕਾਰ ਕੇਤੇਹੈਂ ਤੌਭੀ ਏਹਕੈਣਾਂ ਐਸੇਹੈ ਜੈਸੇਬੇੜੀ ਸੋਬੇੜੀ ਚਾਹੇਸੋਨੇਕੀਹੋਵੈ ਚਾਹੇ ਲੋਹੇਕੀ ਹੋਵੈ ਬੰਧਨ ਰੂਪਹੈ ਅਰੁ ਜੋਕਹੋਂਕੇ ਸਾਸਤ੍ਰਾਂਮੈ ਜੀਵਬ੍ਰਹਮਕੀ ਏਕਤਾ ਲਿਖੀਹੈ ਸਹਾਂਕਹਾਂ ਸੋਏਕਤਾਭੀ ਜੋ ਹੋਤੀਹੈ ਤੋ ਭਾਗ ਤਯਾਗ ਲਖਣਾਂਸੇ ਹੋਤੀਹੈ ਚੇਤਨ ੨ ਭਾਗਕੀ ਅਰੁ ਦੇਹਕੀ ਨਹੀ ਹੋਤੀ ਸੋ ਜਬਤਕ ਦੇਹਦ੍ਰਿਸ੍ਰੀ ਬਨੀਰਹੇ ਤਬਤਕ ਏਤਕਾ ਨਹੀਹੋਤੀਜੋ ਬ੍ਰਹਮਦ੍ਰਿਸਟੀ ਕਹਤੇ ਹੈਂਸੋਭੀ ਜਾਨਨੇਮਾਤ੍ਰ ਹੋਤੀਹੈ ਜਬ ਨਿਸਚਾ ਮਨਮੈ ਪੂਰਾਹੋਜਾਵੈ ਜਹਾਂ ਕਹਾਂ ਬ੍ਰਹਮਹੀ ਭਾਸੇ ਤਾਂ ਦੇਹ ਹੰਗਤਾ ਤਯਾਗਕੈ ਬ੍ਰਹਮਮੈਲੀਨ ਹੋਜਾਤਾਹੈ ਅਰੁ ਦੇਹਹੰਗਤਾ ਸੈ ਬ੍ਰਹਮਰੂਪ ਨਹੀਹੋਤਾ ਦ੍ਰਿਸਟਾਂਤ ਜੈਸੇ ਗੰਗਾਜਲ ਮਲੀਨ ਵਸਤੂਮੈ ਪਾਦੇਈਏ ਤ ਮਲੀਨਹੀ ਹੋਜਾਤਾਹੈ ਅਰੁ ਮਲੀਨਜਲ ਗੰਗ ਨਦੀਮੈ ਪਾਦੇਈਐ ਤਾਂ ਗੰਗਾਰੂਪਹੀ ਹੋਜਾਤਾਹੈ ਐਸੇ ਜਾਨ ਲਈਏ । ੨ । ੪੬੮ ।

(ਮੂਲ) ਦਰ ਦਿਲ ਸਾਹਿਬ ਦਿਲਾਂ ਆਇਦ ਪਸੰਦ ॥
ਰੁਤਬਹੇਅਤ ਗਰਦਦ ਅਜ਼ਾਂ ਹਰਦਮ ਬੁਲੰਦ ॥

[ਟੀਕਾ] ਇਸ ਪ੍ਰਕਾਰ ਜਾਨਕੈ ਬਡੇ ਦਿਲ ਵਾਲਿਆਂਕੇ ਦਿਲ ਅੰਦ੍ਰ ਆਈਹੈ ਪਸਿੰਦ । ਭਾਵ । ਗੁਰਾਂ ਸੰਤਾਂਨੇ ਭਗਤੀਗਰੀਬੀ ਧਾਰੀਹੈ ਅਰੁ ਧਾਰਨੀ

Digitized by Panjab Digital Library | www.panjabdigilib.org

ਕਹੀਹੈ । ੧ । ਤਾਂਤੇ ਮ੍ਰਾਤਬਾ ਤੇਰਾ ਬਡਾ ਹੋਊਗਾ ਉਸ ਭਗਤੀ ਗ੍ਰੀਬੀ ਕੇ ਧਾਰਨੇ ਸੇ ਸਦੀਵ ਕਾਲ । ਭਾਵ । ਭਗਤੀ ਗ੍ਰੀਬੀਕੋ ਧਾਰਨ ਕਰ ਅਰੁ ਹੰਗਤਾ ਬ੍ਰਿਤੀ ਕੋ ਤਯਾਗਦੇਹਾ । ੨ । ੪੬੯ । ਪੁਨਾ

(ਮੂਲ) ਮੁਰਸ਼ਦੇ ਕਾਮਿਲ ਕਿ ਆਂ ਇਰਸਾਦ ਕਰਦ ॥
ਈਂ ਦਿਲ ਤੁ ਅਜ ਯਾਦਿ ਹਕ ਆਬਾਦ ਕਰਦ ॥

(ਟੀਕਾ) ਗੁਰੂ ਪੂਰਨ ਜੋਹੈਂ ਉਨਾਨੇ ਹੁਕਮ ਕੀਆਹੈ। ਭਾਵ । ਸਭਜੀਵਾਂ ਕੋ ਕਹਜਾਹੈ ਅਰੁ ਅਬ ਕੈਤੇਹੈਂ ਕੇ ਭਜਨ ਕਰੋ । ੧ । ਜਬਤੂੰ ਗੁਰਾਂਸੇ ਉਪਦੇਸ ਲੇਕਰ ਭਜਨ ਕਰੈਂਗਾ । ਤਬ ਏਹ ਦਿਲ ਤੇਰਾ ਸਚੇਕੋ ਭਗਤੀ ਸੇ ਵਸੋਂ ਕਰੈਂਗੇ । ਭਾਵ । ਦੈਵੀ ਗੁਣਾਂਕੇ ਸੈਤ ਕਰ ਦੇਵੈਂਗੇ । ੨ । ੪੭੦ । ਪੁਨਾ

(ਮੂਲ) ਆਂ ਹੁਮਾਂ ਇਰਸਾਦ ਦਰ ਦਿਲ ਨਕਸ ਬਦ ॥
ਤਾਂ ਸ਼ਵੀ ਦਰ ਹਰਦੁ ਆਲਮ ਸਰਬੁਲੰਦ ॥

[ਟੀਕਾ] ਉਨਾਂਦੇ ਉਸ ਹੁਕਮਨੇ ਅੰਦ੍ਰ ਦਿਲਦੇ ਦ੍ਰਿੜਤਾ ਬਧੀ । ਭਾਵ । ਜਬ ਅਭਯਾਸ ਦ੍ਰਿੜ ਹੂਆ । ੧ । ਤਬ ਹੂਆ ਬੀਚ ਦੋਨੋ ਲੋਕਾਂਦੇ ਗਰਦਨਵ ਰਾਜ । ਭਾਵ । ਸਭਥਾਂਸੈਪੂਜਹੂਆ । ੨ । ੪੭੧ ।

(ਮੂਲ) ਈਂ ਵਜੂਦੇ ਮਿਸ ਤੂੰ ਰਾ ਸਾਜ਼ਦ ਤਿਲਾ ॥
ਈਂ ਤਿਲਾ ਮਾਲੂਮ ਅਜ ਯਾਦੇ ਖੁਦਾ ॥

(ਟੀਕਾ) ਤਾਂਤੇ ਇਸ ਸ੍ਰੀਰ ਤੇਰੇ ਤਾਂਬੇਕੇ ਤਾਂਈ ਕਰਦੇਂਹਗੇ ਸੋਨਾਰੂਪ । ੧ । ਪ੍ਰਸਨ ਸ੍ਰੀਰਦੇ ਸੋਨਾਰੂਪ ਹੋਨੇਮੈ ਕੋਈ ਦ੍ਰਿਸਟਾਂਤ ਪ੍ਰਮਾਨ ਕਹੀਏ ਜਿਸ ਕਰ ਦ੍ਰਿੜ ਨਿਸਚਾ ਹੋਜਾਵੈ ਕਿਉ ਜੋ ਸਮਗ੍ਰ ਸ੍ਰੀਰ ਗਾਡ ਮਾਂਸਕੇ ਦੇਖੀਦੇ ਹੈਂ ਬਸੇਸਤਾ ਕੈਸੇ ਮਾਨੇ ਉਤ੍ਰ ਇਸ ਸ੍ਰੀਰਦਾ ਸੋਨਾਰੂਪ ਹੋਣਾ ਮਾਲੂਮ ਹੋਤਾਹੈ ਵਾਹਿਗੁਰੂ ਕੀ ਭਗਤੀਸੇ । ਪ੍ਰਮਾਨ ਰੇਚਤ ਚੇਤ ਚੇਤ ਅਚੇਤ। ਕਾਹਿਨ ਬਾਲਮੀ ਕਹਿ ਦੇਖ । ਕਿਸਜਾਤਿਤੇ ਕਿਹਪਦਹਿ ਅਮਰਿਓ ਰਾਮ ਭਗਤਿ ਬਸੇਖ । ਸੁਆਨ ਸਤ੍ਰ ਅਜਾਤ ਸਭਤੇ ਕ੍ਰਿਸਨ ਲਾਵੈ ਹੇਤ । ਲੋਕ ਬਪਰਾ ਕਿਆ ਸਰਾਹੈ ਤੀਨ ਲੋਕ ਪ੍ਰਵੇਸ । ਹੋਰ । ਆਢ ਦਾਮਕੋ ਛੀਪਰੋ ਹੋਇਓਲਾਖੀਣਾ ।੨।੪੭੨।

(ਮੂਲ) ਆਂ ਤਿਲਾਂ ਫਾਨੀ ਵ ਸਦ ਮੌਜੇ ਬਲਾ ॥
ਈਂ ਤਿਲਾਂ ਬਾਕੀ ਚੁ ਜ਼ਾਤੇ ਕਿਬਰੀਆ ॥

Digitized by Panjab Digital Library | www.panjabdigilib.org

(ਟੀਕਾ) ਓਹ ਜੋ ਪ੍ਰਤਖ ਸੋਨਾ ਦੇਖੀਦਾ ਹੈ ਓਹੁ ਨਾਸ ਹੋਨੇ ਵਾਲਾ ਹੈ ਅਰੁ ਉਸਕੋ ਸੈਕੜੇ ਲਹਰਾਂ ਆਫਤ ਕੀਆਂ ਹੈ। ਭਾਵ। ਪ੍ਰਤਖ ਸੋਨੇ ਕੋ ਚੋਰ ਆਦੀ ਸਭਕਾ ਭੈ ਬਨਾ ਰੈਤਾ ਹੈ।੧। ਅਰੁ ਇਹ ਸਵਰਨਰੂਪ ਸੰਤ ਭਗਤ ਸੰਖਰਹੇ ਮਾਨਿੰਦ ਸਰੂਪ ਵਾਹਿਗੁਰੂ ਕੇ ਕੇ। ਪ੍ਰਮਾਨ। ਬਿਦਪਾ ਤਿ ਬ੍ਰਹਮ ਪ੍ਰਮੇਸਾਂ ਸੇਵਕ ਥਿਰ ਹੋਸੀ। ਇਸਤੇ ਸੋਨਾਂ ਰੂਪ ਕਹਾ ਹੈ।੨।੪੭੩।

(ਮੂਲ) ਦੌਲਤ ਅੰਦਰ ਖਾਕ ਪਾਏ ਮਕਬਲਾਂ॥
ਦੌਲਤੇ ਕਾ ਰਾ ਨ ਮੇਆਇਦ ਜ਼ਿਯਾਂ॥

(ਟੀਕਾ) ਪੁਨਾ ਇਸਤੇ ਕਹਾ ਹੈ ਜੋ ਸੁਧਤਾ ਰੂਪ ਅਰੁ ਸਰੂਪਰੂਪੀ ਦੌਲਤ ਪ੍ਰੇਮੀਆਂ ਸੰਤਾਂ ਕੇ ਚਰਨਾਂ ਕੀ ਧੂੜੀ ਬੀਚ ਹੈ। ਭਾਵ। ਧੂੜੀ ਧਾਰਨੇ ਸੇ ਸਭ ਕੁਛ ਪ੍ਰਾਪਤਿ ਹੋਤਾ ਹੈ।੧। ਪੁਨਾ ਓਹੁ ਦੌਲਤ ਕੈਸੀ ਹੈ। ਜੋ ਉਸਕੇ ਤਾਂਈ ਨਹੀ ਆਂਵਦਾ ਨੁਕਸਾਨ। ਭਾਵ। ਨਾਸ ਨਹੀ ਹੋਤੀ ਅਰੁ ਕਮਤੀ ਨਹੀ ਹੋਤੀ।੨।੪੭੪।

(ਮੂਲ) ਆਕਿਬਤ ਦੀਦੰ ਖਿਜ਼ਾਏ ਯਾਰ ਗਾਰ॥
ਵਰਨਹ ਦਰ ਦੁਨੀਆਂ ਹਮਹ ਫਸਲੇ ਬਹਾਰ॥

(ਟੀਕਾ) ਅਰੁ ਹੇ ਮਿਤ੍ਰਤਾ ਦੇ ਕਰਨੇਵਾਲੇ ਦੇਖਤੂੰ ਓੜਕਨੂੰ ਏਹ ਪ੍ਰਤਖ ਦੌਲਤ ਉਜਾੜੇ ਦੇ ਲਿਆਨੇਵਾਲੀ ਹੈ। ਭਾਵ। ਜਬ ਨਾਸ ਹੋ ਜਾਤੀ ਹੈ ਤਬ ਅੰਤ ਕੋ ਉਸ ਵਕਤ ਦੁਖ ਹੋਤਾ ਹੈ।੧। ਨਹੀ ਤਾਂ ਅਬ ਪ੍ਰਤਖ ਤੋ ਜ਼ਰੂਰ ਬੀਚ ਦੁਨੀਆਂ ਦੇ ਤਮਾਮ ਆਨੰਦ ਬਹਾਰ ਹੈ। ਭਾਵ। ਸਭ ਤਰਾ ਦੇ ਸੁਖ ਹੀ ਦੇਖੀਦੇ ਹੈਂ।੨।੪੭੫। ਪ੍ਰਸਨ ਸਦੀਵਕਾਲ ਰੈਨੇ ਵਾਲੀ ਇਸਤੇ ਇਤ੍ਰ ਆਨੰਦ ਦੀ ਬਹਾਰ ਕੇਹੜੀ ਹੈ ਜਿਸਕੋ ਪਾਇਕਰ ਆਨੰਦ ਰੈਤੇ ਹੈਂ। ਉਤ੍ਰ

(ਮੂਲ) ਈਂ ਬਹਾਰ ਤਾਜ਼ਹ ਬਾਸਦ ਤਅਬਦ॥
ਯਾ ਇਲਾਹੀ ਦੂਰ ਦਾਰ ਅਜ਼ ਚਸਮ ਬਦ॥

(ਟੀਕਾ) ਏਹ ਜੋ ਬਹਾਰ ਹੈ ਆਨੰਦ ਦੀ ਮੌਸਮ ਸੋ ਸਦੀਵਕਾਲ ਹਰੀ ਕੀ ਪ੍ਰਾਪਤੀ ਹੈ। ਆਦ ਅੰਤ ਸੇ।੧। ਸੋ ਹਰੀ ਕੀ ਪ੍ਰਾਪਤੀ ਤਬ ਹੋਤੀ ਹੈ ਜਬ ਆਪਣੀ ਹੰਗਤਾ ਛਡਕੇ ਪ੍ਰਾਰਥਨਾ ਕਰੇ ਹਰੀ ਅਗੇ। ਜੋ ਹੇ ਅਲਖ ਹਰੀ ਦੂਰ ਰਖ ਨੇਤ੍ਰਾਂ ਬੁਰਿਆਂ ਸੇ। ਭਾਵ। ਖੋਟੀ ਦ੍ਰਿਸਟੀ ਦੇਖਨੀ ਹਟਾਦੇਹ ਅਰੁ ਕ੍ਰਿਪਾ ਦ੍ਰਿਸਟੀ ਕਰ ਜਿਸ ਕਰ ਸਦੀਵ ਕਾਲ ਕਾ ਆਨੰਦ ਪ੍ਰਾਪਤਿ ਹੋਵੈ ਐਸੇ ਕਹਨੇ ਸੇ ਸਦੀਵ ਕਾ ਆਨੰਦ ਪਾਕਰ ਆਨੰਦ ਰੈਤੇ ਹੈਂ।੨।੪੭੬।

Digitized by Panjab Digital Library | www.panjabdigilib.org

(ਮੂਲ) ਹਰਕਿ ਖਾਕੇ ਪਾਇ ਸਾ ਰਾ ਸੁਰਮਹ ਯਾਫਤ ॥
ਬਰ ਰੁਖ ਸ ਤਹਕੀਕ ਨੂਰ ਮਿਹਰ ਤਾਫਤ ॥

(ਟੀਕਾ) ਤਾਂਤੇ ਦੇਖੀਏ ਜਿਸ ਕਿਸੀਨੇ ਧੂੜੀ ਚਰਨਾਂ ਉਨਕੀਕਾ ਸੁਰਮਾ ਪਾਯਾ ਹੈ। ੧। ਉਪ੍ਰ ਮੁਖ ਉਨਕੇਕੇ ਨਿਸਚੇਕਰ ਸਰੂਪਕਾ ਸੂਰਜ ਪ੍ਰਕਾਸਿਆ ਹੈ। ਭਾਵ। ਚੇਤਨ ਉਨਕੋ ਸਾਖਯਾਤ ਭਯਾਹੈ। ੨। ੪੭੭। ਪ੍ਰਸ਼ਨ ਜਿਨਾ ਕੋ ਸਾ-ਖਯਾਤ ਭਯਾਹੈ ਓਹੁ ਫੇਰ ਕਹਾਂ ਰੈਤੇਹੈਂ ਕਹੀਜੰਗਲ ਯਾ ਪਹਾੜੋਂਮੈ ਯਾ ਕਹੀਂ ਗੁਫਾ ਧਰਤੀਮੈਂ ਲੁਕ ਕਰ ਬੈਠਤੇ ਹੈਂ ਕੇ ਪ੍ਰਗਟਹੀਂ ਕਿਉਜੋ ਪ੍ਰਗਟ ਰੈਨੇ ਸੇ ਪਦਾਰਥ ਮੋਹਤ ਕਰਲੇਤੇਹੈਂ ਸਨਕਾਦਕਾਂਵਤ । ਜਬ ਮੋਹਤ ਹੋਗਿਆ ਤਬ ਗਯਾਨ ਨਹੀਰੈਤਾ ਅਛਾਦਨਹੋਜਾਤਾਹੈ ਜਬ ਅਛਾਦਨਹੂਆ ਤਬ ਜੈਸੇ ਪੈਲੇ ਅਗਯਾਤ ਜੀਵਹੈਸੀ ਵੈਸੇਹੀ ਭਯਾ ਤਾਂਤੇ ਏਹ ਨਿਰਨਾ ਕਰ ਕਹੀਏ ਜੀ ਉਤ੍ਰ

(ਮੂਲ) ਆਰਫ ਅੱਲਾਹ ਦਰ ਦੁਨੀਆਂ ਬਵਦ ॥
ਦਰ ਹਕੀਕਤ ਤਾਲਬੇ ਮੌਲਾ ਬਵਦ ॥

(ਟੀਕਾ) ਗਯਾਨਵਾਨ ਅਲਖ ਵਾਹਿਗੁਰੂਕੇ ਬੀਚ ਸੰਸਾਰ ਦੇ ਅਰੁ ਪਦਾਰਥਾਂ ਦੇਹੀ ਰੈਤੇਹੈਂ। ਭਾਵ। ਜਿਨਕੋ ਸਾਖਯਾਤ ਭਯਾਹੈ ਓਹੁ ਸਬਥਾਂਵਾਂਮੈ ਪੂਰਨ ਜਾਨਤੇ ਤੇ ਫੇਰ ਪਦਾਰਥਾਂਮੈ ਖਚਤ ਨਹੀ ਹੋਤੇ ਇਸਤੇ ਬੀਚਹੀਰੈਤੇਹੈਂ ਪੁਨਾ ਅਡੋਲ ਬ੍ਰਿਤੀ ਰਖਨ ਵਾਸਤੇ ਸਾਧਨ ਕਰਤੇ ਹੈਂ। ੧। ਅਰੁ ਬੀਚ ਹ੍ਰਿਦੇਕੇ ਇਛਿਆਵਾਨ ਬ੍ਰਹਮਕੇਹੀ ਰੈਤੇਹੈਂ। ਭਾਵ। ਬ੍ਰਿਤੀਕੋ ਬ੍ਰਹਮਾਕਾਰਹੀ ਰਖਤੇ ਹੈਂ ਇਸਤੇ ਲੁਕਤੇ ਨਹੀ। ੨। ੪੭੮।

(ਮੂਲ) ਜ਼ਿਕਰ ਮੌਲਾ ਦਮ ਬ ਦਮ ਦਰ ਜਾਨਿ ਓ ॥
ਆਇਤੇ ਨਾਮੇ ਖੁਦਾ ਦਰ ਸ਼ਾਨਿ ਓ ॥

(ਟੀਕਾ) ਪੁਨਾ ਭਜਨ ਬ੍ਰਹਮਕਾ ਸੁਆਸ ੨ ਅੰਦਰ ਦੇਹ ਅਰੁ ਬੁਧੀ ਉਨਕੀ ਕੇ ਰੈਤਾਹੈ। ਭਾਵ। ਹਰ ਵਖਤ ਭਜਨ ਕਰਤੇਹੈਂ ਐਸੇ ਓਹੁ ਸੰਤ ਪਦਾਰਥ ਕਾਰ ਬੁਧੀ ਨਹੀ ਕਰਤੇ ਕਿਉਜੋ ਪਦਾਰਥਾਂਕੀ ਭਾਵਨਾਹੀ ਉਠਾਦੇਤੇਹੈ ।੧। ਇਸਤੇ ਪੌੜੀ ਵਾਹਿਗੁਰੂਦੇ ਨਾਮਦੀ ਅੰਦਰ ਵਡਿਆਈ ਉਨਕੀਕੇਹੈ। ਭਾਵ। ਐਸੇ ਸੰਤਾਂ ਕੀ ਉਸਤਤਿ ਕਰਨੇਸੇ ਹਰੀਕੇ ਨਾਮਕਾ ਅਭਯਾਸ ਮਿਲਤਾ ਹੈ ਹੋਰ ਪ੍ਰਮੇਸਰ ਕੀ ਪ੍ਰਗਟਤਾ ਹੋਤੀਹੈ। ੨। ੪੭੯।

(ਮੂਲ) ਹਰ ਨਫਸ ਦਾਰੰਦ ਦਿਲ ਰਾ ਸੂਇ ਹਕ ॥

Digitized by Panjab Digital Library | www.panjabdigilib.org

**ਸੁੱਦ ਮੁਅੱਤਰ ਮਗਜ ਸਾਂ ਅਜ਼ ਬੂਇ ਹਕ ॥**

(ਟੀਕਾ) ਹਰਇਕ ਸੁਆਸ ਰਖਤੇ ਹੈਂ ਦਿਲਕੇ ਤਾਂਈ ਤਰਫ ਸਚੇਕੀਕੇ ।ਭਾਵ। ਬ੍ਰਹਮਮੇ ਲੀਨਰੈਤੇਹੈਂ ।੧। ਪੁਨਾ ਹੂਆਹੈ ਲਤਾਲਭ ਰਿਦਾ ਉਨਾ ਕਾ ਸੁਗੰਧੀ ਸਚੇਕੀਸੇ। ਭਾਵ । ਭਗਤੀਸੇਂ ਪੂਰਨ ਰੈਤੇਹੈਂ ਮਨਤਨਕਰਕੇ ਇਸਤੇ ਉਨਾਂਪਰ ਕੋਈ ਪਦਾਰਥ ਵਿਸਾ ਬਲ ਨਹੀ ਪਾਸਕਤਾ ਬੀਚ ਰਹਨੇ ਸੈਭੀ ਪੁਨਾ ਭਗਤੀ ਇਸਤ੍ਰੀਕਹੀਹੈ ਅਰੁ ਮਾਯਾਭੀ ਇਸਤ੍ਰੀਹੈ ਤਾਂਤੇ ਇਸਤ੍ਰੀ੨ ਕੇ ਭੇਦਕੋ ਜਾਨਤੀਹੈ ਇਸਤੇ ਭਗਤੀ ਵਾਲੇ ਜੜ ਚੇਤੰਨ ਮਾਯਾਮੈ ਖਚਤ ਨਹੀ ਹੋਤੇ। ਅਰੁ ਜੇਕਰ ਕਹੋ ਇਸਤ੍ਰੀ ਹੋਨੇਤੇਭੀ ਮਾਯਾਬਲੀਹੈ ਤੋਇਸਮੈ ਬਾਤ ਸੁਨੋ ਯਦਪ ਮਾਯਾ ਬਲੀਹੈ ਪਰ ਮਾਯਾ ਈਸਰਕੀ ਛੁਟੜ ਇਸਤ੍ਰੀ ਹੈ। ਜੈਸੇ ਛੁਟੜ ਇਸਤ੍ਰੀ ਛਲਵਲ ਜਾਦੂ ਟੂਣਾ ਕਰਕੇ ਪਤੀਕੋ ਅਧੀਨ ਰਖਤੀਹੈ ਪਰ ਵਾਸਤਵਤੇ ਪਤੀਕੀ ਪ੍ਰਸੰਨਤਾ ਉਸੁਪਰ ਨਹੀ ਹੋਤੀ ਅਰੁ ਪਤੀਕੀ ਪ੍ਰਸੰਨਤਾ ਪਤਿਬ੍ਰਤੁਪਰ ਹੋਤੀਹੈ ਤਾਂਤੇ ਪਤਿਬ੍ਰਤ ਇਸਤ੍ਰੀ ਹਰੀਕੀ ਤੋ ਭਗਤੀਹੀਹੈ ਸਿਧਾਂਤ। ਜਿਸੁਪਰਪਤੀਕੀਪ੍ਰਸੰਨਤਾ ਹੋਤੀਹੈ ਓਹੀ ਬਲੀ ਹੋਤੀਹੈ ਕਿਉਜੋ ਪਤੀ ਉਸਕਾ ਕੈਣਾ ਮਾਨਤਾਹੈ ਮੋੜਤਾ ਕਭੀਭੀ ਨਹੀਹੈ ਇਸ ਜੁਗਤੀ ਸੇ ਭਗਤੀ ਬਲੀਹੈ ਇਸ ਕਰ ਭਗਤ ਗਿਆਨੀ ਪਰ ਮਾਯਾਕਾਭੀ ਬਲ ਨਹੀ ਪੜਤਾ ਜਬ ਮਾਯਾਕਾ ਬਲਨਾਪੜਾਤਬਫਿਰ ਤੋ ਨਿਰਸੰਸਨਿਰਲੇਪਹੀਭਏ। ੨।੪੯੦।ਸਿਧਾਂਤ

[ਮੂਲ] **ਹਰ ਦਮੇ ਕੋਬਾ ਖੁਦਾਂ ਵਾਸਲ ਬਵੱਦ ॥**
**ਹਾਸਲ ਈਂ ਉਮਰ ਰਾ ਹਾਸਲ ਬਵਦ ॥**

[ਟੀਕਾ]ਇਸਰੀਤੀਕੋ ਜਾਨਕੈ ਹਰ ਇਕ ਸੁਆਸ ਜੋ ਸਾਥ ਮਾਲਕਦੇ ਮਿਲਨੇ ਵਾਲਾ ਹੂਆਹੈ। ਭਾਵ। ਸੁਆਸ ੨ ਜੋ ਪਤੀ ਵਾਹਿਗੁਰੂਦਾ ਭਜਨ ਕਰਦਾ ਹੈ ਸੰਤਾਂ ਸਮ।੧। ਨਫਾ ਇਸ ਅਵਸਥਾਦਾ ਪ੍ਰਾਪਤਿ ਹੂਆਹੈ ਉਸਨੂੰ ।ਭਾਵ। ਉਸਦੀ ਅਵਸਥਾ ਸਫਲ ਹੋਈਹੈ।੨।੪੯੧।

(ਮੂਲ) **ਹਾਸਲੇ ਈਂ ਉਮਰ ਪੇਸੇ ਮੁਰਸ਼ਦ ਅਸਤ ॥**
**ਨਾਮ ਹਕ ਚੂ ਬਰ ਜੁਬਾਂਨ ਸ ਵਾਰਦ ਅਸਤ ॥**

( ਟੀਕਾ ) ਤਾਂਤੇ ਹੇ ਭਾਈ ਨਫਾ ਇਸ ਅਵਸਥਾਦਾਪਾਸਗੁਰਾਂਕੇਹੈ।੧। ਕਿਉਜੋ ਨਾਮ ਸਚੇਕਾ ਉਪ੍ਰਰਸਨਾਂ ਉਨਕੀਕੇ ਬਰਸਤਾ ਹੈ ।ਭਾਵ। ਗੁਰੂ ਆਪ ਨਾਮਜਪਤੇਹੈਂ ਅਰੁ ਜਗਜਾਸੂਆਂ ਕੋ ਉਪਦੇਸ ਕਰਤੇ ਹੈਂ ਤਾਂਤੇ ਉਨਕੋ ਮਿਲ।੨।੪੯੨।

Digitized by Panjab Digital Library | www.panjabdigilib.org

**(ਮੂਲ) ਮੁਰਸ਼ਦੇ ਕਾਮਲ ਬਵੱਦ ਦੀਦਾਰ ਹਕ ॥**
**ਕਜ਼ ਜ਼ੁਬਾਂਨ ਸ ਬਿਸਨਵੀ ਗੁਫਤਾਰ ਹਕ ॥**

[ ਟੀਕਾ ] ਐਸੇ ਭਜਨ ਵਾਨ ਸਾਧਨ ਸੰਪੰਨ ਪੂਰਨ ਗੁਰਾਂਕਾ ਦਰਸ਼ਨ ਜੋਹੈ ਏਹੀ ਸਚੇ ਪ੍ਰਮੇਸਰਦਾ ਦਰਸਨ ਹੈ । ੧ । ਤਾਂਤੇ ਜੋ ਰਸਨਾ ਉਨਕੀ ਸੇ ਸੁਣਤੂੰ ਬਾਣੀ ਸਚੇਕੀ । ਭਾਵ । ਗੁਰਾਂਕਾ ਉਪਦੇਸ ਜਾਕਰ ਲੇਹ ਜਬ ਉਪਦੇਸ ਲੇਕਰ ਅਭਿਆਸ ਕਰੈਂ ਤਾਂ ਬ੍ਰਹਮ ਰੂਪਹੀ ਹੋਜਾਵੈ । ੨ । ੪੯੩ ।

**(ਮੂਲ) ਸੂਰਤੇ ਹਕ ਮੁਰਸ਼ਦੇ ਕਾਮਿਲ ਬਵੱਦ ॥**
**ਨਕਸ ਓ ਦਾਇਮ ਦਰੂਨੇ ਦਿਲ ਬਵੱਦ ॥**

[ ਟੀਕਾ ] ਜੁਗਤੀ ਪ੍ਰਾਪਤੀ ਸਚੇਕੀਕੀ ਪੂਰਨ ਗੁਰਾਂਸੇ ਹੈ ਅਥਵਾ ਤੁਰਾਂ ਸਚੇ ਕੀਜੋਹੈ ਓਹੀ ਪੂਰਨ ਗੁਰਾਕੀਹੈ । ੧ । ਕਿਉਂ ਜੋ ਸਰੂਪ ਉਸਕਾ ਹਮੇਸ਼ਾਂ ਗੁਰਾਂ ਸੰਤਾਂ ਕੇ ਦਿਲਦੇ ਅੰਦਰ ਹੈ । ਭਾਵ । ਸਰੂਪ ਕੀ ਸਾਖਯਾਤਤਾ ਕਰ ਬ੍ਰਹਮ ਰੂਪਹੈਂ । ੨ । ੪੯੪ ।

**(ਮੂਲ) ਨਕਸ ਓ ਚੂੰ ਦਰ ਦਿਲੇ ਕਸ ਜਾ ਕੁਨੱਦ ॥**
**ਹਰਫਿ ਹਕ ਅੰਦਰ ਦਿਲ ਸ ਮਾਵਾ ਕੁਨਦ ॥**

[ ਟੀਕਾ ] ਤਾਂਤੇ ਸਰੂਪ ਉਸਕਾ ਜਬ ਅੰਦਰ ਦਿਲ ਕਿਸੀਦੇ ਜਾਗਾ ਕਰਤਾ ਹੈ । ੧ । ਤਬ ਨਾਮ ਸਚੇਕਾ ਬ ਚ ਦਿਲ ਉਸਕੇਕੇ ਵਤਨ ਕਰਤਾਹੈ । ਭਾਵ । ਜਿਸਕੋ ਗੁਰ ਉਪਦੇਸਕੋ ਅਭਿਆਸ ਕਰਨੇਤੇ ਸਰੂਪ ਕੀ ਸਾਖਯਾਤ ਕਾਰਤਾ ਭਈ ਹੈ ਉਸਕੀ ਬ੍ਰਹਮਾਕਾਰ ਬਿਰਤੀ ਹੋਜਾਤੀ ਹੈ । ੨ । ੪੯੫ । ਅਬ ਗ੍ਰੰਥ ਕੀ ਸਮਾਪਤੀ ਮੈ ਜਗਯਾਸੂਕੇ ਪ੍ਰਸ਼ਨ ਅਨੁਸਾਰ ਆਪਣੀ ਇਛਿਆ ਅਰੁ ਗ੍ਰੰਥਕਾ ਕਾਰਨ ਅਰੁ ਨਾਮ ਅਰੁ ਗ੍ਰੰਥ ਕੀ ਮਹੱਤਤਾ ਅਰੁ ਗ੍ਰੰਥਕਾ ਫਲ ਬਰਨਨ ਕਰਤੇ ਹੈਂ ।

**। ਮੂਲ । ਖਾਸਤ ਮ ਤਰਤੀਬ ਈਂ ਦੁਰ ਦਾਨਹ ਰਾ ॥**
**ਕਾਂ ਸਨਾ ਸਾਜਦ ਦਿਲੇ ਬੇਗਾਨਹ ਰਾ ॥**

( ਟੀਕਾ ) ਚਾਹ ਕਰਕੇ ਬਣਾਯਾਹੈ ਮੈਨੇ ਇਸ ਮੋਤੀਦਾਣੇਕੇ ਤਾਂਈ ਭਾਵ । ਇਸ ਗ੍ਰੰਥ ਕੋ ਬਣਾਯਾਹੈ ਮੈਨੇ ਪ੍ਰੇਮਸੇ । ੧ । ਜੋ ਵਾਕਫ ਕਰਨੇ ਵਾਲਾਹੈ ਅਗਯਾਤ ਜੀਵਾਂਕੇ ਤਾਂਈ । ਭਾਵ । ਪ੍ਰਮੇਸਰਸੇ ਪ੍ਰੇਮੀ ਕਰਨੇਵਾਲਾ ਹੈ

Digitized by Panjab Digital Library | www.panjabdigilib.org

ਅਰ ਕਰ ਦੇਵੇਗਾ ਏਹ ਗ੍ਰੰਥ ॥ ੨॥੪੯੬॥

( ਮੂਲ ) ਆਬਹੈਵਾਂ ਪੁਰ ਸੁਦਹ ਰੂੰਜਾਮਿ ੳ ॥
ਜਿੰਦਗੀ ਨਾਮਾ ਸੁਦਹ ਜਾਂ ਨਾਮਿ ੳ ॥

( ਟੀਕਾ ) ਕਿਉਂ ਜੋ ਉਸ ਰਖਕੇ ਕਾ ਨਾਮ ਰੂਪੀ ਅੰਮ੍ਰਿਤ ਪੂਰਿਆ ਹੂਆ ਹੂਆ ਹੈ ਇਸ ਗ੍ਰੰਥ ਰੂਪੀ ਪਿਆਲੇ ਮੈਂ ॥੧॥ ਇਸੇ ਵਾਸਤੇ ਜਿੰਦਗੀ ਨਾਮਾ ਨਾਮ ਹੂਆ ਹੈ ਇਸ ਗ੍ਰੰਥ ਕਾ । ਦ੍ਰਿਸ਼ਟਾਂਤ । ਜੈਸੇ ਅੰਮ੍ਰਿਤ ਪੀਨੇ ਸੇ ਅਮ੍ਰਿਤ ਹੋਤਾ ਹੈ ਐਸੇ ਵਾਹਿਗੁਰੂ ਕੇ ਨਾਮ ਸੇ ਜੀਵਨਾਂ ਹੋਤਾ ਹੈ ਸੋ ਨਾਮ ਇਸ ਮੈ ਪਰਨ ਹੈ ॥ ੨ ॥ ੪੯੭ ॥

( ਮੂਲ ) ਕਜ ਤਕਲਮ ਬੂਇ ਇਰਫਾਂ ਆਇਦਸ ॥
ਵਜ ਦਿਲੇ ਆਲਮ ਗਿਰਹ ਬੁਕੁਸਾਇਦਸ ॥

( ਟੀਕਾ) ਪੁਨਾ ਜੋ ਇਸਮੈਂ ਬਾਣੀ ਹੈ ਇਸ ਸੇਂ ਗਿਆਨ ਦੀ ਸੁਗੰਧੀ ਆਂਵਦੀ ਹੈ । ਭਾਵ । ਜੈਸੇ ਨਾਮ ਕੇ ਜਪਨੇ ਸੇ ਗਯਾਨ ਹੋ ਆਂਵਦਾ ਹੈ ਐਸੇ ਇਸ ਗ੍ਰੰਥ ਸੇ ਗਯਾਨ ਹੋ ਆਵੇਗਾ ॥ ੧ ॥ ਪੁਨਾ ਸੰਸਾਰ ਦੇ ਦਿਲ ਸੇਂ ਗੰਢ ਖੋਲਨੇ ਵਾਲਾ ਹੈ । ਭਾਵ ਜੈਸੇ ਨਾਮ ਸੇ ਜੜ੍ਹ ਚੇਤਨ ਦੀ ਗੰਢ ਖੁਲਦੀ ਹੈ ਐਸੇ ਇਸ ਗ੍ਰੰਥ ਸੇ ਸਭ ਅਸਭ ਕੀ ਗਯਾਤ ਹੋ ਆਵੇਗੀ ॥੨॥ ੪੯੮ ॥

( ਮੂਲ ) ਹਰਕਿ ਖਾਨਦ ਅਜ ਰਹੇ ਲੁਤਫੋ ਕਰਮ ॥
ਗਰਦਦੋਸ ਦਰ ਰਾਹਿ ਇਰਫਾਂ ਮੁਹਤਰਿਮ ॥

(ਟੀਕਾ)ਪੁਨਾ ਜੋ ਕੋਈ ਪੜ੍ਹੇਗਾ ਰਸਤੇ ਸੇ ਮੇਹਰਬਾਨੀ ਅਰ ਕ੍ਰਿਪਾਕੇ ਭਾਵ ਦਿਲ ਲਗਾਕਰ ਪ੍ਰੇਮ ਸੇ ॥੧॥ ਹੋਵੇਗਾ ਓਹ ਬੀਚ ਰਸਤੇ ਗਯਾਨ ਵਾਨਾਂ ਦੇ ਪਤ ਅਰ ਹੁਰਮਤ ਵਾਲਾ ॥ ੨ ॥ ੪੯੯ ॥

( ਮੂਲ ) ਹਸਤ ਜਿਕਰੇ ਆਰਫਾਨੇ ਪਾਕ ਰਾ ॥
ਆਂ ਕਿਓ ਰੌਸਨ ਕੁਨਦ ਇਦਰਾਕਰਾ ॥

(ਟੀਕਾ) ਪੁਨਾ ਭਜਨ ਪਵਿਤ੍ਰ ਗਯਾਨਵਾਨਾ ਦਾ ਏਹ ਗ੍ਰੰਥ ਹੈ ਅਰ ਇਸ ਗ੍ਰੰਥ ਮੈਂ ਲਿਖਿਆ ਹੈ ॥ ੧ ॥ ਪੁਨਾ ਓਹ ਜੋ ਪ੍ਰਕਾਸ਼ਵਾਨ ਕਰਦੇ ਹੈਂ ਬੁਧੀ ਕੇ ਤਾਈਂ ਉਸਦੇ ਭਜਨ ਸੇਂ ਐਸੇ ਏਹ ਗ੍ਰੰਥਪ੍ਰਕਾਸ਼ ਕਰਨੇਵਾਲਾਹੈ।੨॥੫੦੦

ਪ੍ਰਸ਼ਨ । ਜਬ ਭਾਈ ਨੇ ਗ੍ਰੰਥ ਕੀ ਐਸੀ ਉਪਮਾ ਕਰੀ ਤਬ ਇਕ ਵਾਦੀ ਪਾਸ ਤੇ ਸੁਨਕਰ ਕਹਤਾ ਹੈ ਜੋ ਆਪਨੇ ਕਹਾ ਹੈ ਇਸ ਗ੍ਰੰਥ ਸੇ ਹ੍ਰਿਦੇ ਮੈ ਪ੍ਰਕਾਸ਼ ਹੋਤਾ ਹੈ ਸੋ ਪ੍ਰਕਾਸ਼ ਤੋ ਉਸਸੇ ਹੋਤਾ ਹੈ ਜਿਸਮੈ ਕੇਵਲ ਹਰੀ ਕਾ

Digitized by Panjab Digital Library | www.panjabdigilib.org

ਨਾਮ ਹੋਵੇ ਪਰ ਕੇਵਲ ਨਾਮ ਹੋਤਾ ਨਹੀ ਕੈਸੇ ਜੋ ਗ੍ਰੰਥੋਂ ਮੇ ਸਭ ਵਿਸ਼ੇ ਕਾਬ ਆਦੀ ਹੋਤੇ ਹੈਂ ਸੋ ਕਾਬ ਕੋ ਸੁਨਕੈ ਮਨ ਚੰਚਲ ਹੋਤਾ ਹੈ ਜਬ ਮਨ ਚੰਚਲ ਹੂਆ ਤਬ ਮਲਨ ਤਾਂਤੇ ਮਲਨ ਹੂਆ ਮਨਮੈ ਪ੍ਰਕਾਸ਼ ਨਹੀ ਹੋਤਾ ਏਹ ਨਿਰਨਾ ਕਬ ਕਹੀਏ ਜੀ ॥ ਉਤਰ

(ਮੂਲ) ਨੇਸਤ ਦਰ ਵੈ ਮੰਦਰਿਜਏ ਬਾ ਖਬਰ ॥
ਗੈਰ ਹਰਫੇ ਬੰਦਗੀ ਹਰਫੇ ਦਿਗਰ ॥

(ਟੀਕਾ) ਨਹੀ ਹੈ ਬੀਚ ਇਸ ਗ੍ਰੰਥ ਦੇ ਲਿਖਿਆ ਹੂਆ ਐ ਪਿਆਰੇ ਸਾਬ ਕਜਾਤ ਦੇ ਦੇਖ ॥ ੧ ॥ ਪੁਨਾ ਨਿਗਾਸੇ ਦੇਖ ਜੋ ਬਿਨਾ ਨਾਮ ਭਗਤੀ ਦੇ ਨਾਮ ਦੂਸਰੇ ਦਾ ਨਹੀ। ਭਾਵ ਇਸਮੈ ਦੇਵੀਦੇਵਤੇ ਦੀ ਉਪਾਸ਼ਨਾ ਨਹੀਂ ਲਿਖੀ ॥ ੨ ॥ ੪੯੧ ॥

(ਮੂਲ) ਯਾਦਿਹਕ ਸਰਮਾਯਹੇ ਰੌਸਨ ਦਿਲੀਸਤ ॥
ਗੈਰ ਯਾਦੇ ਹਕ ਹਮਹ ਬੇ ਹਾਸਲੀਸਤ ॥

(ਟੀਕਾ) ਪੁਨਾ ਦਿਲਾਂ ਦੇ ਪਕਾਸ਼ ਮਾਨ ਕਰਨੇ ਵਾਲੀ ਸਚੇ ਕੀ ਭਗਤੀ ਰੂਪੀ ਪੂੰਜੀ ਹੈ ਇਸ ਗ੍ਰੰਥ ਮੈਂ ॥ ੧ ॥ ਪ੍ਰਸ਼ਨ-ਆਪ ਨੇ ਤੋ ਸਾਰੇ ਗ੍ਰੰਥ ਮੇ ਕੇਵਲ ਭਗਤੀ ਕਰਨੀ ਹੀ ਲਿਖੀ ਹੈ ਪਰੰਤੂ ਹੋਰ ਗ੍ਰੰਥਾਂ ਮੈਂ ਅਨੇਕ ਪ੍ਰਕਾਰ ਦੇ ਕਰਮ ਕਰਨੇ ਭੀ ਜੀਵਾਂ ਵਾਸਤੇ ਸੰਸਾਰ ਮੈ ਲਿਖੇ ਹੈਂ ਤਾਂਤੇ ਆਪਕੋ ਉਹ ਭੀ ਲਿਖਨੇ ਚਾਹੀਦੇਸੇ॥ ਉਤਰ-ਹੇਭਾਈ ਬਿਨਾ ਭਗਤੀ ਸਚੇ ਕੀ ਸੇ ਤਮਾਮ ਕਰਮ ਬੇ ਨਫਾ ਹੀ ਹੈਂ ॥(ਪਰਮਾਨ)ਹਰਿ ਬਿਨ ਅਵਰ ਕ੍ਰਿਆ ਬਿਰਥੇ ॥ ੨ ॥ ੪੯੨ ॥

(ਮੂਲ) ਹਰਫ ਦੀਗਰ ਨੇਸਤ ਗੈਰ ਅਜ ਯਾਦਿਹਕ ॥
ਯਾਦਿ ਹਕ ਹਾਂ ਯਾਦਿ ਹਕ ਹਾਂ ਯਾਦਿ ਹਕ ॥

(ਟੀਕਾ) ਇਸਤੇ ਨਾਮ ਦੂਸਰਾ ਨਹੀਂ ਲਿਖਾ ਹੈ ਇਸ ਗ੍ਰੰਥ ਮੇ ਬਿਨਾ ਭਗਤੀ ਸਚੇਕੀ ਸੇ॥੧॥ਤਾਂਤੇ ਭਗਤੀ ਸਚੇਕੀ ਚਾਹੀਏ ਅਤਿਸੈ ਕਰਕੇ ੨ ਭਗਤੀ ਸਚੇ ਕੀ ਚਾਹੀਏ ॥ ੨॥ ਸਿਧਾਂਤ ਉਪਕ੍ਰਮ ਉਪਸੰਹਾਰ ਰੀਤੀ ਸੇ ਸਮਾਪਤਿ ਕਰਦੀਆ ਏਹ ਗ੍ਰੰਥ ॥ ੪੯੩ ॥

ਅਬ ਅਗੇ ਪਰਉਪਕਾਰ ਦ੍ਰਿਸਟੀ ਲੇਕਰ ਜੀਵਾਂ ਕੋ ਅਸਮਰਥ ਪ੍ਰਾਧੀਨ ਜਾਨਕੇ ਗ੍ਰੰਥ ਕੀ ਸਮਾਪਤੀ ਕੇ ਅੰਤਮੈ ਅਸੀਰਵਾਦ ਮੰਗਲ ਕਹਤੇ ਹੈਂ ਅਰ ਜਿਸਮੈ ਆਪਣੀ ਭੀ ਨਿੰਮ੍ਰਤਾ ਬੇਨਤੀ ਕਰੀ ਹੈ ॥

Digitized by Panjab Digital Library | www.panjabdigilib.org

(ਮੂਲ) ਯਾ ਇਲਾਹੀ ਹਰ ਦਿਲੇ ਪਯ ਮੁਰਦਹਰਾ।
ਸਬਜ ਕੁਨ ਹਰ ਖਾਤਰੇ ਅਫ ਸੁਰਦਹ ਰਾ।

(ਟੀਕਾ) ਹੇ ਅਲੱਖ ਵਾਹਿਗੁਰੂ ਤਮਾਮ ਦਿਲਾਂ ਮਾਨਿੰਦ ਮੁਰਦਿਆਂ ਕੇ ਤਾਂਈ ਸਬਜ ਕਰ ॥ ੧ ॥ ਪੁਨਾ ਤਮਾਮ ਹਿਰਦਿਆਂ ਸੜਿਆਂ ਹੋਯਾਂ ਕੇ ਤਾਂਈ ਹਰਾ ਕਰ। ਭਾਵ। ਜੋ ਪ੍ਰੇਮੀ ਕਰੈਂ ਤਾਂ ਤੇਰੇ ਭਜਨ ਮੈ ਲਗੈਂ ਅਰੁ ਇਨਾਂ ਕਾ ਭਲਾ ਹੋਵੈ॥ ਸਬਜ ਕੁਨ ਪਦ ਦੇਹਲੀ ਦੀਪਕ ਤਜਾਨੋ ॥ ੨ ॥੪੯੪

(ਮੂਲ) ਯਾ ਇਲਾਹੀ ਯਾਵਰੀ ਕੁਨ ਬੰਦਹ ਰਾ॥
ਸੁਰਖਰੂ ਕੁਨ ਹਰ ਦਿਲੋ ਸਰਮਿੰਦਹ ਰਾ॥

(ਟੀਕਾ) ਪੁਨਾ ਹੇ ਵਾਹਿਗੁਰੁ ਤੂੰ ਸਹਾਇਤਾ ਕਰ ਬੰਦਿਆਂ ਦੀ। ਭਾਵ ਤੇਰੀ ਸਹਾਇਤਾ ਕਰਕੇ ਵਿਕਾਰਾਂ ਤੇ ਰੈਹਤ ਹੋਵੈਂਗੇ ॥ ੧ ॥ ਪੁਨਾ ਤੂੰ ਸਨਮੁਖ ਕਰ ਤਮਾਮ ਜੀਵਾਂ ਸਰਮਿੰਦਿਆ ਕੇ ਤਾਂਈ। ਭਾਵ। ਇਹ ਜੀਵ ਵਿਕਾਰਾਂ ਤੇ ਹਟਕਰ ਗੁਰਾਂ ਕੇ ਸਨਮੁਖ ਹੋਵੈਂ ਤੇ ਭਜਨ ਕਰੈਂ ॥੨ ॥ ੪੯੫ ॥

(ਮੂਲ) ਦਰ ਦਿਲੇ ਗੋਯਾ ਹਵਾਏ ਸੌਕ ਬਖਸ ॥
ਬਰ ਜਬਾਨਸ ਜਰ੍ਹਹ ਅਜ ਜੌਕ ਬਖਸ ॥

(ਟੀਕਾ) ਗੋਯਾ ਭਾਈ ਜੀ ਕਹਿੰਦੇ ਹੈਂ ਜੋ ਹੇ ਵਾਹਿਗੁਰੂ। ਬੀਚ ਦਿਲਾਂ ਦੇ ਇਛਿਆ ਪ੍ਰੇਮ ਦੀ ਦੇਹ। ਭਾਵ। ਜਿਸ ਪ੍ਰੇਮ ਕੋ ਪਾਕਰ ਬ੍ਰਿਤੀ ਇਕਾਗ੍ਰ ਹੋਜਾਵੈ ॥ ੧ ॥ ਪੁਨਾ ਜੀਵਾਂ ਕੀ ਰਸਨਾ ਉਪ੍ਰ ਕਿਣਕਾ ਭਰ ਚਾਉ ਦੇਹ। ਭਾਵ। ਉਤਸ਼ਾਹ ਦੇਹ ਜਿਸ ਕਰ ਜੀਵ ਮਿਠਾ ਬੋਲੈਂ ਅਰੁ ਸਭ ਸੇ ਹਿਤ ਕਰੈਂ ॥੨ ॥ ੪੯੬ ॥ ਜੀਵਾਂ ਵਾਸਤੇ ਸੰਕੇਤਕ ਬਾਤ ਕਹਤੇ ਹੈਂ ॥

(ਮੂਲ) ਤਾ ਨ ਬਾਸਦ ਵਿਰਦਿ ਆਂ ਜੁਜ ਯਾਦਿ ਹਕ ॥
ਤਾ ਨ ਖਾਨਦ ਗੈਰ ਹਕ ਦੀਗਰ ਸਬਕ ॥

(ਟੀਕਾ) ਜੋ ਜੀਵ ਦੁਧਾ ਭਾਵ ਮੈ ਲਗੇ ਹੋਏ ਹੈਂ ਉਨਾਂ ਜੀਵਾਂ ਕਾ ਜਬ ਤਕ ਨਾ ਹੋਵੈ ਵਿਰਦ ਨੇਮ ਸਚੇ ਕੀ ਭਗਤੀ ਬਿਨਾ। ਭਾਵ। ਜਬ ਤਕ ਦੇਵਤਿਆਂ ਕੀ ਉਪਾਸਨਾਂ ਕੇ ਤਯਾਗਨ ਕਾ ਸੰਕਲਪ ਦ੍ਰਿੜ ਨਹੀ ਹੁੰਦਾ ॥ ੧ ॥ ਤਬ ਤਕ ਨਾਂ ਪੜ੍ਹੈਂ ਬਿਨਾਂ ਸਚੇ ਕੀ ਭਗਤੀ ਸੇ ਦੂਜੀ ਸੰਥਾ। ਭਾਵ। ਤਬ ਤਕ ਸਚੇ ਕੀ ਭਗਤੀ ਕੇ ਗ੍ਰੰਥੋਂ ਕੀ ਖ਼ਬਰਦਾਰਤਾ ਪੜੈਂ ਸੁਣਾਵਣਾਂ ਕਰੇਂ ਸੁਨੈ ਧਾਰੈਂ ਜਿਸ ਕਰ ਜੀਵਾਂ ਕੇ ਰਿਦੇ ਮੈ ਭਗਤੀ ਕਾ ਨਿਜਮ ਦ੍ਰਿੜ ਹੋਣੇ ਤੇ ਜੀਵ ਮੋਖ ਹੋ ਜਾਵੇਂ ਤੇ ਜੂਨਾਂ ਮੈ ਫੇਰ ਨਾਂ ਭਟਕੈਂ ॥੨॥੪੯੭ ॥

Digitized by Panjab Digital Library | www.panjabdigilib.org

**(ਮੂਲ) ਤਾ ਨਗੀਰਦ ਗੈਰ ਨਾਮਿ ਜਿਕਰ ਹਕ ॥**
**ਤਾ ਨ ਗੋਇਦ ਹਰਫ ਗੈਰ ਅਜ ਫਿਕਰ ਹਕ ॥**

(ਟੀਕਾ)ਪੁਨਾ ਜਬ ਨੇਮ ਦ੍ਰਿੜ ਹੋਜਾਵੈ ਤਬ ਨਾਂ ਪਕੜੈ ਨਾਮ ਦੂਸਰਾ ਬਿਨਾਂ ਭਜਨ ਸਚੇਕੇ ਸੇ ॥ ਭਾਵ। ਵਾਹਿਗੁਰੂ ਕਾ ਹੀ ਭਜਨ ਕਰੈਂ ਹੋਰਕਾ ਨਾਮ ਨਾਂ ਲੇਵੈਂ॥੧॥ ਪੁਨਾ ਜਬ ਨੇਮ ਦ੍ਰਿੜ ਹੋਜਾਵੈ ਭਜਨ ਕਾ ਜੀਵਾਂ ਕੋ ਤਬ ਨਾਂ ਪੜੈਂ ਹੋਰ ਅਖਰ ਬਿਨਾਂ ਸਚੇਕੇ ਧਜਾਨ ਸੇ॥ ਭਾਵ। ਵਾਹਿਗੁਰੂ ਕੇ ਭਜਨ ਤੇ ਧਜਾਨ ਬਿਨਾਂ ਹੋਰ ਗ੍ਰੰਥ ਨਾ ਪੜੈਂ ਜੇਕਰ ਪੜਨਾ ਚਾਹਵੈ ਤਾਂ ਓਹੀ ਗ੍ਰੰਥ ਪੜ੍ਹੈਂ ਜਿਸਕਰ ਵਾਹਿਗੁਰੂ ਮੈਂ ਧਜਾਨ ਲਗੈ ॥੨॥ ੪੯੮॥

ਅਬ ਹੰਗਤਾ ਦੀ ਨਵਿਰਤੀ ਅਰ ਨਾਸਤਕਮਤ ਭ੍ਰਾਂਤੀ ਕੀ ਨਵਿਰਤੀਵਾਸਤੇ ਅੰਤ ਮੈ ਆਪਣੀ ਪ੍ਰਾਰਥਨਾ ਸੇ ਕਹਤੇ ਹੈਂ ॥

**(ਮੂਲ) ਦੀਦਹ ਅਜ ਦੀਦਾਰ ਹਕ ਪੁਰ ਨੂਰ ਕੁਨ ॥**
**ਗੈਰ ਹਕ ਅਜ ਖਾਤਰ ਦਿਲ ਦੂਰ ਕੁਨ ॥**

(ਟੀਕਾ) ਹੇ ਸਚੇ ਵਾਹਿਗੁਰੂ ਨੇਤ੍ਰ ਦਰਸ਼ਨ ਸੇਂ ਅਰ ਸਰੂਪਸੇਂ ਪੂਰਨ ਪ੍ਰਕਾਸ਼ ਵਾਲੇਕਰ॥ ਭਾਵ। ਆਪਣਾ ਦਰਸ਼ਨ ਦੇਹ ਅਰ ਸਰੂਪਕੀ ਪ੍ਰਾਪਤੀ ਦੇਹ ॥੧॥ ਪੁਨਾ ਬਿਨਾਂ ਸਚੇ ਨਾਮ ਸੇਂ ਅਰ ਸਚੇ ਸਰੂਪ ਕੀ ਪ੍ਰਾਪਤੀ ਸੇਂ ਇਛਿਆ ਦਿਲਦੀ ਦੂਰਕਰ॥ ਭਾਵ। ਸਚਾ ਨਾਮ ਜਪੈਂ ਅਰ ਸਚ ਸਰੂਪ ਕੋ ਪੂਰਨ ਪਛਾਣੇਂ ਜਿਸਕਰ ਆਨਾਜਾਨਾ ਛੁਟੈ ॥੨॥੪੯੯॥ ਤਸਨੀਫਗੋਯਾਃ ਇਹਬੈਂਤ ਚਾਰ ਸੌ ਨੜਿੰਨਵੇ ਭਾਈ ਨੰਦਲਾਲ ਸਿੰਘ ਜੀਕੀ ਰਸਨਾਕੇ ਵਾਕ ਹੈਂ

ਸ੍ਰੀ ਅਸਿਧੁਜ ਜਬ ਭਏ ਦਿਆਲਾ ॥ ਪੂਰਣ ਕਰਾ ਗ੍ਰੰਥ ਤਤਕਾਲਾ ॥

ਸੰਪੂਰਨੰ ॥ ੧ ॥

## ਸੁਧੀਪਤ੍ਰ ਜਿੰਦਗੀ ਨਾਮੇ ਦਾ

| ਸਫਾ | ਸਤ੍ਰ | ਅਸ਼ੁਧੀ | ਸ਼ੁਧੀ |
|---|---|---|---|
| ੨ | ੧ | ਸਾਇਨਾ | ਮਾਇਨਾ |
| ੨ | ੪ | ਡਰ | ਡੇਰੇ |
| ੨ | ੭ | ਜ਼ੀ | ਜੋ ਜੀ |
| ੨ | ੮ | ਮੇਨੇ | ਮੈਨੇ |
| ੨ | ੩੨ | ਅਪਨੇ | ਆਪਨੇ |
| ੪ | ੧੮ | ਬਿਚਰਾ | ਬਿਚਾਰਾ |
| ੪ | ੨੧ | ਜੀਕੋ | ਜੀਕੇ |

Digitized by Panjab Digital Library | www.panjabdigilib.org

| ਸਫਾ | ਸਤ੍ਰ | ਅਸ਼ੁਧੀ | ਸ਼ੁਧੀ |
|---|---|---|---|
| ੪ | ੩ | ਐਸੇ | ਐਸੇ |
| ੪ | ੫ | ਲਿਖਤੇ | ਲਿਖਤੇ ਹੈਂ |
| ੪ | ੧੩ | ਵਾਲਜੋਕੋਈਕਠਨ | ਵਾਲਜੋਕੋ ਪੜਨਾ ਕਠਨ |
| ੪ | ੧੭ | ਜੇਸੇ | ਜੈਸੇ |
| ੫ | ੪ | ਰਮਨੈ | ਹਮਨੈ |
| ੫ | ੬ | ਦਿਨ | ਬਿਤ |
| ੫ | ੮ | ਟਾਮ | ਰਾਮ |
| ੫ | ੧੧ | ਐਸੇ ਕਹਤ ਹੇ | ਐਸੇ ਕਹਤੇ ਹੈਂ |
| ੫ | ੨੦ | ਪਗਟਾਇ | ਪ੍ਰਗਟਾਇ |
| ੫ | ੨੩ | ਵੇਸੇ | ਵੈਸੇ |
| ੬ | ੨ | ਜਾਬੇ | ਜਾਦੇ |
| ੬ | ੩ | ਝਾਗ | ਝਾਰ |
| ੬ | ੪ | ਸੁਜਾਨਾ | ਸੁਜਾਨ |
| ੬ | ੭ | ਸਬਿਤ | ਸਬਿਤ ਭਯੋ |
| ੬ | ੭ | ਸਾਹਿਬ | ਸਾਹਿਬਸਿੰਘ |
| ੬ | ੧੬ | ਧਰੇਹਾ | ਧਰੇਹ |
| ੬ | ੨੧ | ਚਿਤ੍ਰ | ਭਿਤ੍ਰ |
| ੬ | ੨੨ | ਜਨਸ | ਜਨਮ |
| ੬ | ੨੬ | ਬਿੰਦਨ | ਬੰਦਨ |
| ੬ | ੨੬ | ਗੁਰਜ | ਗਹਜ |
| ੭ | ੪ | ਕੋ ਕਾਜਾ | ਕੇ ਕਾਜ |
| ੭ | ੪ | ਜੇਸੇ | ਜੈਸੇ |
| ੭ | ੫ | ਮਾਝਾ | ਮਾਝ |
| ੭ | ੫ | ਪਦਕੋ | ਸਭ ਪਦ ਕੋ |
| ੭ | ੫ | ਉਚਾਰਾ | ਉਚਰਾ |
| ੭ | ੭ | ਇਸ | ਇਸ੍ਰ |
| ੭ | ੧੦ | ਉਰ | ਉਤ |
| ੭ | ੨੧ | ਭਦੀ | ਸਭਦੀ |
| ੮ | ੨੧ | ਐ | ਐ |
| ੮ | ੨੨ | ਤੂੰਬੀ | ਤਾਬੂੰਬੀ |
| ੮ | ੨੩ | ਐ | ਐ |
| ੮ | ੨੪ | ਪਸਨ | ਪ੍ਰਸ਼ਨ |
| ੮ | ੨੬ | ਊਸਮੇ | ਊਸਸੇ |

Digitized by Panjab Digital Library | www.panjabdigilib.org

| ਸਫ਼ਾ | ਸਤ੍ਰ | ਅਸ਼ੁਧੀ | ਸ਼ੁਧੀ |
|---|---|---|---|
| ੯ | ੨੭ | ਕੌਨਤਿ | ਕੌਨਪ੍ਰਤਿ |
| ੯ | ੬ | ਵਿ੍ਸਾਂਤ | ਵਿ੍ਸ਼ਾਂਤ |
| ੯ | ੧੦ | ਐਸੇ | ਐਸੇ |
| ੧੧ | ੫ | ਨਮ | ਨਾਮ |
| ੧੨ | ੨੫ | ਬਾਸ | ਬਾਸਦ |
| ੧੩ | ੨੬ | ਕਹਏ | ਕਹੀਏ |
| ੧੪ | ੧੪ | ਸਾਧਨਾਂ | ਸਾਧਨਾਂਤੇ |
| ੧੫ | ੧ | ਪ੍ਰੇਮ | ਪ੍ਰੇਮਾ |
| ੧੫ | ੧ | ਰਯੇ | ਰਜੋ |
| ੧੫ | ੧੧ | ਅਤ | ਅਰੁ |
| ੧੫ | ੧੪ | ਪ੍ਰੈਮ | ਪ੍ਰੇਮ |
| ੧੫ | ੨੧ | ਦਆ | ਦਿਆ |
| ੧੫ | ੨੫ | ਸਇਸੀ | ਸੋ ਇਸੀ |
| ੧੬ | ੪ | ਓ ਪ੍ਰੇਮ ਸੇ ਆਂਵਦੇ ਹੈ | ਏਹ ਵਾਧੂ ਹੈ |
| ੧੬ | ੯ | ਓਹੁ ਪ੍ਰੇਮ ਸੇ ਆਵਦੇ ਹੈ | ਏਹ ਲਾ ਲੈਨਾ |
| ੧੬ | ੧੦ | ਨਾਹੇ | ਮਾਹੇ |
| ੧੬ | ੧੬ | ਬੇਰਨਾ | ਬੇਠਨਾਂ |
| ੧੬ | ੨੩ | ਹੈ ਭਾਈ | ਹੇ ਭਾਈ |
| ੧੮ | ੩ | ਖੇਸ ਏ | ਖੋਸਏ |
| ੧੮ | ੨੫ | ਚਰਚ | ਚਰਜ |
| ੨੦ | ੨ | ਖਰਤ | ਖਚਤ |
| ੨੦ | ੧੪ | ਸੌਮੈਂ | ਸੌ ਮੈਂਤ |
| ੨੦ | ੨੫ | ਕਰਦਾ | ਕਰਦ |
| ੨੧ | ੨੦ | ਸਜੂਦਾ | ਸਜੂਦ |
| ੨੨ | ੨ | ਅਰੂ | ਅਰੁ |
| ੨੩ | ੧੩ | ਨਜਾਵੀ | ਨਜਵੀ |
| ੨੩ | ੨੨ | ਲਿਯੋਕੇ ਪੂਲੇ | ਲਜੋਕੋ ਪਰਲੋ |
| ੨੪ | ੧੪ | ਖ੪ਤ | ਖੁਚਤ |
| ੨੫ | ੧੯ | ਵਧੀਰ | ਵਧੀਕ |
| ੨੬ | ੨੨ | ਹਰ | ਹੋਰ |
| ੨੬ | ੨੭ | ਲੈਨ | ਲੈਣੇ |
| ੨੬ | ੨੭ | ਖ | ਖਬਰ |
| ੨੭ | ੨੨ | ਵਿਰਸਾਂਤ | ਵਿ੍ਸ਼ਾਂਤ |

Digitized by Panjab Digital Library | www.panjabdigilib.org

| ਸਫਾ | ਸਤ੍ਰ | ਅਸ਼ੁਧੀ | ਸ਼ੁਧੀ |
|---|---|---|---|
| ੨੭ | ੨੪ | ਵਿਸੇ | ਵਿਸਟੇ |
| ੨੮ | ੧੪ | ਜਭਤੇ | ਸਭਤੋਂ |
| ੨੮ | ੨੨ | ਜਾਤਾਸ੍ਰੂਪ | ਜਾਤ ਸਰੂਪ |
| ੩੧ | ੧੭ | ਕੇਸੇ | ਕੈਸੇ |
| ੩੧ | ੨੧ | ਦਇਮਾ | ਦਾਇਮਾਂ |
| ੩੧ | ੨੬ | ੦ | ਮੂਃ |
| ੩੨ | ੨ | ਕਿਹਾ | ਕਿਆ |
| ੩੨ | ੨੦ | ਰੂਤਹ | ਰੂਪਹੈ |
| ੩੨ | ੨੦ | ਜੀਵਨ ਦੀ | ਜੀਵਨੇ ਦੀ ਦੇ |
| ੩੨ | ੨੨ | ਸਰੇ | ਸਰੇ |
| ੩੩ | ੩ | ਬਿਹਾਰ | ਬਿਹਾਰ ਕਰ |
| | | | ਸਭੀ ਘਟ ਰਾਮ ਬੋਲੈ |
| ੩੩ | ੪ | | ਰਾਮਬਿਨਾ ਕੋ ਬੋਲੈਰੇ |
| ੩੩ | ੪ | | ਬ੍ਰਹਮਕਾਰੇਨੇਵਾਲਾਸਥਾਨਕੌਨਹੈ |
| ੩੩ | ੧੮ | ਲਰਤਾ | ਲਗਤਾ |
| ੩੩ | ੨੨ | ਸਰੂ | ਸਰੂਪ |
| ੩੩ | ੨੪ | ਕਕਤੇ | ਕਰਤੇ |
| ੩੩ | ੨੪ | ਭਾਈਕ | ਭਾਈ ਜੀ |
| ੩੪ | ੩ | ਲਕ | ਲੋਕ |
| ੩੪ | ੪ | ਲੋਕ | ਵਾਪੂ ਹੈ |
| ੩੪ | ੨੩ | ਸਲਕ | ਸਲੋਕ |
| ੩੫ | ੧ | ਬੈਠੀਹੈ | ਬੈਠਾ ਹੈ |
| ੩੫ | ੨ | ਸਾਯ | ਸਾਥ |
| ੩੫ | ੨ | ਸਤਾ | ਸਭੀ |
| ੩੬ | ੯ | ਪਰਨੇ | ਪੜਨੇ |
| ੩੬ | ੨੨ | ਦਿਲਾਹਾ | ਦਿਲਹਾ |
| ੩੬ | ੨੩ | ਬਿਲ | ਦਿਲ |
| ੪੦ | ੧੬ | ਦੇਤੇ | ਦੇਤੇ |
| ੪੦ | ੨੦ | ਪਰਖਤ | ਪ੍ਰਤਖ |
| ੪੧ | ੬ | ਬ੍ਰਹਨ | ਬ੍ਰਹਮ |
| ੪੧ | ੧੩ | ਚੇਤਨਸੇ | ਚੇਤਨ ਕੇ ਸੇ |
| ੪੧ | ੨੫ | ਦਾਇਸ | ਦਾਇਮ |
| ੪੩ | ੨੧ | ਮੇਮਰ | ਮੇਸਰ |



Digitized by Panjab Digital Library | www.panjabdigilib.org

| ਸਫਾ | ਸਤ੍ਰ | ਅਸ਼ੁਧਾ | ਸ਼ੁਧੀ |
|---|---|---|---|
| ੪੪ | ੧ | ਹਸਟ | ਹਸਤ |
| ੪੪ | ੭ | ਸੋ | ਸ |
| ੪੬ | ੭ | ਦਾਦੂ | ਦਾਰੂ |
| ੪੭ | ੧੨ | ਸਰੂਰ | ਸਰੂਪ |
| ੫੦ | ੯ | ਸੋਕਿ | ਸ਼ੌਕ |
| ੫੦ | ੧੦ | ਸਾਹਿਬਾ | ਸਾਹਿਬ |
| ੫੦ | ੧੨ | ਸੋਕ | ਸ਼ੋਕ |
| ੫੦ | ੧੩ | ਪ੍ਰਾਤਤੀ | ਪ੍ਰਾਪਤੀ |
| ੫੨ | ੨ | ਫਕੀਰ | ਫਕੀਰੀ |
| ੫੨ | ੮ | ਹੈਵੇ | ਹੋਵੇ |
| ੫੩ | ੯ | ਪ੍ਰਮਾਨ | ਪ੍ਰਸ਼ਨ |
| ੬੦ | ੮ | ਤਰੇ | ਤੇਰੇ |
| ੬੨ | ੧੦ | ਯਾਦ | ਦਯਾ |
| ੬੪ | ੨ | ਬਦਨ | ਬਚਨ |
| ੬੪ | ੧੧ | | ਭਾਵ ਸਚੇ ਕੀ ਪ੍ਰਾਪਤੀ ਕੇ ਸੁਖਾਲੇ ਨਿਰਨੇ ਸਿਖ੍ਯਾ ਬਰਖੇ ਹੈਂ |
| ੬੮ | ੬ | ਰੈਤੇ ਹੈਂ | ਰਹਤੇ ਹੈਂ |
| ੭੦ | ੧੬ | ਸੂਰਸ | ਸੂਰਜ |
| ੭੨ | ੨੫ | | ਉਸੁ ਪ੍ਰਗੁਰੂ ਪ੍ਰਸੰਨ ਹੋਤੇ ਹੈਂ ਸਭ |
| ੭੩ | ੯ | ਵਾਲ | ਵਾਲਾ |
| ੮੪ | ੩ | ਹਵੇਹੈ | ਸੋਵੇ ਹੈਂ |
| ੮੪ | ੨੪ | ਸੰਤਾਕ | ਸੰਤਾਕੀ |
| ੮੫ | ੧੭ | ਮਿਟੀਸ | ਮਿਟੀਸੇ |
| ੯੨ | ੧੧ | ਸੁ | ਸੁਦ |
| ੯੩ | ੩ | ਹਕੀਕ | ਹਕੀਕਤ |
| ੯੩ | ੩ | ਬਹਮਨੇ | ਬ੍ਰਹਮਨੇ |
| ੯੪ | ੨ | ਦ੍ਰਾਸਾਂਤ | ਦ੍ਰਿਸ਼ਟਾਂਤ |
| ੧੦੧ | ੮ | ਸ੍ਰੀਰਤੋ | ਸ੍ਰੀਰਕੋ |
| ੧੦੧ | ੨੭ | ੭ਬ | ਹਬ |
| ੧੦੫ | ੧੮ | ਜ਼ਹਰ | ਜ਼ਾਹਰ |
| ੧੧੭ | ੨ | ਹਵੇ | ਹੋਵੇ |

ਇਤਿ

Digitized by Panjab Digital Library | www.panjabdigilib.org

by Panjab Digital Library | www.panja

# ਵਿਗਿਆਪਨ

ਸਰਬ ਪਾਠਕਾਂ ਪ੍ਰਤਿ ਵਿਦਤਹੋਵੇ ਕਿ ਗ੍ਰੰਥ ਰਹਿਤ
ਨਾਮਾ ਜੋ ਭਾਈ ਨੰਦਲਾਲ ਸਿੰਘ ਜੀ ਨੇ ਦਸ
ਪਾਤਸ਼ਾਹ ਜੀ ਦੇ ਹਜ਼ੂਰ ਗੁਰੂ ਜੀ ਦੀ ਆਗਯਾਨੁਸਾ
ਭਾਈ ਮਨੀਸਿੰਘ ਜੀ ਆਦੀ ਸਬ ਸੰਗਤ ਨੂੰ ਅਰਥ
ਸਹਿਤ ਸੁਣਾਯਾ ਸੀ ਸੋ ਸੰਪ੍ਰਦਾਈ ਟੀਕਾ ਸ੍ਰੀ ਮਾਨ
ਸੰਤ ਖਾਲਸਾ ਸਰੂਪਸਿੰਘਜੀ ਗਯਾਨੀ ਕ੍ਰਿਤ ਛਪਕਰ
ਤਿਆਰ ਹੋਗਿਆ ਹੈ ਸਫੇ ੧੫੨ ਹਨ ਅਕਾਰ ਵਡਾ
ਕਾਗਜ਼ ਚੰਗਾ ਡਮਈ ਕੀਮਤ ਛੇ ਆਨੇ ।=)

**ਗੁਰਪੁਰਬ ਪ੍ਰਕਾਸ਼** ਅਰਥਾਤ ਦਸਮ ਪਾਤਸ਼ਾਹ
ਜੀਦਾ ਆਗਮਨ ਜਿਸਤ੍ਰਾਂ ਸੰਸਾਰ ਵਿਚ ਹੋਯਾ ਹੈ ਅਰ
ਗੁਰੂ ਜੀ ਨੇ ਆਪ ਸ੍ਰੀਮੁਖਵਾਕ ਬਚਿਤ੍ਰ ਨਾਟਕ ਵਿਚ
ਕਥਨ ਕੀਤਾ ਹੈ ਉਸ ਬਾਨੀ ਦਾ ਸੰਪ੍ਰਦਾਈ ਟੀਕਾ
ਕ੍ਰਿਤ ਸ੍ਰੀ ਮਾਨ ਸੰਤਖਾਲਸਾ ਸਰੂਪਸਿੰਘਜੀ ਗਯਾਨੀ
ਛਪਗਿਆ ਹੈ ਅਖਰ ਮੋਟੇ ਸਫੇ ੮੦ ਕੀਮਤ ।)

**ਜ਼ਫਰਨਾਮਾ ਸਟੀਕ** ਇਸਦਾ ਟੀਕਾ ਭੀ ਸੰਪ੍ਰ-
ਦਾਇਦੇ ਅਨੁਸਾਰ ਸ੍ਰੀਮਾਨ ਸੰਤ ਖਾਲਸਾ ਸਰੂਪਸਿੰਘ
ਜੀ ਗਿਆਨੀਨੇ ਬੜੀ ਮਿਹਨਤ ਨਾਲ ਤਿਆਰਕਰਕੇ
ਛਪਵਾਯਾ ਹੈ ਅਰ ਥੋੜੇ ਦਿਨਾ ਤਕ ਤਯਾਰਹੋਜਾਏਗਾ॥

ਪੁਸਤਕਾਂ ਮਿਲਨ ਦਾ ਪਤਾ

ਮੈਨੇਜਰ ਸ੍ਰੀਗੁਰਮਤ ਪ੍ਰੇਸ ਅਮ੍ਰਿਤਸਰ
ਅਰ ਹੋਰ ਮਸ਼ਹੂਰ ਦੁਕਾਨਦਾਰਾਂਪਾਸੋਂ ਭੀ ਮਿਲਦੇਹੈਂ

Digitized by Panjab Digital Library | www.panjabdigilib.org

by Panjab Digital Library | www.panja

ਸੰਃ ਨਾਃ ੪੫੦

ਨੋਟ-ਮੋਟੇ ਟਾਈਪ ਵਿਚ ਅੰਗ੍ਰੇਜ਼ੀ ਤਰੀਕਾਂ ਤੇ ਬਰੀਕ ਟਾਈਪਵਿਚ ਦੇਸੀ ਹਨ

## ਗੁਰਪੁਰਬ

ਸ੍ਰੀ ਗੁਰੂ ਹਰਿਰਾਇ ਜੀ ਪਾਃ ੭
ਮਾਘ, ਸੁਦੀ ੧ ਫਰਵਰੀ ੧੨

## ਛੁਟੀਆਂ

ਬਸੰਤ ਪੰਚਮੀ ੫ ਫਰਵਰੀ।
ਮੇਲਾ ਕੋਠਾ ਸਾਹਿਬ ੧੪ ਫਰਵਰੀ

---

ਫਲਗੁਣਿ ਅਨੰਦ ਉਪਾਰ ਜਨਾ ਹਰਿ ਸਜਣ ਪ੍ਰਗਟ ਆਇ॥ ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ। ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ। ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿਰਾਇ॥ ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ। ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ॥ ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ॥ ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ॥ ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ॥ ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ॥ ੧੩॥

---

ਮਾਘ
ਫੱਗਣ
ਫ…
ਪੂਰਨ…

੧੯੧੯ ਸੰਗ੍ਰਾਂਦ ੧੨ ਫਰਵ…

| | |
|---|---|
| ਐਤਵਾਰ | |
| ਸੋਮਵਾਰ | |
| ਮੰਗਲਵਾਰ | |
| ਬੁਧਵਾਰ | |
| ਵੀਰਵਾਰ | |
| ਸ਼ੁਕ੍ਰਵਾਰ | |
| ਸ਼ਨੀਵਾਰ | ੧ ੨੦ |

ਭਾਈ ਬੂਟਾ ਸਿੰਘ
ਪੁਸਤਕਾਂ ਵਾਲੇ
Buta Singh Pa…
AM…

ਕਵ੍ਹਾਨੀਨ ਹਿੰਦ ਪ੍ਰੈਸ

Digitized by Panjab Digital Library | www.panjabdigilib.org

Panjab Digital Library | www.panj

ایشیر ۱۱ سن

Panjab Digital Library | www.panj

Panjab Digital Library | www.pa

anjab Digital Library | www.pa

B-1267

Digitized by Panjab Digital Library | www.panjabdigilib.org

Digitized by Panjab Digital Library | www.panjabdigilib.org